
20/-

Monthly Atam Marg Magazine, August 2006

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

# ਆਤਮ ਮਾਰਗ



ਗੁਰੂ ਕੀ ਕਾਂਸ਼ੀ ਤਖਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ, ਰਤਵਾੜਾ ਸਾਹਿਬ

Vishav Gurmat Roohani Mission Charitable Trust, Ratwara Sahib,

ਸਾਲ ਬਾਰ੍ਵਾਂ ਅੰਕ ਪੰਜਵਾਂ, ਮਹੀਨਾ ਅਗਸਤ 2006
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ
ਫਾਉਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ

## ਤੱਤਕਰਾ


| | |
|---|---|
| 1. ਬਾਰਾਮਾਹ | 2 |
| 1.ਸੰਪਾਦਕੀ | 3 |
| 2.ਚਉਥੈ ਪਹਰਿ ਸਬਾਹ ਕੈ | 5 |
| 3. ਐਸੋ ਸਹਾਈ ਹਰਿ ਕੋ ਨਾਮੁ | 11 |
| 4. ਹਿਮਾਲੀਅਨ ਯੋਗੀ ਦਾ ਸੰਗ | 23 |
| 5. ਸੂਰਬੀਰ ਬਚਨ ਕੇ ਬਲੀ | 28 |
| 6. ਭਾਗਠੜੇ ਹਰਿ ਸੰਤ ਤੁਮਾਰੇ | 35 |
| 7. ਸੰਤ ਬਿਮਲਾ ਸਿੰਘ ਜੀ | 40 |
| 8. ਸਤਿ ਬਚਨ ਸਾਧੂ ਸਭ ਕਹਿ | 54 |
| 9. ਯੋਗਾ ਉਪਰ ਲੈਕਚਰ | 55 |



### FOREIGN (ਵਿਦੇਸ਼) CONTACT NO.

**U.S.A. - Baba Satnam Singh ji Atwal**
Phone and Fax : 408-263-1844
**Canada - Bhai Sarmukh Singh Pannu**
Phone - 604-433-0408
**Bibi Sukhvinder Kaur Bains**
Phone : 403-270-3387
**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058
**Holland - Bhai Amrik Singh ji**
Phone : 624-695-753,
Fax : 765-426-805 /765-715-821
**Australia - Bhai Jiwan Singh ji**
Phone : 03-943-65865, Fax : 03-943-65867


### SUBSCRIPTION FOREIGN (ਵਿਦੇਸ਼)

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |


**Postal Address for 'ATAM MARG' Enquiry, Money Order & correspondence**
Head Office 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar,
Distt. Ropar-140901 Pb. India.

**Office 'Atam Marg' Ph. No. - 0160-2255002, 2255009**
**Gurdwara Ishar Parkash Ratwara Sahib - 0160-2255001**
**For more information please visit us on internet at:-**
**,Email : atammarg1@yahoo.co.in**
Website: www.ratwarasahib.org
www.atammarguk.com



**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।


### SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- (For outstation cheques) | |


### ਸੰਪਰਕ ਨੰ. ਰਤਵਾੜਾ ਸਾਹਿਬ

| | |
|---|---|
| ਪਰਮ ਸਤਿਕਾਰ ਯੋਗ ਬੀਜੀ | 9417214381 |
| **'ਆਤਮ ਮਾਰਗ' ਮੈਗਜ਼ੀਨ ਨਾ ਮਿਲਣ ਤੇ ਕਿਸੇ ਵੀ ਟਾਈਮ ਸੰਪਰਕ ਨੰਬਰ** | **9417214391,80,79** |
| ਅਖੰਡਪਾਠ ਬੁਕਿੰਗ | 9417214386 |
| ਸਕੂਲ ਟਰਾਂਸਪੋਰਟ | 9417214384 |
| ਆਈ.ਟੀ. ਕਾਲਜ | 9417214382 |
| ਆਡੀਓ ਵੀਡੀਓ ਲਾਇਬ੍ਰੇਰੀ | 9417214385 |


**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 926 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ

*ਸਾਵਣਿ ਸਰਸ ਮਨਾ, ਘਣ ਵਰਸਹਿ ਰੁਤਿ ਆਏ॥*
*ਮੈ ਮਨਿ ਤਨਿ ਸਹੁ ਭਾਵੈ, ਪਿਰ ਪਰਦੇਸਿ ਸਿਧਾਏ॥*
*ਪਿਰੁ ਘਰਿ ਨਹੀ ਆਵੈ, ਮਰੀਐ ਹਾਵੈ,*
*ਦਾਮਨਿ ਚਮਕਿ ਡਰਾਏ॥*
*ਸੇਜ ਇਕੇਲੀ ਖਰੀ ਦੁਹੇਲੀ, ਮਰਣੁ ਭਇਆ*
*ਦੁਖੁ ਮਾਏ॥*
*ਹਰਿ ਬਿਨੁ ਨੀਦ ਭੂਖ ਕਹੁ ਕੈਸੀ, ਕਾਪੜੁ ਤਨਿ ਨ*
*ਸੁਖਾਵਏ॥*
*ਨਾਨਕ ਸਾ ਸੁਹਾਗਣਿ ਕੰਤੀ, ਪਿਰ ਕੈ ਅੰਕਿ ਸਮਾਵਏ॥*
*ਅੰਗ – 1108*

**ਭਾਵ ਅਰਥ :–**

ਸਾਵਣ ਮਹੀਨਾ ਬਹੁਤ ਹੀ ਸੁਹਾਵਣਾ ਵਰਖਾ ਰੁਤ ਦਾ ਮਹੀਨਾ ਹੈ, ਜਦੋਂ ਮੌਨਸੂਨ ਦੀਆਂ ਠੰਢੀਆਂ ਹਵਾਵਾਂ ਦੀਆਂ ਬੁਛਾੜਾ ਜਲਦੀ ਬਲਦੀ ਧਰਤੀ ਨੂੰ ਠੰਢਕ ਬਖਸ਼ਦੀਆਂ ਹਨ। ਮਹਾਂਪੁਰਸ਼ਾਂ ਦੇ ਅਨੁਭਵ ਅਨੁਸਾਰ ਸਾਵਣ ਮਹੀਨੇ ਵਿਚ ਸੌ ਵਾਰ ਬੱਦਲ ਦੀਆਂ ਕਾਲੀਆਂ ਘਟਾਵਾਂ ਚੜ੍ਹ ਚੜ੍ਹ ਕੇ ਆਉਂਦੀਆਂ ਹਨ। ਮਨੁੱਖ ਉਪਰ ਇਨ੍ਹਾਂ ਹਵਾਵਾਂ ਦਾ ਅਨੰਦ ਮਈ ਅਸਰ ਤਾਂ ਹੁੰਦਾ ਹੀ ਹੈ, ਮੋਰ ਵਰਗੇ ਪੰਛੀ ਵੀ ਕਾਲੀਆਂ ਘਟਾਵਾਂ ਨੂੰ ਵੇਖ ਕੇ ਰੁਣ ਝੁਣ ਲਾਉਂਦੇ ਹੋਏ ਪੈਲਾਂ ਪਾ ਕੇ ਖੁਸ਼ੀ ਦਾ ਇਜ਼ਹਾਰ ਕਰਦੇ ਹਨ। ਸਾਵਣ ਵਿਚ ਵਰਖਾ ਦੀ ਰੁਤ ਆਉਣ ਤੇ ਹੇ ਮੇਰੇ ਮਨਾ ਤੂੰ ਵੀ ਨਾਮ ਰਸ ਨੂੰ ਮਾਣ ਕੇ ਆਪਣੇ ਅੰਦਰ ਉਤਸ਼ਾਹ ਉਤਪੰਨ ਕਰ। ਜਿਵੇਂ ਪਤੀ ਵਿਹੂਣੀ ਇਸਤਰੀ ਜਿਸ ਦਾ ਪਤੀ ਪ੍ਰਦੇਸ ਗਿਆ ਹੋਇਆ ਹੈ, ਉਸ ਨੂੰ ਚਮਕਦੀ ਬਿਜਲੀ ਗਰਜਦੇ ਬਦਲ ਡਰਾਉਂਦੇ ਹਨ। ਜੀਵ ਰੂਪੀ ਨੂੰ ਇਸਤਰੀ ਪਤੀ ਵਿਛੋੜੇ ਕਾਰਨ ਨਾ ਨੀਂਦ, ਨਾ ਭੁੱਖ ਅਤੇ ਨਾ ਹੀ ਕੱਪੜੇ ਤਨ ਨੂੰ ਸੁਖ ਦਾਇਕ ਹਨ। ਉਹ ਹੀ ਜੀਵ ਰੂਪੀ ਇਸਤਰੀ ਜਿਸ ਨੂੰ ਪ੍ਰਭੂ ਪ੍ਰਮੇਸ਼ਰ ਰੂਪੀ ਪਤੀ ਪਤੀ ਪਿਆਰ ਕਰਦਾ ਹੈ ਉਹ ਹੀ ਜੀਵ ਰੂਪੀ ਇਸਤਰੀ ਪ੍ਰਭੂ ਪਤੀ ਦੀ ਗਲਵੱਕੜੀ ਵਿਚ ਸਮਾ ਕੇ ਲੀਨ ਹੋ ਜਾਂਦੀ ਹੈ।

*ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥*
*ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਥਾਰੁ॥*
*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥*
*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲ ਸਾਧੂ ਪੀਵਣਹਾਰੁ॥*
*ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥*
*ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥*
*ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ*
*ਬਲਿਹਾਰ॥*
*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰ॥*
*ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥*
*ਅੰਗ – 134*

**ਭਾਵ ਅਰਥ :–**

ਸਾਵਣ ਮਹੀਨੇ ਪ੍ਰਥਾਏ ਧੰਨ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਨ ਕਰਦੇ ਹਨ ਕਿ ਉਹ ਜੀਵ ਰੂਪੀ ਇਸਤਰੀ ਨਾਮ ਮਹਾਂ ਰਸ ਵਾਲੀ ਹੋ ਜਾਂਦੀ ਹੈ ਜਿਸ ਦਾ ਆਪਣੇ ਪਿਆਰੇ ਦੇ ਚਰਨ ਕੰਵਲਾਂ ਨਾਲ ਪਿਆਰ ਹੈ। ਉਸ ਦਾ ਮਨ ਅਤੇ ਤਨ ਪਿਆਰੇ ਦੇ ਪਿਆਰ ਵਿਚ ਰੰਗ ਜਾਂਦਾ ਹੈ ਅਤੇ ਉਸ ਨੂੰ ਮਾਇਆ ਦੇ ਸਾਰੇ ਰੰਗ ਸੁਆਹ ਵਾਗੂੰ ਦਿਸਦੇ ਹਨ। ਸਾਧੂਆਂ ਨੂੰ ਮਿਲ ਕੇ ਗੁਰ ਮੰਤਰ ਦੀ ਕਮਾਈ ਕਰਕੇ ਨਾਮ ਤੱਕ ਰੁਸਵਾਈ ਹੋ ਕੇ ਨਾਮ ਅੰਮ੍ਰਿਤ ਬੂੰਦ ਬਹੁਤ ਹੀ ਸੋਹਣੀ ਲਗਦੀ ਹੈ। ਸਾਰਾ ਹੀ ਚੌਗਿਰਦਾ ਬਨਸਪਤੀ ਵਾਤਾਵਰਣ ਸਮਰੱਥ ਪੁਰਸ਼ ਦੀ ਮੇਹਰ ਦਾ ਪਾਤਰ ਬਣ ਕੇ ਹਰਿਆ ਭਰਿਆ ਅਨੰਦ ਦਾਇਕ ਬਣ ਜਾਂਦਾ ਹੈ। ਉਸ ਪਿਆਰੇ ਨੂੰ ਮਿਲਣ ਵਾਸਤੇ ਮਨ ਲੋਚਦਾ ਹੈ ਪਰੰਤੂ ਪੂਰਬਲੇ ਕਰਮ ਇਸ ਨੂੰ ਮਿਲਾਵਣ ਵਾਲੇ ਹਨ ਜੋ ਵੀ ਪਿਆਰੇ ਪ੍ਰਭੂ ਵਿਚ ਲਿਵਲੀਨ ਹਨ, ਉਨ੍ਹਾਂ ਤੋਂ ਸਦਾ ਹੀ ਬਲਿਹਾਰੇ ਜਾਂਦੇ ਹਾਂ। ਹੇ ਪ੍ਰਮਾਤਮਾ ਮੇਰੇ ਤੇ ਮਿਹਰ ਕ੍ਰਿਪਾ ਦ੍ਰਿਸ਼ਟੀ ਕਰ, ਮੇਰੇ ਅੰਤਹਿ ਕਰਣ ਦਾ ਸ਼ੁਧੀ ਕਰਣ ਕਰਨ ਦੀ ਕ੍ਰਿਪਾਲਤਾ ਕਰ ਦੇਵੋ ਜੀ। ਉਨ੍ਹਾਂ ਸੁਹਾਗਣਾ ਨੂੰ ਹੀ ਸਾਵਣ ਵਿਚ ਅਨੰਦ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਨੇ ਰਾਮ ਨਾਮ ਦਾ ਹਾਰ ਆਪਣੇ ਗਲੇ ਵਿਚ ਪਹਿਨੀਆਂ ਹੋਇਆ ਹੈ।

# ਸੰਪਾਦਕੀ

ਆਤਮ ਮਾਰਗ ਮੈਗਜ਼ੀਨ ਆਪਣਾ ਵਿਸਾਖੀ 1995 ਤੋਂ ਸ਼ੁਰੂ ਹੋਕੇ ਆਪਣਾ ਰੂਹਾਨੀ ਸਫ਼ਰ ਤੈਅ ਕਰਦਾ ਹੋਇਆ ਬਾਰਵੇਂ ਸਾਲ ਵਿਚ ਪ੍ਰਵੇਸ਼ ਕਰ ਗਿਆ ਹੈ। ਪਿਛਲੇ 12 ਸਾਲਾ ਦੇ ਅੰਦਰ ਇਸ ਮਾਸਿਕ ਰੂਹਾਨੀ ਪਤ੍ਰਿਕਾ ਦੇ ਰਾਹੀਂ ਨਿਰੰਤਰ ਗੁਰੂ ਸ਼ਬਦ ਦਾ ਪ੍ਰਚਾਰ ਦੇਸ਼ਾਂ ਵਿਦੇਸ਼ਾਂ ਵਿੱਚ ਹੋਰਿਹਾ ਹੈ। ਰੂਹਾਨੀ ਖੇਤਰ ਵਿੱਚ ਜੋ ਪਿਆਰ ਸਤਿਕਾਰ ਸੰਗਤਾਂ ਨੇ ਇਸ ਪਤ੍ਰਿੱਕਾ ਨੂੰ ਬਖਸ਼ਿਆ ਹੈ, ਉਸਨੂੰ ਅੱਖਰਾਂ ਦੇ ਵਿਚ ਰੂਪਮਾਨ ਕਰਨਾ ਅਤਿ ਮੁਸ਼ਕਿਲ ਹੈ। ਜਿਵੇਂ ਕਿ ਸਾਰੇ ਹੀ ਭਲੀ ਪ੍ਰਕਾਰ ਜਾਣਦੇ ਹਨ, ਇਹ ਰੂਹਾਨੀ ਮਾਸਿਕ ਪਤ੍ਰਿਕਾ ਅਦਵੈਤ ਸਿਧਾਂਤ ਉਪਰ ਚਲ ਕੇ ਬ੍ਰਹਮਬਕਤਾ ਬ੍ਰਹਮ ਨਿਸ਼ਠਾ, ਬ੍ਰਹਮ ਸਰੋਤਰੀ ਤੱਤ ਬੇਤੇ ਮਹਾਂਪੁਰਸ਼ਾਂ ਦੇ ਅਨੁਭਵੀ ਪ੍ਰਵਚਨ ਇਸ ਪਤ੍ਰਿੱਕਾ ਵਿਚ ਸਮੇਂ-ਸਮੇਂ ਗੁਰਬਾਣੀ ਦੇ ਚਾਨਣ ਅੰਦਰ ਗੁਰਮਤਿ ਸਿਧਾਂਤ ਪ੍ਰਗਟ ਕਰ ਰਹੇ ਹਨ। ਮਹਾਂਪੁਰਸ਼ਾਂ ਨੇ ਆਪਣੇ ਜੀਵਨ ਕਾਲ ਵਿਚ ਹੀ ਗੁਰਮਤਿ ਗੂਹਜ਼ ਸਿਧਾਂਤ ਨੂੰ ਛੋਹੰਦੀਆਂ ਅਨੇਕ ਹੀ ਪੁਸਤਕਾਂ ਆਪਣੇ ਅਨੁਭਵ ਤੋਂ ਰਚ ਕੇ ਗੁਰਮਤਿ ਸਹਿਤ ਦੀ ਸਿਰਜਣਾ ਕੀਤੀ ਹੈ। ਉਨ੍ਹਾਂ ਵੱਲੋਂ ਜੋ ਅਨਮੋਲ ਖਜਾਨਾ ਬਖਸ਼ਿਆ ਹੈ, ਉਹ ਲਗਾਤਾਰ 100 ਸਾਲ ਮੈਗਜ਼ੀਨ ਵਿਚ ਛਪਣ ਉਪਰੰਤ ਵੀ ਨਾ ਖਤਮ ਹੋਣ ਵਾਲਾ ਹੈ। ਅਨੁਭਵੀ ਮਹਾਂਪੁਰਸ਼ਾਂ ਨੇ ਆਉਣ ਵਾਲੇ ਸਮੇਂ ਨੂੰ ਅਨੁਭਵ ਕਰਕੇ ਆਤਮ ਮਾਰਗ ਦੇ ਨਾਮ ਕਰੋੜਾਂ ਰੁਪਏ ਦੇ ਫਿਕਸਡ ਡਿਪਾਜ਼ਿਟ ਕਰਾਏ ਤਾਂ ਜੋ ਇਹ ਆਪਣੇ ਰੂਹਾਨੀ ਪੰਧ ਅੰਦਰ ਕਿਸੇ ਵੀ ਮਾਇਕ ਮੁਸ਼ਕਿਲ ਦਾ ਸਾਹਮਣਾ ਕਰਨ ਦੇ ਸਮਰਥ ਹੋਕੇ ਨਿਰਬਿਘਨ ਗੁਰਬਾਣੀ ਪ੍ਰਚਾਰ ਕਰਦਾ ਰਹੇ। ਪਰਮ ਪੂਜਯ ਸਤਿਕਾਰਯੋਗ ਬੀਜੀ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਨੇ ਵੀ ਧਾਰਮਿਕ ਖੇਤਰ ਵਿਚ ਆਪਣਾ ਪੂਰਾ-ਪੂਰਾ ਯੋਗਦਾਨ ਤਨ-ਮਨ-ਧਨ ਦੇ ਨਾਲ ਪਾਇਆ ਹੈ। ਗੁਰੂ-ਪੀਰਾਂ ਮਹਾਂਪੁਰਸਾਂ ਦੇ ਅਸ਼ੀਰਵਾਦ ਬਦੋਲਤ ਇਹ ਮੈਗਜ਼ੀਨ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਵਿਚ ਲਗਾਤਾਰ ਆਪ ਤੱਕ ਗੁਰਬਾਣੀ ਸਿਧਾਂਤ ਪਹੁੰਚਾਣ ਦੀ ਪੂਰੀ ਪੂਰੀ ਕੋਸ਼ਿਸ਼ ਕਰ ਰਿਹਾ ਹੈ।

ਸਾਲ 2006 ਸ਼ਤਾਬਦੀ ਵਰ੍ਹੇ ਦੇ ਤੌਰ ਤੋਂ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ ਅਗਸਤ 2006 ਵਿਚ ਧੰਨ ਧੰਨ ਗੁਰ ਗ੍ਰੰਥ ਸਾਹਿਬ ਜੀ ਦਾ ਸੰਪੂਰਨਤਾ ਦਿਵਸ ਗੁਰੂ ਕੀ ਕਾਸ਼ੀ ਦਮਦਮਾ ਸਾਹਿਬ ਤਲਵੰਡੀ ਵਿਖੇ ਬਹੁਤ ਹੀ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਸਰਬੰਸਦਾਨੀ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸਾਰਾ ਹੀ ਜੀਵਨ ਕੁਰਬਾਨੀਆਂ ਦੇ ਨਾਲ ਭਰਿਆ ਪਿਆ ਹੈ। ਜਦੋਂ ਆਪ ਬਚਪਨ ਵਿਚ ਹੀ ਸਨ ਤਾਂ ਆਪ ਆਪਣੇ ਪਿਤਾ ਜੀ ਨੂੰ ਧਰਮ ਦੀ ਰਾਖੀ ਵਾਸਤੇ ਸਮੇਂ ਦੀ ਜਾਲਮ ਸਰਕਾਰ ਦਾ ਟਾਕਰਾ ਕਰਨ, ਬਲੀਦਾਨ ਦੇਣ ਵਾਸਤੇ ਦਿੱਲੀ ਵਲ ਨੂੰ ਭੇਜ ਰਹੇ ਹਨ।

ਚਾਂਦਨੀ ਚੌਂਕ ਦਿੱਲੀ ਦੇ ਵਿਚ ਜੋ ਸਾਕਾ ਹੋਇਆ, ਉਸ ਸਬੰਧ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫੁਰਮਾਉਂਦੇ ਹਨ -

***ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥***<br>
***ਕੀਨੋ ਬਡੋ ਕਲੂ ਮਹਿ ਸਾਕਾ॥***<br>
***ਸਾਧਨ ਹੇਤਿ ਇਤੀ ਜਿਨਿ ਕਰੀ॥***<br>
***ਸੀਸੁ ਦੀਆ ਪਰ ਸੀ ਨ ਉਚਰੀ॥***<br>
***ਧਰਮ ਹੇਤਿ ਸਾਕਾ ਜਿਨਿ ਕੀਆ॥***<br>
***ਸੀਸੁ ਦੀਆ ਪਰ ਸਿਰੁ ਨ ਦੀਆ॥***<br>
***ਨਾਟਕ ਚੇਟਕ ਕੀਏ ਕੁਕਾਜਾ॥***<br>
***ਪ੍ਰਭ ਲੋਗਨ ਕਹ ਆਵਤ ਲਾਜਾ॥***

***ਦੋਹਰਾ॥***<br>
***ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਕੀਯਾ ਪਯਾਨ॥***<br>
***ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥***<br>
***ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥***<br>
***ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥***

***ਸ੍ਰੀ ਦਸਮ ਗ੍ਰੰਥ ਸਾਹਿਬ***

ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਸ਼ਹੀਦੀ ਉਪਰੰਤ ਉਨ੍ਹਾਂ ਦਾ ਸੀਸ ਭਾਈ ਜੇਤਾ (ਜੀਵਨ ਸਿੰਘ) ਮੰਜਲ-ਦਰ-ਮੰਜਲ ਚਲ ਅਨੰਦਪੁਰ ਸਾਹਿਬ ਲੈ ਕੇ ਆਏ। ਸੀਸ ਦੇ ਦਰਸ਼ਨ ਕਰਕੇ ਸੰਗਤਾਂ ਦਾ ਵੈਰਾਗ ਥੰਮਿਆਂ ਨਹੀਂ ਸੀ ਜਾ ਰਿਹਾ ਪ੍ਰੰਤੂ ਮਾਮਾ ਕ੍ਰਿਪਾਲ ਚੰਦ ਜੀ, ਸਾਹਿਬਜ਼ਾਦੇ ਗੋਬਿੰਦ ਰਾਏ ਜੀ ਵੱਲੋਂ ਉਪਦੇਸ਼ ਕਰਨ ਤੇ ਸੰਗਤਾਂ ਦਾ ਵੈਰਾਗ ਥੰਮਿਆਂ, ਸੀਸ ਦਾ ਸਸਕਾਰ ਕੀਤਾ ਗਿਆ। ਸੰਮਤ 1730 ਦੀ ਵੈਸਾਖੀ ਦੇ ਦਿਹਾੜੇ ਉਪਰ ਸਾਹਿਬਜ਼ਾਦਾ ਗੋਬਿੰਦ ਰਾਏ ਜੀ ਗੁਰਤਾ ਗੱਦੀ ਉਪਰ ਬਿਰਾਜ਼ਮਾਨ ਹੋਣ ਤੋਂ ਉਪਰੰਤ ਅਨੇਕਾਂ ਹੀ ਅਲੌਕਿਕ ਕੌਤਕ ਕੀਤੇ। ਵੈਸਾਖੀ 1699 ਨੂੰ ਪੰਜ ਪਿਆਰਿਆਂ ਦੇ ਸੀਸ ਲੈ ਕੇ ਖੰਡੇ ਬਾਟੇ ਦੇ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ।

ਗੁਰੂ ਮਹਾਰਾਜ ਜੀ ਨੇ ਆਪਣੇ ਸਰੀਰਕ ਜੀਵਨ ਦੇ ਵਿਚ ਵਿਚਰਦਿਆਂ ਧਰਮ ਯੁੱਧ ਕਰਦਿਆਂ ਹਰੇਕ ਯੁੱਧ ਦੇ ਵਿਚ ਫਤਹਿ ਪ੍ਰਾਪਤ ਕੀਤੀ। 15 ਮੱਘਰ ਸੰਮਤ 1761 ਬਿਕਰਮੀ ਮੁਤਾਬਿਕ 1704 ਈ. ਦੀ ਰਾਤ ਨੂੰ ਗੁਰੂ ਮਹਾਰਾਜ ਜੀ ਨੇ ਆਪਣੇ ਪਿਆਰੇ ਸਿਖਾਂ, ਪੁੱਤਰਾਂ, ਮਹਿਲਾਂ ਤੇ ਦਾਸ ਦਾਸੀਆਂ ਸਮੇਤ ਅਨੰਦਪੁਰ ਸਾਹਿਬ ਨੂੰ ਛੱਡ ਦਿਤਾ ਪ੍ਰੰਤੂ ਸਮੇਂ ਦੀ ਮੁਗਲ ਸਲਤਨਤ ਅਤੇ ਪਹਾੜੀ ਰਾਜਿਆਂ ਨੇ ਆਪਣੀਆਂ ਸਾਰੀਆਂ ਸੌਹਾਂ ਸੰਗਧਾਂ ਨੂੰ ਭੁੱਲ ਭਲਾ ਕੇ ਗੁਰੂ ਮਹਾਰਾਜ ਜੀ ਦਾ ਪਿਛਾ ਕੀਤਾ। ਮੁਗਲਾਂ ਵੱਲੋਂ ਔਰੰਗਜੇਬ ਹਾਕਮ ਦਾ ਹੱਥ ਲਿਖਤ ਪੱਤਰ, ਪਵਿੱਤਰ

ਕੁਰਾਨ ਮਜੀਦ ਗ੍ਰੰਥ ਅਤੇ ਪਹਾੜੀਆਂ ਵੱਲੋਂ ਆਟੇ ਦੀ ਗਊ ਬਣਾ ਕੇ ਧੋਖੇ ਫਰੇਬ ਦੇ ਨਾਲ ਗੁਰੂ ਜੀ ਤੋਂ ਅਨੰਦਪੁਰ ਸਾਹਿਬ ਦੇ ਕਿਲੇ ਨੂੰ ਖਾਲੀ ਕਰਾਇਆ ਗਿਆ ਸੀ। ਗੁਰੂ ਮਹਾਰਾਜ ਜੀ ਸਮੇਂ ਦੀ ਸਰਕਾਰ ਦੀ ਕੁਟਲ ਨੀਤੀ ਨੂੰ ਭਲੀ ਪ੍ਰਕਾਰ ਜਾਣਦੇ ਹੋਏ ਮੁਗਲਾਂ ਦੇ ਧਾਰਮਿਕ ਗ੍ਰੰਥ ਦੇ ਸਤਿਕਾਰ ਵਾਸਤੇ ਕਿਲੇ ਨੂੰ ਛੱਡ ਦਿਤਾ। ਗੁਰੂ ਮਹਾਰਾਜ ਜੀ ਨੇ ਸਰਸਾ ਨਦੀ ਦੇ ਮੁਕਾਮ ਉਪਰ ਨਿਤ ਨੇਮ ਦੀ ਮਰਿਆਦਾ ਅਨੁਸਾਰ ਅੰਮ੍ਰਿਤ ਵੇਲੇ ਦੀ ਸੰਭਾਲਣਾ ਕਰਦੇ ਹੋਏ ਸਮਾਧੀ ਸਥਿਤ ਦੇਸ਼ ਕਾਲ ਵਸਤੂ ਤੋਂ ਉਪਰ ਉਠ ਕੇ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਅਨੰਦ ਮਾਣਿਆਂ। ਵੱਡੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਭਾਈ ਉਦੇ ਸਿੰਘ ਪੰਜ ਸੌ ਸਿੰਘਾਂ ਨੂੰ ਨਾਲ ਲੈ ਕੇ ਲੱਖਾਂ ਦੀ ਤਾਦਾਦ ਵਿਚ ਦੁਸ਼ਮਣ ਦੀਆਂ ਫੌਜਾਂ ਨੂੰ ਰੋਕੀਂ ਰੱਖਿਆ। ਸਰਸਾ ਨਦੀ ਦੇ ਵਿਚ ਹੜ ਆਇਆ ਹੋਣ ਕਾਰਨ ਮਹਾਨ ਗੁਰਮਤਿ ਸਹਿਤ ਨਦੀ ਦੇ ਵਿਚ ਸਮਾ ਗਿਆ। ਵਿਦਿਆ ਧਰ ਗ੍ਰੰਥ ਵਰਗੇ ਜਿਸਦਾ ਦਾ ਭਾਰ ਨੌਂ ਮਣ ਸੀ, ਅਜਿਹੇ ਬਹੁਤ ਸਾਰੇ ਪਾਵਨ ਪਵਿੱਤਰ ਗ੍ਰੰਥ ਸਰਸਾ ਨਦੀ ਦੀ ਭੇਟ ਚੜ੍ਹ ਗਏ।

ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਸਮੇਤ ਆਪਣੇ ਰਸੋਈਏ ਗੰਗੂ ਦੇ ਨਗਰ ਖੇੜੀ ਪਹੁੰਚ ਗਏ ਜਿਥੋਂ ਗੰਗੂ ਰਸੋਈਏ ਵੱਲੋਂ ਲੋਭ ਲਾਲਚ ਵਿਚ ਆ ਕੇ ਮਾਤਾ ਜੀ ਅਤੇ ਸਾਹਿਬਜਾਦਿਆਂ ਨੂੰ ਕੈਦ ਕਰਵਾ ਦਿਤਾ ਗਿਆ। ਨਿਕੀਆਂ ਜਿੰਦਾਂ ਵੱਡੇ ਸਾਕੇ ਦੇ ਕਥਨ ਅਨੁਸਾਰ ਸੂਬਾ ਸਰਹੰਦ ਵੱਲੋਂ ਦੋ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਜੀ ਨੂੰ ਨੀਹਾਂ ਵਿਚ ਚਣਾ ਕੇ ਸ਼ਹੀਦ ਕਰ ਦਿਤਾ ਗਿਆ ਅਤੇ ਮਾਤਾ ਜੀ ਨੇ ਵੀ ਆਪਣੀ ਮਰਜ਼ੀ ਅਨੁਸਾਰ ਬ੍ਰਹਮ ਰੁਦਰ ਨੂੰ ਤੋੜਦੇ ਹੋਏ ਜੋਤੀ ਵਿਚ ਜੋਤ ਮਿਲਾ ਦਿਤੀ। ਗੁਰੂ ਮਹਾਰਾਜ ਜੀ ਦੇ ਨਾਲ ਦੋ ਵੱਡੇ ਸਾਹਿਬਜ਼ਾਦੇ ਪੰਜ ਪਿਆਰੇ ਅਤੇ ਗਿਣਤੀ ਦੇ 40 ਕੁ ਸਿੰਘ ਰੋਪੜ ਵਾਲੇ ਪਾਸੇ ਨੂੰ ਹੁੰਦੇ ਹੋਏ ਚਮਕੌਰ ਦੀ ਕੱਚੀ ਗੜ੍ਹੀ (ਹਵੇਲੀ) ਦੇ ਵਿਚ ਮੋਰਚਾਬੰਦੀ ਕਰਕੇ, ਮੈਦਾਨੇ ਜੰਗ ਵਿਚ ਜਾ ਕੇ 'ਸਵਾ ਲਾਖ ਸੇ ਏਕ ਲੜਾਉਂ' ਪਰਤੱਖ ਕਰਕੇ ਵਖਾ ਦਿਤਾ। ਆਪਣੇ ਹੱਥੀਂ ਜੰਗ ਯੁਧ ਦੇ ਮੈਦਾਨ ਵਿਚ ਦੋ ਵੱਡੇ ਸਾਹਿਬਜ਼ਾਦਿਆਂ, ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਸ਼ਹੀਦ ਕਰਵਾ ਕੇ ਇਕ ਲਾ ਮਿਸਾਲ ਕੁਰਬਾਨੀ ਦੀ ਮਿਸਾਲ ਕਾਇਮ ਕਰ ਦਿਤੀ। ਆਪ ਜੀ ਮਾਛੀਵਾੜੇ ਦੇ ਜੰਗਲਾਂ ਵਿਚ ਗਿਲੀ ਧਰਤੀ ਦੇ ਆਸਣ ਉਪਰ ਵਿਰਾਜ਼ਮਾਨ ਹੋ ਕੇ ਅਕਾਲਪੁਰਖ ਨੂੰ ਇਸ ਤਰ੍ਹਾਂ ਨਾਲ ਸਨੇਹਾ ਭੇਜ ਰਹੇ ਹਨ-

*ਮਿਤ੍ਰ ਪਿਆਰੇ ਨੂੰ ਹਾਲ ਮਰਦਾਂ ਦਾ ਕਹਿਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ*
*ਨਾਗ ਨਿਵਾਸਾਂ ਦੇ ਰਹਿਣਾ॥*
*ਸੂਲ ਸੁਰਾਹੀ ਖੰਜਰ ਪਿਆਲਾ*
*ਬਿੰਗ ਕਸਾਈਆਂ ਦਾ ਸਹਿਣਾ॥*
*ਯਾਰੜੇ ਦਾ ਸਾਨੂੰ ਸਥਰ ਚੰਗਾ*
*ਭਠ ਖੇੜਿਆ ਦਾ ਰਹਿਣਾ॥*

*(ਪਾਤਿਸ਼ਾਹੀ ਦਸਵੀਂ)*

ਗੁਰੂ ਮਹਾਰਾਜ ਜੀ ਗਨੀ ਖਾਂ ਅਤੇ ਨਬੀਂ ਖਾਂ ਦੇ ਪਿਆਰ ਵਿਚ ਉਚ ਦੇ ਪੀਰ ਬਣਕੇ ਜਗ੍ਹਾ-ਜਗ੍ਹਾ ਉਪਰ ਵਿਚਰਦਿਆਂ, ਧਰਤੀ ਨੂੰ ਭਾਗ ਲਾਉਂਦੇ ਹੋਏ, ਆਪਣੇ ਪਿਆਰਿਆਂ ਦੀਆਂ ਭਾਵਨਾ ਪੂਰੀਆਂ ਕਰਦੇ ਹੋਏ 20-21 ਜਨਵਰੀ 1706 ਨੂੰ ਆਪਣੇ ਪਿਆਰੇ ਭਾਈ ਡੱਲੇ ਦੇ ਪਿਆਰ ਵਿਚ ਤਲਵੰਡੀ ਸਾਬੋ ਵਿਖੇ ਪਹੁੰਚ ਗਏ।

ਏਥੇ ਹੀ ਭਾਈ ਮਨੀ ਸਿੰਘ ਜੀ ਗੁਰੂ ਕੇ ਮਹਿਲ ਮਾਤਾਵਾਂ ਨੂੰ ਲੈ ਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ ਅਤੇ ਮਾਤਾਵਾਂ ਵੱਲੋਂ ਸਾਹਿਬਜ਼ਾਦਿਆਂ ਵਾਰੇ ਪੁੱਛਣ ਤੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ 'ਇਨ ਪੁਤ੍ਰਨ ਕੇ ਕਾਰਨੇ ਵਾਰ ਦੀਏ ਸੁਤ ਚਾਰ। ਚਾਰ ਮੁਏ ਤੋ ਕਿਆ ਭਇਆ ਜੀਵਤ ਕਈ ਹਜ਼ਾਰ। ਉਪਰੰਤ ਗੁਰੂ ਮਹਾਰਾਜ ਜੀ ਨੇ ਸਾਕਾ ਚਮਕੌਰ ਅਤੇ ਸਾਕਾ ਸਰਹੰਦ ਦਾ ਵਿਰਤਾਂਤ ਸੁਣਾ ਕੇ ਸਾਰਿਆਂ ਨੂੰ ਧੀਰਜ ਧਰਵਾਸ ਬਖਸ਼ਣਾ ਕੀਤੀ। ਸਤਗੁਰ ਜੀ ਨੇ ਦਮਦਮਾ ਸਾਹਿਬ ਵਿਖੇ ਦੁਬਾਰਾ ਫੇਰ ਅਨੰਦਪੁਰ ਸਾਹਿਬ ਵਾਲੀਆਂ ਰੌਣਕਾਂ ਕਾਇਮ ਕਰ ਦਿਤੀਆਂ ਅਤੇ ਬੇਅੰਤ ਸੰਗਤਾਂ ਗੁਰੂ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਉਣ ਲੱਗ ਗਈਆਂ ਸਨ। ਗੁਰੂ ਮਹਾਰਾਜ ਜੀ ਨੇ ਇਥੇ ਹੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਸੇਵਾ ਦਾ ਫੁਰਨਾ ਕੀਤਾ ਭਾਈ ਮਨੀ ਸਿੰਘ ਜੀਅਤੇ ਹੋਰ ਵਿਦਵਾਨਾਂ ਤੋਂ ਸਾਹਿਤਕ ਖਜਾਨੇ ਦੀ ਸੇਵਾ ਕਰਵਾਈ। ਆਪ ਜੀ ਨੇ ਆਪਣੇ ਨਿਜ ਅਨੁਭਵ ਤੋਂ ਧੁਰ ਕੀ ਬਾਣੀ ਉਚਾਰਨ ਕਰਕੇ ਭਾਈ ਮਨੀ ਸਿੰਘ ਜੀ ਤੋਂ ਲਿਖਵਾਉਣਾ ਕੀਤੀ ਅਤੇ ਇਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਬਾਣੀ ਵੀ ਆਪ ਜੀ ਨੇ ਸ਼ਾਮਲ ਕਰ ਦਿਤੀ। ਜੋ ਕਿ ਇਹ ਪਵਿੱਤਰ ਦਿਨ ਸੰਗਤਾਂ ਬਹੁਤ ਹੀ ਉਤਸ਼ਾਹ ਪੂਰਬਕ 300 ਸਾਲ ਬਾਅਦ 30 ਅਗਸਤ 2006 ਨੂੰ ਦਮਦਮਾ ਸਾਹਿਬ ਦੀ ਪਵਿੱਤਰ ਧਰਤੀ ਉਪਰ ਧੂੰਮ-ਧਾਮ ਨਾਲ ਮਨਾ ਰਹੀਆਂ ਹਨ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬਾਣੀ ਭਾਵੇਂ ਗੁਰੂਆਂ, ਭਗਤਾਂ, ਫਕੀਰਾਂ, ਗੁਰੂ ਪਿਆਰੇ ਗੁਰਸਿਖਾਂ ਅਤੇ ਭੱਟਾਂ ਰਾਹੀਂ ਉਚਾਰਨ ਹੋਈ ਹੈ, ਪਰ ਇਹ ਬਾਣੀ ਗੁਰੂ ਮਹਾਰਾਜ ਜੀ ਦੇ ਮੁੱਖ ਤੋਂ ਉਚਾਰਨ ਹੋਣ ਕਾਰਨ ਗੁਰਬਾਣੀ ਦਾ ਦਰਜਾ ਪ੍ਰਾਪਤ ਕਰਨ ਉਪਰੰਤ ਸਾਰਿਆਂ ਵਾਸਤੇ ਹੀ ਸਾਂਝੀ ਹੈ।

*ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥*
*ਅੰਗ - 628*

ਇਹ ਧੁਰ ਕੀ ਬਾਣੀ ਸਾਨੂੰ ਆਤਮ ਮਾਰਗ ਉਪਰ

**(ਬਾਕੀ ਪੰਨਾ 53 ਤੇ)**

# ਚਉਥੈ ਪਹਰਿ ਸਬਾਹ ਕੈ
# ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂਹਾਨੀ ਮਿਸ਼ਨ।*

ਆਪ ਸਾਰੇ ਗੁਰਮੁਖ ਪਿਆਰੇ ਵਾਹਿਗੁਰੂ ਦੇ ਪਿਆਰ ਵਿਚ ਲੀਨ ਹੋਏ ਹੋਏ ਇਕ ਰਸ ਤਿੰਨ ਘੰਟੇ ਆਸਾ ਜੀ ਦੀ ਵਾਰ ਸਰਵਣ ਕੀਤੀ ਅਤੇ ਆਪ ਸਾਰਿਆਂ ਨੇ ਜੋਟੀਆਂ ਅਤੇ ਧਾਰਨਾ ਨਾਲ ਗੁਰਬਾਣੀ ਸੁਣੀ ਅਤੇ ਪੜ੍ਹੀ। ਉਪਰੰਤ ਅਰਦਾਸ ਹੋਈ ਗੁਰੂ ਮਹਾਰਾਜ ਜੀ ਨੇ ਆਪਣਾ ਪਾਵਨ ਹੁਕਮਨਾਮਾ ਜੋ ਪੰਨਾ 682 ਧਨਾਸਰੀ ਰਾਗ ਵਿਚ ਅੰਕਿਤ ਹੈ, ਉਹ ਸਰਵਣ ਕਰਿਆ। ਆਪ ਸਾਰੇ ਹੀ ਬੁੱਧੀਵਾਨ ਅਤੇ ਵਿਚਾਰਵਾਨ ਸੱਚੀ ਲਗਨ ਵਾਲੇ ਸਤਿਸੰਗ ਮੰਡਲ ਵਿਚ ਸ਼ਾਮਲ ਹੋਂ। ਸਾਰੇ ਪੜ੍ਹੇ ਲਿਖੇ ਹੋਂ, ਬਾਣੀ ਵਿਚ ਕੋਈ ਐਡੀ ਵੱਡੀ ਗਹਿਰੀ ਗੱਲ ਦਾ ਜ਼ਿਕਰ ਨਹੀਂ ਹੋਇਆ ਜੋ ਆਪ ਦੀ ਸਮਝ ਵਿਚ ਨਾ ਆਵੇ ਪਰ ਫੇਰ ਵੀ ਅੱਜ ਦੇ ਹੁਕਮਨਾਮੇ ਵਿਚ ਆਏ ਸਿਧਾਂਤ ਪੂਰੀ ਤਰ੍ਹਾਂ ਨਾਲ ਵਿਚਾਰ ਕੇ ਹਿਰਦੇ ਵਿਚ ਧਾਰਨਾ ਕਰੋ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥*
*ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥*
*ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ॥*
*ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ॥*
*ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ॥*
*ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ*
*ਪ੍ਰਭਿ ਪੂਰਨ ਪੈਜ ਰਖਾਈ॥* *ਅੰਗ - 682*

ਇਸ ਸ਼ਬਦ ਦੀ ਜੇ ਆਮ ਤੌਰ ਤੇ ਵਿਚਾਰ ਕੀਤੀ ਗਈ ਤਾਂ ਇਸ ਵਿਚ ਐਸੇ ਵਿਚਾਰ ਹਨ ਜਿਹੜੇ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਕਰਦੇ ਹਨ। ਉਨ੍ਹਾਂ ਵਲ ਮੈਂ ਨਾ ਜਾਂਦਾ ਹੋਇਆ, ਜੋ ਇਸ ਦਾ ਸਿਧਾਂਤ ਹੈ ਉਸ ਨੂੰ ਹੀ ਵਿਚਾਰਨ ਦਾ ਯਤਨ ਕਰਾਂਗਾ। ਮਹਾਰਾਜ ਜੀ ਨੇ ਔਖੀ ਘੜੀ ਬਾਰੇ ਜ਼ਿਕਰ ਕੀਤਾ ਹੈ। ਸੰਸਾਰ ਦੇ ਅੰਦਰ ਜੀਵ ਜਨਮ ਲੈ ਕੇ ਸਰੀਰ ਧਾਰੀ ਹੋ ਕੇ ਬਚਪਨ ਤੋਂ ਹੀ ਆਪਣੇ ਜੀਵਨ ਨਿਰਬਾਹ ਲਈ ਕੁਝ ਤਾਣ ਲਾ ਰਹੇ ਹਨ। ਜਦੋਂ ਬੱਚੇ ਦਾ ਜਨਮ ਹੁੰਦਾ ਹੈ ਭਾਵੇਂ ਉਹ ਆਦਮੀ ਦਾ ਬੱਚਾ ਹੋਵੇ, ਭਾਵੇਂ ਹਰਨ ਦਾ ਬੱਚਾ ਹੋਵੇ, ਕਿਸੇ ਗਊ ਮੱਝ ਦਾ ਬੱਚਾ ਹੋਵੇ, ਭਾਵੇਂ ਸ਼ੇਰ ਆਦਿ ਦਾ ਬੱਚਾ ਹੋਵੇ, ਉਸ ਦੇ ਅੰਦਰ ਦੁੱਧ ਪੀਣ ਦੀ ਵਾਸ਼ਨਾ ਜਾਗਦੀ ਹੈ, ਪੇਟ ਵਿਚ ਕੁਝ ਪਾਉਣਾ ਚਾਹੁੰਦਾ ਹੈ ਪਰ ਉਸ ਨੂੰ ਗਿਆਨ ਨਹੀਂ ਕਿ ਇਹ ਚੀਜ਼ ਮੈਨੂੰ ਕਿਥੋਂ ਮਿਲੇਗੀ ਪਰ ਕੁਦਰਤ ਨੇ ਐਸਾ ਨੇਮ ਰਚਿਆ ਹੋਇਆ ਹੈ ਕਿ ਸਾਰੀ 84 ਲੱਖ ਜੂਨੀਆਂ ਦੇ ਬੱਚਿਆਂ ਨੂੰ ਸੁੱਤੇ ਹੀ ਗਿਆਨ ਹੋ ਜਾਂਦਾ ਹੈ ਕਿ ਮੈਂ ਦੁੱਧ ਪੀਣਾ ਹੈ ਜਾਂ ਕੁਝ ਚੁੰਝ ਰਾਹੀਂ ਲਿਆਂਦਾ ਖਾਣਾ ਹੈ। ਦੁੱਧ ਮਾਤਾ ਦੇ ਥਣਾਂ ਵਿਚ ਹੁੰਦਾ ਹੈ ਉਸ ਦੀ ਸੁਗੰਧੀ ਉਸ ਨੂੰ ਆਪਣੇ ਵਲ ਖਿਚਦੀ ਹੈ ਵਾਹਿਗੁਰੂ ਜੀ ਨੇ ਜੰਮਦੇ ਬੱਚੇ ਨੂੰ ਇਸ ਚੀਜ਼ ਦੀ ਕੋਈ ਸੋਝੀ ਦਿਤੀ ਹੋਈ ਹੈ ਕਿ ਉਹ ਆਪਣੀ ਮਾਤਾ ਦੇ ਥਣਾਂ ਤਕ ਪਹੁੰਚ ਸਕੇ, ਆਦਮੀ ਦਾ ਬੱਚਾ ਓਨਾਂ ਚੁਸਤ ਨਹੀਂ ਹੁੰਦਾ ਜਿੰਨੇ ਪਸ਼ੂਆਂ ਦੇ ਬੱਚੇ ਹੁੰਦੇ ਹਨ। ਬੱਚੇ ਨੂੰ ਆਪ ਦੁੱਧ ਚੁੰਘਣ ਲਾਇਆ ਜਾਂਦਾ ਹੈ ਪਰ ਕਟਰੂ ਬਛਰੂਆਂ ਨੂੰ ਦੁੱਧ ਚੁੰਘਣ ਦੀ ਜਾਣਕਾਰੀ ਆਪਣੇ ਆਪ ਹੀ ਹੋਈ ਹੁੰਦੀ ਹੈ। ਉਸ ਨੂੰ ਦਸਣਾ ਨਹੀਂ ਪੈਂਦਾ ਕਿ ਦੁੱਧ ਇਸ ਤਰ੍ਹਾਂ ਪੀਣਾ ਹੈ। ਇਸ ਤਰ੍ਹਾਂ ਇਸ ਸੰਸਾਰ ਵਿਚ ਆਏ ਹੋਏ ਸਾਰੇ ਜੀਵ ਆਪਣਾ ਜੀਵਨ ਨਿਰਬਾਹ ਕਰਨ ਲਈ ਕੁਝ ਨਾ ਕੁਝ ਕਰਦੇ ਹੀ ਰਹਿੰਦੇ ਹਨ। ਮਨੁੱਖ ਜਾਤੀ ਵਿਚ ਚਾਰ ਕਿਸਮ ਦੇ ਮਨੁੱਖ ਹੋਇਆ ਕਰਦੇ ਹਨ, ਇਕ ਤਾਂ ਉਹ ਹੋਇਆ ਕਰਦੇ ਹਨ ਜਿਨ੍ਹਾਂ ਨੂੰ ਆਪਣੇ ਵਿਸ਼ੇ ਭੋਗਣ ਤੋਂ ਅਤੇ ਉਨ੍ਹਾਂ ਦੀ ਪੂਰਤੀ ਲਈ ਕੁਝ ਕਰਦੇ ਰਹਿਣ ਤੋਂ ਛੁਟਕਾਰਾ ਹੀ ਨਹੀਂ ਮਿਲਦਾ। ਉਨ੍ਹਾਂ ਦੀ ਰੁਚੀ ਧਨ ਕਮਾਉਣ, ਆਪਣਾ ਨਾਮ ਕਮਾਉਣ ਅਤੇ ਅਮੀਰ ਹੋਣ ਵਿਚ ਹੀ ਹੋਇਆ ਕਰਦੀ ਹੈ। ਪ੍ਰਮੇਸ਼ਰ ਦਾ ਉਨ੍ਹਾਂ ਨੂੰ ਨਾ ਹੀ ਕੋਈ ਗਿਆਨ ਹੁੰਦਾ ਹੈ, ਨਾ ਹੀ ਉਨ੍ਹਾਂ ਅੰਦਰ ਕੋਈ ਲਗਨ ਲਗਦੀ ਹੈ। ਉਹ ਤਮੋ ਗੁਣ ਵਰਗ ਦੇ ਜੀਵ ਹੋਇਆ ਕਰਦੇ ਹਨ। ਉਨ੍ਹਾਂ ਦੇ ਸਾਮ੍ਹਣੇ ਜੋ ਉਦੇਸ਼ ਹੈ ਉਹ ਸਿਰਫ ਐਨਾ ਹੀ ਹੈ ਖਾਓ ਪੀਓ ਅਤੇ ਮੌਜ ਕਰੋ ਇਸ ਸੰਸਾਰ ਵਿਚ ਪੈਦਾ ਹੋਣ ਤੋਂ ਪਹਿਲਾਂ ਸਾਡਾ ਕੋਈ ਵਜੂਦ ਨਹੀਂ ਸੀ। ਮਾਤਾ ਪਿਤਾ ਦੇ ਸੰਜੋਗ ਕਰਕੇ ਸਾਡਾ ਸਰੀਰ ਬਣਿਆ, ਅਸੀਂ ਹੋਂਦ ਵਿਚ ਆਏ। ਨਾ ਹੀ ਮਰਨ ਤੋਂ ਪਿਛੋਂ ਅਸੀਂ ਕਿਸੇ ਅਗੇ ਜੀਵਨ ਭਰ ਦੇ ਕੀਤੇ ਕਰਮਾਂ ਲਈ ਜਵਾਬ ਦੇਹ ਹੋਵਾਂਗੇ। ਉਨ੍ਹਾਂ ਦਾ ਐਸਾ ਹੀ ਮਤ ਹੁੰਦਾ ਹੈ ਕਿ ਖਾਓ ਪੀਓ ਮੌਜ ਉਡਾਓ, ਅਸੀਂ ਨਾ ਜਨਮ ਲੈਣ ਤੋਂ ਪਹਿਲਾਂ ਸੀ ਨਾ ਮਰਨ ਤੋਂ ਪਿਛੋਂ ਹੋਵਾਂਗੇ, ਉਨ੍ਹਾਂ ਦਾ ਵਿਸ਼ਵਾਸ਼ ਇਸ ਸਰੀਰ ਨੂੰ ਚਲਾਉਣ ਵਾਲੀ ਚੇਤਨ ਸ਼ਕਤੀ ਵਿਚ ਨਹੀਂ ਹੋਇਆ ਕਰਦਾ ਅਤੇ ਉਨ੍ਹਾਂ ਨੇ ਇਹ ਵੀ ਨਹੀਂ ਮੰਨਿਆ ਹੋਇਆ ਕਿ ਸਰੀਰ ਵਿਚ ਜੋ ਚੇਤਨ ਸ਼ਕਤੀ ਅੱਖਾਂ ਨੂੰ ਦੇਖਣ ਦੀ, ਨੱਕ ਨੂੰ ਸੁੰਘਣ ਦੀ ਜੀਭ ਨੂੰ ਬੋਲਣ ਦੀ ਸ਼ਕਤੀ ਦੇ ਰਹੀ ਹੈ ਉਹ ਸਰੀਰ ਤੋਂ ਵੱਖਰੀ ਚੀਜ਼ ਹੈ। ਉਨ੍ਹਾਂ ਦਾ ਮਤ ਇਹ ਹੁੰਦਾ ਹੈ ਕਿ ਇਹ ਸਰੀਰ ਖਾਣ ਪੀਣ ਨਾਲ ਚਲਦਾ ਹੈ। ਇਸ ਦੀ ਖਾਸ ਮਰਿਆਦਾ ਹੈ ਇਹਦੇ ਵਿਚ ਜਿੰਨੀ ਦੇਰ ਤਕ ਸਰੀਰ ਦੀ ਤੰਦਰੁਸਤੀ ਕਾਇਮ ਹੈ

ਤਾਂ ਮੌਤ ਨਹੀਂ ਆਉਂਦੀ। ਜਦੋਂ ਸਾਰੇ ਅੰਗ ਕਮਜ਼ੋਰ ਹੋ ਗਏ ਤਾਂ ਇਸ ਦਾ ਨਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ। ਅਜਿਹੇ ਵਰਗ ਅੰਦਰ ਵਾਸ਼ਨਾਵਾਂ ਦਾ ਹੜ੍ਹ ਚਲ ਰਿਹਾ ਹੁੰਦਾ ਹੈ, ਸ਼ਾਂਤੀ ਨਾਮ ਦੀ ਚੀਜ਼ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੁੰਦੀ ਅਤੇ ਨਾ ਹੀ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਸ਼ਾਂਤੀ ਦਾ ਸੋਮਾ ਕੀ ਹੈ, ਵਾਹਿਗੁਰੂ ਜੀ ਨੂੰ ਉਹ ਇਕ ਢਕੋਂਸਲਾ ਮੰਨਦੇ ਹਨ ਅਤੇ ਵਿਹਲੇ ਆਦਮੀਆਂ ਦੀ ਘਾੜਤ ਜਾਣ ਕੇ ਨਾ ਉਹ ਕਿਸੇ ਸਤਿਸੰਗ ਵਿਚ ਆਉਂਦੇ ਹਨ ਅਤੇ ਨਾ ਹੀ ਉਹ ਇਨ੍ਹਾਂ ਗੱਲਾਂ ਨੂੰ ਵਿਚਾਰਦੇ ਹਨ। ਉਹ ਇਨ੍ਹਾਂ ਵਲੋਂ ਬਿਲਕੁਲ ਅੱਖਾਂ ਮੀਚ ਕੇ ਰਖਦੇ ਹਨ। ਇਹ ਸਿਧਾਂਤ ਮਾਨਵ ਸ਼੍ਰੇਣੀ ਵਿਚੋਂ ਵਿਸ਼ਈ ਅਤੇ ਪਾਮਰ ਵਰਗ ਦਾ ਹੋਇਆ ਕਰਦਾ ਹੈ। ਮਹਾਂਪੁਰਸ਼ ਇਨ੍ਹਾਂ ਨੂੰ ਅਨੇਕ ਤਰੀਕਿਆਂ ਨਾਲ ਸਮਝਾਉਣ ਦਾ ਯਤਨ ਕਰਦੇ ਹਨ। ਜੇ ਕੋਈ ਰੂਹ ਵਿਛੜ ਜਾਵੇ ਅਤੇ ਉਹ ਕਈ ਘੰਟੇ ਪਿਛੋਂ ਫੇਰ ਸਰੀਰ ਵਿਚ ਪ੍ਰਵੇਸ਼ ਕਰ ਜਾਵੇ ਅਤੇ ਉਹ ਆਪਣਾ ਤਜਰਬਾ ਜੋ ਮਰਨ ਪਿਛੋਂ ਉਨ੍ਹਾਂ ਨੇ ਕੀਤਾ ਹੈ ਉਹ ਦਸਣ ਦਾ ਯਤਨ ਕਰੇ ਤਾਂ ਇਹ ਐਨਾ ਕਹਿ ਕੇ ਟਾਲ ਦਿੰਦੇ ਹਨ ਕਿ ਇਸ ਦਾ ਦਿਮਾਗ ਬੇਹੋਸ਼ੀ ਵਿਚ ਚਲਿਆ ਗਿਆ ਹੋਣਾ। ਜਿਸ ਤਰ੍ਹਾਂ ਸੁੱਤੇ ਪਏ ਸੁਪਨਾ ਆਉਂਦਾ ਹੈ ਇਸ ਤਰ੍ਹਾਂ ਇਸ ਨੇ ਕੋਈ ਸੁਪਨਾ ਦੇਖਿਆ ਹੈ। ਉਸਦੀ ਗੱਲ ਉਪਰ ਕੋਈ ਵੀ ਅਸਰ ਨਹੀਂ ਕਰਦਾ। ਭਾਵੇਂ ਮਹਾਂਪੁਰਸ਼ ਕਿੰਨੀਆਂ ਹੀ ਦਲੀਲਾਂ ਦੇਣ ਅਤੇ ਪ੍ਰਤੱਖ ਰੂਪ ਵਿਚ ਉਨ੍ਹਾਂ ਦੇ ਸਾਮ੍ਹਣੇ ਮਿਸਾਲਾਂ ਰੱਖਣ ਪਰ ਉਹ ਮੰਨਣ ਨੂੰ ਤਿਆਰ ਨਹੀਂ ਹੁੰਦੇ। ਜਿਹੜੇ ਪੁਰਸ਼ ਮੌਤ ਪਿਛੋਂ ਫਿਰ ਮੁੜ ਕੇ ਜਿਉਂਦੇ ਹੋ ਜਾਂਦੇ ਹਨ ਉਨ੍ਹਾਂ ਦੀ ਗੱਲ ਨੂੰ ਉਹ ਮੰਨਦੇ ਹੀ ਨਹੀਂ। ਇਸ ਕਰਕੇ ਉਹ ਸ਼ੁਭ ਕਰਮਾਂ ਅਤੇ ਸੁਧ ਜੀਵਨ ਸਚਾਈ ਭਰੇ ਵਾਤਾਵਰਨ ਵਿਚ ਵਿਸ਼ਵਾਸ਼ ਨਹੀਂ ਰਖਦੇ ਪਰ ਐਸੀਆਂ ਗੱਲਾਂ ਬਹੁਤ ਸਾਰੀਆਂ ਹਨ ਜਿਨ੍ਹਾਂ ਦਾ ਉਨ੍ਹਾਂ ਕੋਲ ਕੋਈ ਵੀ ਉਤਰ ਨਹੀਂ। ਵਾਹਿਗੁਰੂ ਜੀ ਨੇ ਐਸੀ ਨੇਤ ਰੱਖੀ ਹੋਈ ਹੈ ਕਿ ਸਮੇਂ-ਸਮੇਂ ਮਨੁੱਖ ਨੂੰ ਖਬਰਦਾਰ ਕਰਨ ਵਾਸਤੇ ਕੋਈ ਐਸੀ ਘਟਨਾ ਹੋ ਹੀ ਜਾਂਦੀ ਹੈ ਜਿਸ ਨੂੰ ਪਰਖਿਆ ਅਤੇ ਵਿਚਾਰਿਆ ਜਾਵੇ ਤਾਂ ਉਸ ਨੂੰ ਸੱਚ ਮੰਨਣ ਤੋਂ ਟਾਲਿਆ ਨਹੀਂ ਜਾ ਸਕਦਾ। ਇਸ ਗੱਲ ਨੂੰ ਸਮਝਣ ਲਈ ਪੁਰਾਣੀਆਂ ਗੱਲਾਂ ਸਾਰੀਆਂ ਛੱਡ ਕੇ ਇਕ ਪ੍ਰਤੱਖ ਵਰਤੀ ਹੋਈ ਘਟਨਾ ਮੈਂ ਆਪ ਸਾਰਿਆਂ ਨਾਲ ਸਾਂਝੀ ਕਰਦਾ ਹਾਂ।

ਇਕ ਵਾਰੀ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਜੀ ਦੇ ਦੀਵਾਨ ਮਾਲਵੇ ਵਿਚ ਕਲਿਆਣ ਦੇ ਪੁਲ ਪਾਸ ਲੱਗੇ ਹੋਏ ਸਨ। ਉਸ ਦੀਵਾਨ ਵਿਚ ਪ੍ਰਿੰਸੀਪਲ ਗੁਰਦਿਆਲ ਸਿੰਘ ਜੀ ਜੋ ਅੱਜਕਲ੍ਹ ਸੰਤ ਈਸ਼ਰ ਸਿੰਘ ਪਬਲੀਕੇਸ਼ਨ ਟਰੱਸਟ ਲੁਧਿਆਣੇ ਦੇ ਮੁਖੀ ਹਨ, ਬੈਠੇ ਕੀਰਤਨ ਸੁਣ ਰਹੇ ਸਨ। ਉਹ ਸੰਤ ਮਹਾਰਾਜ ਜੀ ਦੇ ਕਾਫੀ ਨਿਕਟਵਰਤੀ ਸਨ ਅਤੇ ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ) ਕਈ ਜ਼ਰੂਰੀ ਗੱਲਾਂ ਵਿਚ ਉਨ੍ਹਾਂ ਦੀ ਸਲਾਹ ਲੈ ਲਿਆ ਕਰਦੇ ਸਨ। ਜਦੋਂ ਇਸ ਪਿੰਡ ਵਿਚ ਕੀਰਤਨ ਦੀ ਸਮਾਪਤੀ ਹੋਈ ਤਾਂ ਸੰਤ ਮਹਾਰਾਜ ਜੀ ਨੇ ਕਿਹਾ ਕਿ ਇਥੇ ਇਕ ਕਰਨੀ ਕਮਾਈ ਵਾਲੇ ਪੁਰਸ਼ ਰਹਿੰਦੇ ਹਨ ਜਿਨ੍ਹਾਂ ਦਾ ਨਾਮ ਭਾਈ ਕਿਰਪਾਲ ਸਿੰਘ ਹੈ, ਤੁਸੀਂ ਉਨ੍ਹਾਂ ਨੂੰ ਮਿਲ ਕੇ ਆਓ। ਪ੍ਰਿੰ. ਗੁਰਦਿਆਲ ਸਿੰਘ ਮਹਾਰਾਜ ਜੀ ਦੇ ਹੁਕਮ ਮੁਤਾਬਿਕ ਉਨ੍ਹਾਂ ਪਾਸ ਚਲੇ ਗਏ। ਉਹ ਆਪਣੇ ਖੇਤ ਵਿਚ ਕੁਟੀਆ ਬਣਾ ਕੇ ਰਿਹਾ ਕਰਦੇ ਸਨ। ਪਰਿਵਾਰ ਦੇ ਮੈਂਬਰ ਪ੍ਰਸ਼ਾਦ ਪਾਣੀ ਦਾ ਬੰਦੋਬਸਤ ਕੁਟੀਆਂ ਵਿਚ ਹੀ ਕਰ ਦਿਆ ਕਰਦੇ ਸਨ। ਉਹ ਬਹੁਤਾ ਸਮਾਂ ਵਾਹਿਗੁਰੂ ਦੇ ਭਜਨ ਵਿਚ ਹੀ ਬਤੀਤ ਕਰਿਆ ਕਰਦੇ ਸਨ। ਜਦੋਂ ਇਨ੍ਹਾਂ ਨੇ ਆਪਣਾ ਪਰੀਚਾ ਕਰਾਇਆ ਤਾਂ ਭਾਈ ਕਿਰਪਾਲ ਸਿੰਘ ਜੀ ਨੇ ਇਨ੍ਹਾਂ ਨੂੰ ਬਿਠਾ ਲਿਆ ਅਤੇ ਆਪਣੀ ਹੱਡਬੀਤੀ ਸੁਣਾਉਣ ਲੱਗੇ।

ਉਨ੍ਹਾਂ ਨੇ ਕਿਹਾ ਕਿ ਮੈਂ 18 ਸਾਲ ਦੀ ਉਮਰ ਵਿਚ ਫੌਜ ਵਿਚ ਭਰਤੀ ਹੋ ਗਿਆ। ਮੇਰਾ ਕਦ ਕਾਠ ਖੁਲ੍ਹਾ ਡੁਲ੍ਹਾ ਸੀ ਅਤੇ ਸਰੀਰ ਵਿਚ ਜ਼ੋਰ ਵੀ ਬਹੁਤ ਸੀ ਉਨ੍ਹਾਂ ਦਿਨਾਂ ਵਿਚ ਫੌਜ ਵਿਚ ਮਜ਼ਬੂਤ ਬੰਦੇ ਭਰਤੀ ਕੀਤੇ ਜਾਇਆ ਕਰਦੇ ਸਨ। ਦੋ ਤਿੰਨ ਸੌ ਉਮੀਦਾਵਰਾਂ ਵਿਚੋਂ ਦੋ ਜਾਂ ਤਿੰਨ ਭਰਤੀ ਕੀਤੇ ਜਾਇਆ ਕਰਦੇ ਸਨ। ਮੈਂ ਫੌਜ ਵਿਚ ਚਲਿਆ ਗਿਆ। ਪੂਰੇ ਧਿਆਨ ਨਾਲ ਟਰੇਨਿੰਗ ਹਾਸਲ ਕੀਤੀ। ਜਦੋਂ ਮੇਰੀ ਸਰਵਿਸ ਪੰਜ ਸਾਲ ਦੀ ਹੋਈ ਤਾਂ ਮੈਨੂੰ ਰੀਜ਼ਰਵ ਲਿਸਟ ਤੇ ਲੈ ਕੇ ਕੁਝ ਮਾਇਆ ਜੋ ਰੀਜ਼ਰਵ ਲਿਸਟ ਵਾਲਿਆਂ ਨੂੰ ਦਿਆ ਕਰਦੇ ਹਨ ਉਹ ਮੇਰੀ ਤਨਖਾਹ ਦੇ ਰੂਪ ਵਿਚ ਦੇ ਕੇ ਮੈਨੂੰ ਘਰ ਭੇਜ ਦਿਤਾ। ਮੈਂ ਇਕੱਲਾ ਰਹਿੰਦਾ ਸੀ, ਪੂਰਾ ਜਵਾਨ ਸੀ, ਕੰਮ ਮੈਂ ਬਹੁਤ ਜੀਅ ਲਾ ਕੇ ਕਰਿਆ ਕਰਦਾ ਸੀ। ਮੈਂ ਪਿੰਡ ਦੇ ਗੁਰਦੁਆਰੇ ਸਾਹਿਬ ਵੀ ਜਾਂਦਾ ਸੀ, ਉਥੇ ਸ਼ਾਮ ਵੇਲੇ ਰਹਿਰਾਸ ਸਾਹਿਬ ਦਾ ਪਾਠ ਸੁਣਨਾ, ਅੰਮ੍ਰਿਤ ਵੇਲੇ ਗੁਰਦੁਆਰਾ ਸਾਹਿਬ ਦੀ ਖੂਹੀ ਤੇ ਹੀ ਇਸ਼ਨਾਨ ਕਰ ਲਿਆ ਕਰਦਾ ਸੀ ਅਤੇ ਪੰਜ ਬਾਣੀਆਂ ਜੋ ਫੌਜ ਵਿਚ ਗੁਰਦੁਆਰੇ ਸਾਹਿਬ ਦੇ ਗ੍ਰੰਥੀ, ਸਿਪਾਹੀਆਂ ਨੂੰ ਸਿਖਾ ਦਿਆ ਕਰਦੇ ਸਨ ਉਹ ਮੇਰੇ ਜ਼ੁਬਾਨੀ ਯਾਦ ਸਨ। ਮੈਂ ਉਨ੍ਹਾਂ ਦਾ ਨਿਤਨੇਮ ਕਰਦਾ ਸੀ।

ਇਕ ਵਾਰੀ ਅਜਿਹਾ ਹੋਇਆ ਕਿ ਮੈਂ ਬਿਮਾਰ ਪੈ ਗਿਆ ਅਤੇ ਥੋੜ੍ਹੇ ਦਿਨਾਂ ਵਿਚ ਚੜ੍ਹਾਈ ਕਰ ਗਿਆ। ਘਰ ਵਿਚ ਅਫਸੋਸ ਤਾਂ ਹੋਣਾ ਹੀ ਸੀ ਕਿਉਂਕਿ ਮੈਂ ਚੰਗਾ ਕਮਾਊ ਬੰਦਾ ਸੀ। ਰਿਸ਼ਤੇਦਾਰ ਵਗੈਰਾ ਇਕੱਠੇ ਹੋਏ ਅਤੇ ਮੇਰਾ ਸਸਕਾਰ ਕਰਨ ਲਈ ਸ਼ਮਸ਼ਾਨ ਭੂਮੀ ਵਲ ਲੈ ਗਏ। ਦੂਜੇ ਪਾਸੇ ਜਦੋਂ ਮੈਂ ਸਰੀਰ ਵਿਚੋਂ ਨਿਕਲਿਆ ਤਾਂ ਮੈਂ ਕੀ ਦੇਖਿਆ ਕਿ ਆਪਣੇ ਸਰੀਰ ਨੂੰ ਵੇਖ ਰਿਹਾ ਹਾਂ, ਘਰ ਵਾਲਿਆਂ ਨੂੰ ਰੋਂਦੇ ਪਿਟਦੇ ਵੀ ਦੇਖ ਰਿਹਾ ਹਾਂ, ਮੈਨੂੰ ਪਤਾ ਹੀ ਨਹੀਂ ਸੀ ਲਗ ਰਿਹਾ ਕਿ ਇਹ ਕਿਉਂ ਐਨਾ ਰੋ ਰਹੇ ਹਨ। ਮੈਂ ਆਪਣੇ ਸਰੀਰ ਨੂੰ ਦੇਖ ਰਿਹਾ ਸੀ। ਕੁਝ ਗਾਈਡ ਧਰਮਰਾਜ ਵਲੋਂ ਮੈਨੂੰ ਲੈਣ ਵਾਸਤੇ ਆਏ। ਜਮਦੂਤ ਸ਼ਾਇਦ ਇਸ ਕਰਕੇ ਨਾ ਆਏ ਹੋਣ ਕਿਉਂਕਿ ਮੈਂ ਗੁਰੂ ਦੀ ਬਾਣੀ ਪੜ੍ਹਦਾ ਸੀ। ਸ਼ਰਾਬ ਵਗੈਰਾ ਮੈਂ ਪੀਂਦਾ ਹੀ ਨਹੀਂ ਸੀ, ਨਾ

ਮੈਂ ਮਾਸ ਖਾਂਦਾ ਸੀ। ਸਾਧੂ ਸੰਤਾਂ ਦੇ ਬਚਨਾਂ ਦਾ ਮੇਰੇ ਮਨ ਵਿਚ ਅਸਰ ਹੋਇਆ ਹੋਇਆ ਸੀ। ਮੈਂ ਹਮੇਸ਼ਾ ਹੀ ਸੋਚਦਾ ਰਹਿੰਦਾ ਸੀ ਕਿ ਦਰਗਾਹ ਵਿਚ ਮੇਰੇ ਉਪਰ ਕਿਤੇ ਮਾਰ ਨਾ ਪਵੇ, ਇਸ ਕਰਕੇ ਨਾ ਮੈਂ ਕਿਸੇ ਨਾਲ ਦੁਰਵਿਹਾਰ ਕਰਦਾ ਸੀ, ਨਾ ਕਿਸੇ ਦਾ ਬੁਰਾ ਕਰਦਾ ਸੀ, ਚੁਗਲੀ ਨਿੰਦਿਆ ਮੈਂ ਕਰਦਾ ਹੀ ਨਹੀਂ ਸੀ। ਇਸ ਕਰਕੇ ਮੈਨੂੰ ਸਾਰੇ ਹੀ ਪਿਆਰ ਕਰਿਆ ਕਰਦੇ ਸਨ। ਮੇਰੇ ਇਸ ਸੁਭਾਅ ਨੂੰ ਦੇਖ ਕੇ ਬਹੁਤ ਸਾਰੇ ਮੇਰੇ ਮਿਤਰ ਬਣ ਗਏ। ਜੋ ਪੁਰਸ਼ ਮੈਨੂੰ ਲੈਣ ਆਏ ਸਨ ਉਨ੍ਹਾਂ ਨੇ ਦਸਿਆ ਕਿ ਤੂੰ ਚੜ੍ਹਾਈ ਕਰ ਗਿਆ ਹੈਂ, ਤੇਰਾ ਸਰੀਰ ਹੁਣ ਮੁਰਦਾ ਹੋ ਚੁਕਿਆ ਹੈ। ਅਸੀਂ ਤੈਨੂੰ ਛੇਤੀ ਤੋਂ ਛੇਤੀ ਧਰਮਰਾਜ ਦੀ ਦਰਗਾਹ ਵਿਚ ਲਿਜਾਉਣਾ ਚਾਹੁੰਦੇ ਹਾਂ, ਉਹ ਮੈਨੂੰ ਬਹੁਤ ਛੇਤੀ ਦਰਗਾਹ ਵਿਚ ਲੈ ਗਏ, ਉਥੇ ਮੇਰਾ ਹਿਸਾਬ ਕਿਤਾਬ ਦੇਖਣ ਲੱਗੇ ਤਾਂ ਮੇਰਾ ਨਾਮ ਕ੍ਰਿਪਾਲ ਸਿੰਘ ਤਾਂ ਮਿਲਦਾ ਸੀ ਪਰ ਮੇਰੇ ਪਿਤਾ ਦਾ ਨਾਮ ਨਹੀਂ ਸੀ ਮਿਲਦਾ। ਇਕ ਗੱਲ ਦਾ ਮੈਨੂੰ ਉਥੇ ਪਤਾ ਲੱਗਿਆ ਕਿ ਉਹ ਇਹ ਕਹਿ ਰਹੇ ਸਨ ਕਿ ਇਹ ਕਿਰਪਾਲ ਸਿੰਘ ਗੁਰੂ ਨਾਨਕ ਪਾਤਸ਼ਾਹ ਦਾ ਸਿੱਖ ਹੈ, ਇਸ ਨੇ ਅੰਮ੍ਰਿਤ ਛਕ ਕੇ ਗੁਰੂ ਧਾਰਨ ਕੀਤਾ ਹੋਇਆ ਹੈ, ਇਸ ਕਰਕੇ ਇਹ ਧਰਮਰਾਜ ਦੀ ਕਚਹਿਰੀ ਵਿਚ ਨਹੀਂ ਬੁਲਾਇਆ ਜਾ ਸਕਦਾ। ਸਾਧਸੰਗਤ ਜੀ! ਗੁਰੂ ਮਹਾਰਾਜ ਜੀ ਦਾ ਐਸਾ ਫੁਰਮਾਨ ਹੈ –

***ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***
***ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ॥***
***ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ॥***

***ਅੰਗ – 39***

ਉਹ ਕੁਝ ਹੈਰਾਨ ਸਨ ਕਿ ਅਸਾਥੋਂ ਕੋਈ ਭੁੱਲ ਹੋ ਗਈ ਹੈ, ਉਨ੍ਹਾਂ ਨੇ ਕਿਹਾ ਕਿ ਇਸ ਕ੍ਰਿਪਾਲ ਸਿੰਘ ਨੂੰ ਨਹੀਂ ਸੀ ਲਿਆਉਣਾ ਪਰ ਇਸੇ ਪਿੰਡ ਵਿਚ ਕ੍ਰਿਪਾਲ ਸਿੰਘ ਨਾਮ ਦਾ ਤਰਖਾਣਾਂ ਦਾ ਮੁੰਡਾ ਹੈ, ਉਸ ਨੂੰ ਛੇਤੀ ਤੋਂ ਛੇਤੀ ਲਿਆਓ ਅਤੇ ਇਸ ਨੂੰ ਦੇਹ ਵਿਚ ਪ੍ਰਵੇਸ਼ ਕਰਾ ਕੇ ਜਿਉਂਦਾ ਕਰੋ। ਉਨ੍ਹਾਂ ਦਾ ਵਤੀਰਾ ਮੇਰੇ ਨਾਲ ਬਹੁਤ ਪਿਆਰ ਵਾਲਾ ਸੀ। ਕੁਝ ਕਹਿਣ ਦਾ ਹੌਂਸਲਾ ਮੈਨੂੰ ਹੋ ਗਿਆ ਉਨ੍ਹਾਂ ਨੂੰ ਮੈਂ ਕਿਹਾ ਕਿ ਤੁਸੀਂ ਮੈਨੂੰ ਵਾਪਸ ਸੰਸਾਰ ਵਿਚ ਭੇਜ ਰਹੇ ਹੋ ਉਥੇ ਮੈਨੂੰ ਲੋਕ ਪੁਛਣਗੇ ਕਿ ਤੂੰ ਕੀ ਦੇਖਿਆ ਹੈ? ਤੁਸੀਂ ਤਾਂ ਮੈਨੂੰ ਅਜਿਹੇ ਰਸਤੇ ਤੋਂ ਲਿਆਏ ਹੋ ਕਿ ਮੈਂ ਕੁਝ ਨਹੀਂ ਦੇਖ ਸਕਿਆ। ਤੁਸੀਂ ਮੈਨੂੰ ਜਾਂਦੇ ਹੋਏ ਨਰਕ ਤਾਂ ਦਿਖਾ ਦੇਵੋ ਕਿਹੋ ਜਿਹੇ ਹੁੰਦੇ ਹਨ। ਉਨ੍ਹਾਂ ਨੇ ਆਪਸ ਵਿਚ ਵਿਚਾਰ ਕਰਕੇ ਮੈਨੂੰ ਨਰਕਾਂ ਦੇ ਉਪਰੋਂ ਦੀ ਲੰਘਾਇਆ। ਉਥੇ ਅਤਿ ਦੀ ਗਰਮੀ ਮਹਿਸੂਸ ਹੋਈ ਜਿਸ ਬਾਰੇ ਬਾਣੀ ਵਿਚ ਵੀ ਫੁਰਮਾਨ ਹੈ –

***ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥***
***ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥***

***ਅੰਗ – 1383***

***ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ॥***
***ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥***

***ਅੰਗ – 1383***

ਗੁਰੂ ਨਾਨਕ ਪਾਤਸ਼ਾਹ ਨੇ ਵੀ ਉਸ ਦੇ ਬਾਰੇ ਦਸਿਆ ਹੈ–

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ॥।***

***ਅੰਗ – 1425***

ਮੈਂ ਸਵਰਗ ਦੇਖਣ ਦੀ ਵੀ ਇੱਛਾ ਕੀਤੀ ਉਨ੍ਹਾਂ ਨੇ ਕਿਹਾ ਕਿ ਤੇਰਾ ਸਰੀਰ ਸਮਸ਼ਾਨ ਭੂਮੀ ਵਲ ਨੂੰ ਲਿਜਾ ਰਹੇ ਹਨ। ਇਸ ਤੋਂ ਪਹਿਲਾਂ ਕਿ ਉਹ ਅਗਨ ਭੇਟ ਕਰ ਦੇਣ ਅਸੀਂ ਤੈਨੂੰ ਵਾਪਸ ਦੇਹ ਵਿਚ ਪਾਉਣਾ ਚਾਹੁੰਦੇ ਹਾਂ। ਜਦੋਂ ਮੈਂ ਬਾਰ-ਬਾਰ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਸਵਰਗਾਂ ਦਾ ਹਵਾਈ ਜਹਾਜ਼ ਵਾਂਗੂੰ ਦ੍ਰਿਸ਼ ਦਿਖਾ ਦਿਤਾ। ਮੈਂ ਐਨਾ ਹੀ ਕਹਿ ਸਕਦਾ ਹਾਂ ਕਿ ਨਰਕਾਂ ਵਿਚ ਦੁਖ ਹੀ ਦੁਖ ਹਨ, ਸਵਰਗਾਂ ਵਿਚ ਸੁਖ ਹੀ ਸੁਖ ਹਨ ਹੋਰ ਮੈਂ ਕੁਝ ਨਹੀਂ ਜਾਣਦਾ।

ਇਧਰ ਇਹ ਹੋਇਆ ਕਿ ਮੇਰਾ ਸਰੀਰ ਅਗਨ ਭੇਟ ਕਰ ਦਿਤਾ ਉਸੇ ਸਮੇਂ ਉਨ੍ਹਾਂ ਨੇ ਮੇਰੀ ਰੂਹ ਸਰੀਰ ਵਿਚ ਪ੍ਰਵੇਸ਼ ਕਰਾ ਦਿਤੀ ਮੈਂ ਇਕ ਦਮ ਝਟਕਾ ਮਾਰਿਆ ਅਤੇ ਅਰਥੀ ਨਾਲ ਜੋ ਬਾਣ ਦੀਆਂ ਰੱਸੀਆਂ ਮੇਰੇ ਉਪਰ ਬੰਨ੍ਹੀਆਂ ਹੋਈਆਂ ਸਨ ਟੁੱਟ ਗਈਆਂ। ਉਪਰਲੀਆਂ ਲੱਕੜਾਂ ਇਧਰ ਉਧਰ ਖਿੰਡ ਗਈਆਂ ਲੋਕਾਂ ਨੂੰ ਕੁਝ ਵੀ ਨਾ ਪਤਾ ਲੱਗਿਆ ਕਿ ਕੀ ਹੋ ਰਿਹਾ ਹੈ ਜਦੋਂ ਉਨ੍ਹਾਂ ਨੇ ਦੇਖਿਆ ਤਾਂ ਮੈਂ ਇਕ ਪਾਸੇ ਬੈਠਾ ਆਪਣੀ ਲੱਤ ਨੂੰ ਲੱਗੀ ਅੱਗ ਬੁਝਾ ਰਿਹਾ ਸੀ। ਆਹ ਮੇਰੀ ਲੱਤ ਦੇਖੋ ਇਸ ਉਪਰ ਨਿਸ਼ਾਨ ਪਿਆ ਹੋਇਆ ਹੈ। ਸਾਰੇ ਸੋਗ ਖੁਸ਼ੀਆਂ ਵਿਚ ਬਦਲ ਗਏ। ਮੈਂ ਆਪਣੇ ਮਾਂ ਬਾਪ ਭਰਾਵਾਂ ਨੂੰ ਬੁਲਾ ਕੇ ਕਿਹਾ ਕਿ ਮੈਂ ਸਭ ਕੁਝ ਆਪਣੀਆਂ ਅੱਖਾਂ ਨਾਲ ਦੇਖ ਆਇਆ ਹਾਂ ਉਹ ਮੈਨੂੰ ਛੱਡ ਗਏ ਪਰ ਕਿਰਪਾਲ ਸਿੰਘ ਮਿਸਤਰੀ ਨੂੰ ਲੈਣ ਚਲੇ ਗਏ। ਉਹ ਥੋੜ੍ਹੀ ਦੇਰ ਪਹਿਲਾਂ ਕੁਹਾੜੇ ਨਾਲ ਮੇਰੀ ਚਿਤਾ ਵਿਚ ਪਾਉਣ ਲਈ ਲਕੜਾਂ ਪਾੜ ਕੇ ਹਟਿਆ ਸੀ। ਅਗ ਲੱਗਣ ਉਪਰੰਤ ਉਹ ਕਿੱਕਰ ਉਪਰ ਚੜ੍ਹ ਗਿਆ ਜਿਥੋਂ ਉਸ ਨੇ ਬਾਂਹੇ (ਦਸਤੇ) ਲਈ ਲੱਕੜੀ ਕਟਣੀ ਸੀ। ਜਦੋਂ ਉਸ ਨੇ ਕੁਹਾੜਾ ਟਾਹਣੇ ਨੂੰ ਮਾਰਿਆ ਤਾਂ ਉਹ ਆਪਣਾ balance ਕਾਬੂ ਨਾ ਰੱਖ ਸਕਿਆ ਅਤੇ ਸਿਰ ਭਰਨੇ ਗਿਰ ਕੇ ਮਰ ਗਿਆ। ਉਸੇ ਵੇਲੇ ਜਮਦੂਤਾਂ ਨੇ ਉਸ ਦੀ ਰੂਹ ਨੂੰ ਫੜ ਲਿਆ, ਰੌਲਾ ਪੈ ਗਿਆ ਕਿ ਕਿਰਪਾਲ ਸਿੰਘ ਮਿਸਤਰੀ ਮਰ ਗਿਆ, ਮੇਰੀ ਚਿਖਾ ਉਪਰ ਹੀ ਉਸ ਦਾ ਸੰਸਕਾਰ ਕੀਤਾ ਗਿਆ।

ਭਾਈ ਕਿਰਪਾਲ ਸਿੰਘ ਜੀ ਕਹਿਣ ਲੱਗੇ ਕਿ ਪ੍ਰਿੰਸੀਪਲ ਜੀ! ਸੰਤ ਮਹਾਰਾਜ ਜੀ ਇਸ ਘਟਨਾ ਬਾਰੇ ਪੂਰੀ ਤਰ੍ਹਾਂ ਨਾਲ ਜਾਣਦੇ ਹਨ ਜਦੋਂ ਵੀ ਹੁਕਮ ਦੇ ਕੇ ਕਿਸੇ ਨੂੰ ਭੇਜਦੇ ਹਨ ਤਾਂ ਉਨ੍ਹਾਂ ਦੀ ਮਨਸਾ ਇਹੀ ਹੁੰਦੀ ਹੈ ਕਿ ਮੈਂ

ਆਪਣੀ ਹੱਡਬੀਤੀ ਸੁਣਾਵਾਂ। ਤੁਸੀਂ ਇਸ ਉਪਰ ਵਿਸ਼ਵਾਸ਼ ਰੱਖੋ ਅਤੇ ਉਹ ਦਿਨ ਯਾਦ ਰੱਖੋ ਕਿ ਤੁਸੀਂ ਵੀ ਇਕ ਦਿਨ ਸੰਸਾਰ ਛੱਡ ਕੇ ਚਲੇ ਜਾਣਾ ਹੈ।

ਪਰਿਵਾਰ ਮੇਰੇ ਆਲੇ ਦੁਆਲੇ ਇਕੱਠਾ ਹੋ ਗਿਆ। ਪਿੰਡ ਦੇ ਹਕੀਮ ਨੂੰ ਛੇਤੀ ਬੁਲਾ ਕੇ ਲਿਆਏ। ਉਸ ਨੇ ਮੇਰੇ ਜਲੇ ਹੋਏ ਥਾਂ ਉਪਰ ਦਵਾਈ ਲਗਾਈ। ਮੈਨੂੰ ਸਹਾਰਾ ਦੇ ਕੇ ਘਰ ਲਿਜਾਉਣ ਵਾਸਤੇ ਖੜ੍ਹਾ ਕਰ ਲਿਆ। ਘਰ ਆ ਕੇ ਮੈਂ ਇਸ ਜ਼ਖਮ ਦਾ ਇਲਾਜ ਕਰਾਇਆ ਅਤ ਘਰਦਿਆਂ ਨੂੰ ਦਸਿਆ ਕਿ ਮੈਂ ਸਭ ਕੁਝ ਦੇਖ ਆਇਆ ਹਾਂ ਇਸ ਸੰਸਾਰ ਤੋਂ ਸਭ ਨੇ ਜਾਣਾ ਹੈ। ਗੁਰੂ ਮਹਾਰਾਜ ਜੀ ਕਿੰਨੀ ਸਪਸ਼ਟਤਾ ਨਾਲ ਸਾਨੂੰ ਦਸ ਰਹੇ ਹਨ –

***ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥***
***ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥***
***ਅਉਧ ਘਟੈ ਦਿਨਸੁ ਰੈਣਾਰੇ॥***
***ਮਨ ਗੁਰ ਮਿਲਿ ਕਾਜ ਸਵਾਰੇ॥***
***ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ॥***
***ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ॥***

***ਅੰਗ – 13***

ਇਹ ਤੁਸੀਂ ਵੀ ਪੜ੍ਹਦੇ ਸੁਣਦੇ ਹੋ ਮੈਂ ਵੀ ਪੜ੍ਹਦਾ ਹਾਂ ਪਰ ਮੈਂ ਸਭ ਕੁਝ ਆਪਣੀਆਂ ਅੱਖਾਂ ਨਾਲ ਦੇਖ ਆਇਆ ਹਾਂ। ਇਹ ਕਾਰੋਬਾਰ, ਧਨ ਕਮਾਉਣ ਦੇ ਯਤਨ ਇਹ ਸਾਰੇ ਝੂਠੇ ਹਨ। ਦੇਖੋ ਤੁਸੀਂ ਮੇਰੀ ਕੋਈ ਸਹਾਇਤਾ ਨਹੀਂ ਕਰ ਸਕਿਆ, ਤੁਸੀਂ ਤਾਂ ਇਥੇ ਵੀ ਮੇਰੀ ਸਹਾਇਤਾ ਨਹੀਂ ਕਰਦੇ ਦਰਗਾਹ ਵਿਚ ਤਾਂ ਕੀ ਕਰਨੀ ਹੈ। ਦਰਗਾਹ ਵਿਚ ਮੈਂ ਤਾਂ ਬਚ ਗਿਆ ਕਿਉਂਕਿ ਮੈਂ ਗੁਰੂ ਵਾਲਾ ਬਣਿਆ ਹੋਇਆ ਸੀ, ਬਾਣੀ ਪਿਆਰ ਨਾਲ ਪੜ੍ਹਿਆ ਕਰਦਾ ਸੀ। ਰਾਤ ਨੂੰ ਵੀ ਸਿਮਰਨ ਵਿਚ ਕੁਝ ਸਮਾਂ ਬੈਠ ਜਾਈਦਾ ਸੀ। ਉਸ ਨੇ ਹੀ ਮੇਰੀ ਸਹਾਇਤਾ ਕੀਤੀ ਹੈ। ਉਹ ਮੈਨੂੰ ਕਿਸੇ ਕਠਨ ਥਾਂ ਤੋਂ ਨਹੀਂ ਲੈ ਕੇ ਗਏ, ਨਾ ਉਥੇ ਮੈਨੂੰ ਪਿਆਸ ਲੱਗੀ, ਨਾ ਭੁੱਖ ਲੱਗੀ ਜਿਹੜਾ ਮੈਂ ਆਪਣੇ ਜੀਵਨ ਵਿਚ ਥੋੜ੍ਹਾ ਬਹੁਤ ਭਜਨ ਕਰਿਆ ਓਹੀ ਮੇਰਾ ਅਧਾਰ ਬਣਿਆ ਰਿਹਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥***
***ਹਰਿ ਕਾ ਨਾਮੁ ਊਹਾ ਸੰਗਿ ਤੋਸਾ॥***
***ਜਿਹ ਪੈਡੈ ਮਹਾ ਅੰਧ ਗੁਬਾਰਾ॥***
***ਹਰਿ ਕਾ ਨਾਮੁ ਸੰਗਿ ਉਜੀਆਰਾ॥***
***ਜਹਾ ਪੰਥਿ ਤੇਰਾ ਕੋ ਨ ਸਿਞਾਨੂ॥***
***ਹਰਿ ਕਾ ਨਾਮੁ ਤਹ ਨਾਲਿ ਪਛਾਨੂ॥***
***ਜਹ ਮਹਾ ਭਇਆਨ ਤਪਤਿ ਬਹੁ ਘਾਮ॥***
***ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥***
***ਜਹਾ ਤ੍ਰਿਖਾ ਮਨ ਤੁਝੁ ਆਕਰਖੈ॥***
***ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥***

***ਅੰਗ –264***

***ਜਹ ਮਾਤ ਪਿਤਾ ਸੁਤ ਮੀਤ ਨ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥***
***ਜਹ ਮਹਾ ਭਇਆਨ ਦੂਤ ਜਮ ਦਲੈ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥***
***ਜਹ ਮੁਸਕਲ ਹੋਵੈ ਅਤਿ ਭਾਰੀ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥***
***ਅਨਿਕ ਪੁਨਹ ਚਰਨ ਕਰਤ ਨਹੀ ਤਰੈ॥***
***ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥***
***ਗੁਰਮੁਖਿ ਨਾਮੁ ਜਪਹੁ ਮਨ ਮੇਰੇ॥***
***ਨਾਨਕ ਪਾਵਹੁ ਸੂਖ ਘਨੇਰੇ॥***

***ਅੰਗ – 264***

ਕਹਿਣ ਲੱਗੇ ਕਿ ਪ੍ਰਿੰਸੀਪਲ ਜੀ! ਦੇਖੋ ਮੈਂ ਸਪਸ਼ਟ ਤੌਰ ਤੇ ਦੁਨੀਆਂ ਦੇ ਬੰਦਿਆਂ ਨੂੰ ਇਸ ਘਟਨਾ ਬਾਰੇ ਦਸ ਰਿਹਾ ਹਾਂ ਪਰ ਕੋਈ ਭਾਗਾਂ ਵਾਲਾ ਹੀ ਹੈ ਜੋ ਮੇਰੀ ਗੱਲ ਤੇ ਵਿਸ਼ਵਾਸ਼ ਕਰਕੇ ਦ੍ਰਿੜ੍ਹਤਾ ਨਾਲ ਨਾਮ ਬਾਣੀ ਦੀ ਕਮਾਈ ਕਰੇ। ਪਰ ਮੈਂ ਹੈਰਾਨ ਹਾਂ ਕਿ ਗੱਲ ਸੁਣ ਕੇ ਕੁਝ ਦੇਰ ਤਾਂ ਉਹ ਸਹਿਮ ਜਾਂਦੇ ਹਨ ਪਰ ਥੋੜ੍ਹੀ ਦੇਰ ਬਾਦ ਫੇਰ ਉਥੇ ਦੇ ਉਥੇ ਆ ਜਾਂਦੇ ਹਨ। ਜਿਵੇਂ ਕਿ – 'ਪੰਚਾ ਦਾ ਕਹਿਆ ਸਿਰ ਮੱਥੇ ਪਤਨਾਲਾ ਥਾਂ ਦੀ ਥਾਂ', ਵਾਲੀ ਗੱਲ ਹੈ। ਇਹ ਸੁਣਦੇ ਨਹੀਂ ਹਨ। ਬਾਬਾ ਫਰੀਦ ਜੀ ਨੇ ਸਪਸ਼ਟ ਕਿਹਾ ਹੈ ਕਿ ਇਸ ਬੰਦੇ ਨੂੰ ਚਾਰੇ ਵੇਦ, ਛੇ ਸ਼ਾਸ਼ਤਰ, ਸਾਰੇ ਧਰਮ ਗ੍ਰੰਥ ਉਚੀ-ਉਚੀ ਬੋਲ ਕੇ ਦਸ ਰਹੇ ਹਨ ਕਿ ਪਿਆਰਿਆ! ਤੂੰ ਇਸ ਸੰਸਾਰ ਵਿਚ ਨਹੀਂ ਰਹਿਣਾ, ਤੈਨੂੰ ਜਾਣਾ ਹੀ ਪੈਣਾ ਹੈ, ਤੂੰ ਅੱਗੇ ਵਾਸਤੇ ਤੋਸਾ ਬੰਨ੍ਹ ਲੈ, ਤੂੰ ਆਪਣਾ ਜੀਵਨ ਮਾਇਆ ਵਿਚ ਲਗਾ ਕੇ ਬਰਬਾਦ ਨਾ ਕਰ। ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ –

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥***

***ਅੰਗ – 1378***

ਸੰਤ ਮਹਾਰਾਜ ਜੀ ਬਹੁਤ ਵਾਰੀ ਇਸ ਘਟਨਾ ਦਾ ਜ਼ਿਕਰ ਦੀਵਾਨਾਂ ਵਿਚ ਵੀ ਕਰਿਆ ਕਰਦੇ ਸਨ। ਅਸੀਂ ਕੁਝ ਸਹਿਮ ਵੀ ਜਾਂਦੇ ਸਾਂ ਅਤੇ ਕੁਝ ਕਰਨ ਦਾ ਇਰਾਦਾ ਵੀ ਹੋ ਜਾਂਦਾ ਸੀ। ਸੋਚ ਲੈਂਦੇ ਸੀ ਕਿ ਜੇ ਮੁਕਤ ਨਹੀਂ ਹੋ ਸਕਦੇ ਤਾਂ ਥੋੜ੍ਹਾ ਬਹੁਤ ਤੋਸਾ ਤਾਂ ਨਾਲ ਬੰਨ੍ਹ ਲਈਏ। ਸਾਧਸੰਗਤ ਜੀ! ਇਹ ਬਚਨ ਮੈਂ ਇਸ ਕਰਕੇ ਕਹੇ ਹਨ ਕਿ ਐਨਾ ਪ੍ਰਤੱਖ ਹੋਣ ਦੇ ਬਾਵਜੂਦ ਵੀ ਆਦਮੀ ਉਪਰ ਕੋਈ ਅਸਰ ਨਹੀਂ ਹੋਇਆ ਕਰਦਾ। ਇਹ ਘਟਨਾ ਯਾਦਦਾਸ਼ਤ ਲਈ ਸੋਹਣੀ ਗੱਲ ਬਣ ਜਾਂਦੀ ਹੈ ਪਰ ਅਸੀਂ ਇਸ ਤੋਂ ਕੋਈ ਸੇਧ ਨਹੀਂ ਲੈਂਦੇ।

ਸਾਧਸੰਗਤ ਜੀ! ਮੈਂ ਜਿਵੇਂ ਬੇਨਤੀ ਕੀਤੀ ਸੀ ਕਿ ਪਾਮਰ ਅਤੇ ਭੋਗੀ ਪੁਰਸ਼ ਐਨੀ ਵੱਡੀ ਸਚਾਈ ਹੋਣ ਦੇ ਬਾਵਜੂਦ ਵੀ ਆਪਣਾ ਜੀਵਨ ਭੋਗਾਂ ਵਿਚ ਮਨਮੁਖਤਾਈ ਵਿਚ ਪਏ ਹੋਏ ਗੁਜ਼ਾਰ ਦਿੰਦੇ ਹਨ। ਜੇ ਕਹੋ ਖਾਓ, ਪੀਓ,

ਮੌਜ ਕਰੋ, ਤਾਂ ਆਦਮੀ ਕਿੰਨਾ ਕੁ ਖਾ ਸਕਦਾ ਹੈ, ਬਹੁਤਾ ਖਾਣ ਨਾਲ ਰੋਗੀ ਹੋ ਜਾਂਦੇ ਹਨ। ਆਦਮੀ ਦਾ ਸਰੀਰ ਪੀੜਤ ਹੁੰਦਾ ਹੈ। ਸ਼ਰਾਬ ਪੀਣ ਨਾਲ ਸਾਰੀ ਸਪਿਰਟ ਅੰਦਰ ਚਲੀ ਜਾਂਦੀ ਹੈ। ਦਿਮਾਗ ਦੀ ਸੋਚਣ ਸ਼ਕਤੀ ਘਟ ਜਾਂਦੀ ਹੈ। ਸ਼ਰਾਬੀ ਨਾ ਆਪਣੀ ਇਜ਼ਤ ਦੀ ਪਰਵਾਹ ਕਰਦਾ ਹੈ ਅਤੇ ਨਾ ਕਿਸੇ ਹੋਰ ਦੀ ਪਰਵਾਹ ਕਰਦਾ ਹੈ। ਜੇ ਕਹੋ be merry ਇਹ ਸਭ ਖਿਆਲੀ ਗੱਲਾਂ ਹਨ, ਭੋਗ ਦੇਰ ਤਕ ਕਾਇਮ ਨਹੀਂ ਰਹਿੰਦੇ। ਪਹਿਲਾਂ ਰਜ ਕੇ ਖਾ ਲਿਆ ਪਰ ਉਸ ਨੇ ਜੋ ਪੀੜਾ ਦੇਣੀ ਹੈ, ਜੋ ਇਸ ਮਾੜਾ ਖਾਧੇ ਨੇ ਨਾੜਾਂ ਵਿਚ ਆਪਣੇ ਅੰਸ ਜਮਾਂ ਕਰ ਦੇਣੇ ਹਨ ਅਤੇ ਚਲਦੇ ਖੂਨ ਨੂੰ ਰੋਕ ਦੇਣਾ ਹੈ ਉਸ ਨਾਲ ਰੋਗ ਲਗ ਜਾਣੇ ਨੇ। ਮਹਾਰਾਜ ਜੀ ਦਾ ਫੁਰਮਾਨ ਹੈ -

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥*** ***ਅੰਗ - 1256***

ਸੋ ਇਸ ਕਰਕੇ ਇਹ ਜੋ ਸਿਧਾਂਤ ਹੈ ਇਹ ਉਨ੍ਹਾਂ ਪੁਰਸ਼ਾਂ ਦੀ ਹੈ ਜੋ ਅੱਖਾਂ ਦੇ ਅੰਨੇ ਅਤੇ ਕੰਨਾਂ ਦੇ ਬੋਲੇ ਹਨ। ਉਨ੍ਹਾਂ ਬਾਰੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ।।***
***ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥***
***ਅੰਗ - 947***

ਇਸ ਤਰ੍ਹਾਂ ਹੁੰਦਾ ਹੈ ਜਦੋਂ ਸਰੀਰ ਛੱਡ ਜਾਂਦਾ ਹੈ ਤਾਂ ਉਸ ਵੇਲੇ ਵਾਸ਼ਨਾਵਾਂ ਸੂਖਸ਼ਮ ਸਰੀਰ ਨੂੰ ਘੇਰ ਲੈਂਦੀਆਂ ਹਨ ਅਤੇ ਉਨ੍ਹਾਂ ਦੀ ਪੂਰਤੀ ਨਾ ਹੋਣ ਕਰਕੇ ਇਹ ਦੁਖੀ ਹੁੰਦਾ ਹੈ, ਰੋਂਦਾ ਹੈ, ਵਿਰਲਾਪ ਕਰਦਾ ਹੈ। ਉਨ੍ਹਾਂ ਵਾਸ਼ਨਾਵਾਂ ਦੇ ਮੁਤਾਬਿਕ ਜਦੋਂ ਉਸ ਨੂੰ ਨਵੇਂ ਸਰੀਰ ਵਿਚ ਪਾਇਆ ਜਾਂਦਾ ਹੈ ਤਾਂ ਉਸ ਦੇ ਸਾਮ੍ਹਣੇ ਕਿੰਨੇ ਦੁਖ ਆ ਜਾਂਦੇ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੇ ਬਿਰਤੀ ਮਾਇਆ ਵਿਚ ਰਹਿ ਜਾਵੇ ਤਾਂ ਸੱਪ ਬਣ ਜਾਇਆ ਕਰਦਾ ਹੈ, ਜੇ ਬਾਲ ਬੱਚਿਆਂ ਵਿਚ ਰਹਿ ਜਾਵੇ ਤਾਂ ਸੂਰ ਦੀ ਜੂਨੀ ਮਿਲਦੀ ਹੈ। ਜੇ ਕਾਮੁਕ ਭੋਗਾਂ ਵਿਚ ਰਹਿ ਜਾਵੇ ਤਾਂ ਵੇਸਵਾ ਦਾ ਜਨਮ ਮਿਲਿਆ ਕਰਦਾ ਹੈ। ਜੇ ਪ੍ਰਾਪਟੀਆਂ, ਜਾਇਦਾਦਾਂ ਵਿਚ ਸੁਰਤੀ ਰਹਿ ਜਾਵੇ ਤਾਂ ਸਰੀਰ ਛੱਡਣ ਤੋਂ ਬਾਦ ਪ੍ਰੇਤ ਦੀ ਸਭ ਤੋਂ ਪੀੜਤ ਤੇ ਨੀਵੀਂ ਜੂਨ ਮਿਲਿਆ ਕਰਦੀ ਹੈ। ਇਹ ਭਾਰੀ ਨਰਕਾਂ ਦੇ ਦੁੱਖ ਸਹਿਣ ਵਾਲੀ ਜੂਨ ਹੈ। ਪਰ ਜੇ ਕਿਸੇ ਪ੍ਰੇਮੀ ਦੀ ਬਿਰਤੀ ਨਾਮ ਵਲ ਲੱਗੀ ਹੋਵੇ ਉਸ ਲਈ ਕਦੇ ਦੁਖ ਨਹੀਂ ਹੋਇਆ ਕਰਦਾ ਅਤੇ ਸੱਚੀ ਦਰਗਾਹ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਚਾਰ ਪ੍ਰਕਾਰ ਦੀਆਂ ਮੁਕਤੀਆਂ ਹਨ ਉਹ ਉਸ ਨੂੰ ਪ੍ਰਾਪਤ ਹੋ ਜਾਂਦੀਆਂ ਹਨ। ਚਾਰ ਮੁਕਤੀਆਂ ਬਾਰੇ ਮਹਾਂਪੁਰਸ਼ ਫੁਰਮਾਨ ਕਰਦੇ ਹਨ 1. ਸਮੀਪ 2. ਸਾਲੋਕ 3. ਸਾਰੂਪ 4. ਸਾਜੁਜ਼। ਇਹ ਚਾਰ ਤਰ੍ਹਾਂ ਦੀਆਂ ਮੁਕਤੀਆਂ ਕਰਨੀ ਕਮਾਈ ਵਾਲੇ ਜੀਵਾਂ ਨੂੰ ਪ੍ਰਾਪਤ ਹੋਇਆ ਕਰਦੀਆਂ ਹਨ। ਜੇ ਬ੍ਰਹਮ ਗਿਆਨ ਹੋ ਜਾਵੇ ਤਾਂ ਪ੍ਰਮੇਸ਼ਰ ਵਿਚ ਹੀ ਲੀਨ ਹੋ ਕੇ ਪ੍ਰਮੇਸ਼ਰ ਦਾ ਰੂਪ ਹੀ ਬਣ ਜਾਇਆ ਕਰਦਾ ਹੈ ਜਿਸ ਦੇ ਬਾਰੇ ਫੁਰਮਾਨ ਹੈ -

***ਅੰਤਿ ਕਾਲ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਸਰਪ ਜੋਨਿ ਵਲਿ ਵਲਿ ਅਉਤਰੈ॥***
***ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ॥***
***ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਬੇਸਵਾ ਜੋਨਿ ਵਲਿ ਵਲਿ ਅਉਤਰੈ॥***
***ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਸੂਕਰ ਜੋਨਿ ਵਲਿ ਵਲਿ ਅਉਤਰੈ॥***
***ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਪ੍ਰੇਤ ਜੋਨਿ ਵਲਿ ਵਲਿ ਅਉਤਰੈ॥***
***ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥***
***ਅੰਗ - 526***

ਸੋ ਇਹ ਜੋ ਜ਼ਿਕਰ ਕੀਤਾ ਹੈ ਉਨ੍ਹਾਂ ਪੁਰਸ਼ਾਂ ਵਾਸਤੇ ਵਿਸ਼ੇਸ਼ ਹੁੰਦਾ ਹੈ ਜਿਨ੍ਹਾਂ ਦਾ ਇਹ ਮਤ ਹੁੰਦਾ ਹੈ ਕਿ Eat drink and be merry for we shall have to die. ਇਹ ਪਾਮਰ ਅਤੇ ਵਿਸ਼ਈ ਸ਼੍ਰੇਣੀ ਵਿਚ ਆਉਂਦੇ ਹਨ। ਇਨ੍ਹਾਂ ਨੂੰ ਸਤਿਸੰਗ ਦੀ ਕੋਈ ਸੋਝੀ ਨਹੀਂ ਹੋਇਆ ਕਰਦੀ, ਨਾ ਹੀ ਸਤਿਸੰਗ ਕਰਨ ਦਾ ਕੋਈ ਲੇਖ ਹੀ ਇਨ੍ਹਾਂ ਦੇ ਮੱਥੇ ਵਿਚ ਲਿਖਿਆ ਹੁੰਦਾ ਹੈ। ਪਸ਼ੂਆਂ ਵਾਂਗੂੰ ਖਾਣ ਪੀਣ ਸੌਣ ਤਕ ਹੀ ਇਹ ਜੀਵ ਹੋਇਆ ਕਰਦਾ ਹੈ। ਇਹ ਲੋਕ ਪਸ਼ੂਆਂ ਵਾਂਗੂੰ ਹੀ ਜੀਵਨ ਬਤੀਤ ਕਰਦੇ ਹਨ। ਇਸ ਕਰਕੇ ਇਹ ਸੰਸਾਰ ਵਿਚ ਜਿਹੋ ਜਿਹੇ ਆਏ ਉਹੋ ਜਿਹੇ ਨਾ ਆਏ ਦੇ ਬਰਾਬਰ ਹੀ ਹੋਇਆ ਕਰਦੇ ਹਨ ਇਨ੍ਹਾਂ ਬਾਰੇ ਹੀ ਫੁਰਮਾਨ ਆਉਂਦਾ ਹੈ -

***ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ॥***
***ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ॥***
***ਅੰਗ - 1383***

ਇਹ ਸੁੰਨੇ ਘਰ ਦੇ ਕਾਂ ਵਾਂਗੂੰ ਕਾਂ-ਕਾਂ ਕਰਦੇ ਸੰਸਾਰ ਤੋਂ ਤੁਰ ਜਾਇਆ ਕਰਦੇ ਹਨ। ਦੂਜੀ ਗੱਲ ਇਹ ਹੈ ਕਿ ਇਨ੍ਹਾਂ ਨੂੰ ਕਿੰਨਾ ਹੀ ਸਤਿਸੰਗ ਬਾਰੇ ਦੱਸੋ ਇਨ੍ਹਾਂ ਨੂੰ ਕੋਈ ਅਸਰ ਨਹੀਂ ਹੁੰਦਾ ਕਿਉਂਕਿ ਇਨ੍ਹਾਂ ਦੇ ਲੇਖ ਨਹੀਂ ਲਿਖੇ ਹੁੰਦੇ।

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ॥*** ***ਅੰਗ - 642***

ਨਾ ਹੀ ਇਨ੍ਹਾਂ ਨੂੰ ਮਹਾਂਪੁਰਸ਼ਾਂ ਦਾ ਸਤਿਕਾਰ, ਪਿਆਰ ਆਉਂਦਾ ਹੈ। ਇਹ ਉਨ੍ਹਾਂ ਨੂੰ ਆਮ ਮਨੁੱਖ ਵਾਂਗ ਹੀ ਸਮਝਦੇ ਹਨ, ਕੋਲ ਰਹਿੰਦੇ ਹੋਏ ਵੀ ਸਤਿਸੰਗ ਵਿਚ ਪ੍ਰਵੇਸ਼ ਨਹੀਂ ਕਰ ਸਕਦੇ ਅਤੇ ਨਾ ਹੀ ਮਹਾਂਪੁਰਸ਼ਾਂ ਦਾ ਆਦਰ ਸਤਿਕਾਰ ਕਰਨਾ ਇਨ੍ਹਾਂ ਦੇ ਮਨ ਵਿਚ ਆਇਆ ਕਰਦਾ ਹੈ। ਲੇਖ ਵਾਹਿਗੁਰੂ ਜੀ ਨੇ ਨਹੀਂ ਬਣਾਏ ਇਹ ਇਨ੍ਹਾਂ ਦੇ ਪਹਿਲਾਂ ਹੀ ਕੀਤੇ ਹੋਏ ਮਾੜੇ ਕਰਮ ਹੁੰਦੇ ਹਨ। ਦੋਸ਼ ਇਨ੍ਹਾਂ

ਦੇ ਕਰਮਾਂ ਦਾ ਹੀ ਹੈ।

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ*
*ਦੋਸੁ ਨ ਦੀਜੈ ਅਵਰ ਜਨਾ॥* *ਅੰਗ - 433*

ਸਾਧਸੰਗਤ ਜੀ! ਇਕ ਵਰਗ ਉਹ ਹੋਇਆ ਕਰਦਾ ਹੈ ਜਿਸ ਨੂੰ ਜਗਿਆਸੂ ਵਰਗ ਆਖਿਆ ਜਾਂਦਾ ਹੈ ਜੇ ਆਪਾਂ ਇਨ੍ਹਾਂ ਦੀ ਗਿਣਤੀ ਕਰੀਏ ਤਾਂ ਸਹਿਜੇ ਹੀ ਇਸ ਤਰ੍ਹਾਂ ਹੋ ਸਕਦਾ ਹੈ ਕਿ ਸੰਸਾਰ ਵਿਚ 92% ਪਾਮਰ ਅਤੇ ਵਿਸ਼ਈ ਲੋਕ ਹੋਇਆ ਕਰਦੇ ਹਨ ਅਤੇ 7.9% ਜਗਿਆਸੂ ਹੋਇਆ ਕਰਦੇ ਹਨ ਅਤੇ ਪੁਆਇੰਟ 0001 ਉਹ ਮੁਕਤ ਆਤਮਾਵਾਂ ਹੋਇਆ ਕਰਦੀਆਂ ਹਨ ਜਿਨ੍ਹਾਂ ਦਾ ਜਨਮ ਸੰਸਾਰ ਵਿਚ ਕਿਸੇ ਕਰਮ ਬੰਧਨ ਨਾਲ ਨਹੀਂ ਹੋਇਆ ਕਰਦਾ। ਉਨ੍ਹਾਂ ਨੂੰ ਪ੍ਰਭੂ ਵਲੋਂ ਕਾਰਜ ਸੌਂਪਿਆ ਜਾਂਦਾ ਹੈ ਕਿ ਤੁਸੀਂ ਸੰਸਾਰ ਦੇ ਅੰਧਕਾਰ ਨੂੰ ਦੂਰ ਕਰੋ, ਉਨ੍ਹਾਂ ਨੂੰ ਨਾਮ ਮਾਰਗ ਬਾਰੇ ਦੱਸੋ ਅਤੇ ਪ੍ਰਭੂ ਦੇ ਨਾਮ ਵਿਚ ਜੋ ਸੁਖ ਹਨ, ਬਰਕਤਾਂ ਹਨ ਉਨ੍ਹਾਂ ਨੂੰ ਇਹ ਲੋਕ ਨਹੀਂ ਜਾਣ ਸਕਦੇ, ਤੁਸੀਂ ਉਨ੍ਹਾਂ ਬਾਰੇ ਖੋਲ੍ਹ ਕੇ ਦੱਸੋ ਉਨ੍ਹਾਂ ਵਿਚ ਵਿਸ਼ਵਾਸ਼ ਪੈਦਾ ਕਰੋ।

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥*
*ਪ੍ਰਭ ਕੈ ਸਿਮਰਨਿ ਭਉ ਨ ਬਿਆਪੈ॥*
*ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ॥* *ਅੰਗ - 262*

ਇਨ੍ਹਾਂ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਅੰਗ - 749*

ਇਹ ਮੁਕਤ ਆਤਮਾਵਾਂ ਸੰਸਾਰ ਤੇ ਆ ਕੇ ਜਿਨ੍ਹਾਂ ਨੂੰ ਸੰਤ ਮਹਾਂਪੁਰਸ਼ ਆਖਿਆ ਜਾਂਦਾ ਹੈ ਉਹ ਨਾਮ ਦਾ ਪ੍ਰਕਾਸ਼ ਕਰਕੇ ਹਨ੍ਹੇਰੇ ਮਨਾਂ ਵਿਚ ਰੋਸ਼ਨਾਈ ਕਰਦੇ ਹਨ। ਕਾਫੀ ਸਮਾਂ ਲੰਘ ਜਾਣ ਤੋਂ ਪਿਛੋਂ ਬਹੁਤ ਵੱਡੇ ਮਹਾਂਪੁਰਸ਼ ਆਇਆ ਕਰਦੇ ਹਨ ਅਤੇ ਜੁਗ ਬੀਤਣ ਪਿਛੋਂ ਪ੍ਰਮੇਸ਼ਰ ਰੂਪ ਸਤਿਗੁਰੂ ਸੰਸਾਰ ਤੇ ਆਇਆ ਕਰਦਾ ਹੈ। ਐਉਂ ਸਮਝ ਲਓ ਕਿ ਪ੍ਰਭੂ ਆਪ ਹੀ ਗੁਰੂ ਰੂਪ ਬਣ ਕੇ ਆਪਣਾ ਪ੍ਰਕਾਸ਼ ਪਾਉਂਦਾ ਹੈ।

ਸੋ ਮੈਂ ਜਗਿਆਸੂ ਦੀ ਗੱਲ ਕਰਦਾ ਸੀ ਉਨ੍ਹਾਂ ਦੀ ਨਿਸ਼ਾਨੀ ਇਹ ਹੋਇਆ ਕਰਦੀ ਹੈ ਉਨ੍ਹਾਂ ਦੇ ਮਨ ਵਿਚ ਇਹ ਸਦਾ ਹੀ ਲਗਨ ਲੱਗੀ ਰਹਿੰਦੀ ਹੈ ਕਿ ਅਸੀਂ ਮਾਨਸ ਜਨਮ ਧਾਰਨ ਕੀਤਾ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥*
*ਅੰਗ - 12*

ਇਸ ਦੇ ਅਸਰ ਅਧੀਨ ਉਹ ਸਤਿਸੰਗ ਕਰਦੇ ਹਨ ਆਪਣੇ ਜੀਵਨ ਨੂੰ ਸੁਧ ਅਤੇ ਸੁੱਚਾ ਰਖਦੇ ਹਨ, ਮਾੜੇ ਕੰਮ ਭੁੱਲ ਕੇ ਵੀ ਨਹੀਂ ਕਰਦੇ ਅਤੇ ਸ਼ਰਾਬ ਮਾਸ, ਅੰਡਿਆਂ ਵਲ ਧਿਆਨ ਹੀ ਨਹੀਂ ਦਿੰਦੇ। ਉਨ੍ਹਾਂ ਅੰਦਰ ਪ੍ਰਭੂ ਦਾ ਪਿਆਰ ਹੁੰਦਾ ਹੈ ਅਤੇ ਬੇਨਤੀਆਂ ਕਰਦੇ ਰਹਿੰਦੇ ਹਨ ਕਿ ਮੈਨੂੰ ਐਸਾ ਪਿਆਰਾ ਮਿਲਾ ਜੋ ਮੇਰੇ ਮਨ ਦੇ ਹਨ੍ਹੇਰ ਨੂੰ ਕੱਟ ਦੇਵੇ, ਸੋਝੀ ਵਾਲਾ ਪੁਰਸ਼ ਮੈਨੂੰ ਕੋਈ ਮਿਲਾ, ਤੇਰੇ ਤੋਂ ਸਮਰੱਥ ਕੋਈ ਨਹੀਂ ਜੋ ਮੇਰੀਆਂ ਬੇਨਤੀਆਂ ਨੂੰ ਸੁਣੇ। ਸੋ ਇਨ੍ਹਾਂ ਬੇਨਤੀਆਂ ਨੂੰ ਸੁਣ ਕੇ ਅਕਾਲ ਪੁਰਖ ਜੀ ਸਤਿਸੰਗ ਮੰਡਲ ਰਚਣ ਦੀ ਪ੍ਰੇਰਨਾ ਦਿੰਦੇ ਹਨ। ਤੁਸੀਂ ਆਪ ਹੀ ਵਿਚਾਰ ਕਰ ਲਵੋ। ਇਸ ਵੇਲੇ ਸਾਰਾ ਸੰਸਾਰ ਸੁੱਤਾ ਪਿਆ ਹੈ, ਦਿਨ ਚੜ੍ਹਨ ਵਾਲਾ ਹੈ, ਟਾਂਵੇਂ-ਟਾਂਵੇ ਆਦਮੀ ਸੜਕਾਂ ਤੇ ਸੈਰ ਕਰਨ ਵਾਸਤੇ ਨਿਕਲੇ ਹਨ। ਅਜੇ ਕਾਰੋਬਾਰ ਵਾਲੇ ਬੰਦਿਆਂ ਨੇ ਜਾਗਣਾ ਹੈ ਪਰ ਇਸ ਦੇ ਵਿਪਰੀਤ ਤੁਹਾਡੀਆਂ ਅਰਦਾਸਾਂ ਸੁਣ ਕੇ ਪ੍ਰਮੇਸ਼ਰ ਨੇ ਸਤਿਸੰਗ ਮੰਡਲ ਤਿਆਰ ਕਰ ਦਿਤਾ ਅਤੇ ਤੁਸੀਂ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦੇ ਹੋਂ, ਹਨ੍ਹੇਰੇ ਵਿਚ ਪੁਲਿਸ ਦੇ ਨਾਕਿਆਂ ਵਿਚੀਂ ਹੁੰਦੇ ਹੋਏ ਘਰ ਭਾਲ ਲੈਂਦੇ ਹੋ। ਮੈਨੂੰ ਤਾਂ ਗੱਡੀ ਵਿਚ ਬੈਠੇ ਨੂੰ ਵੀ ਘਰ ਨਹੀਂ ਲੱਭਦਾ, ਅਵਾਜ਼ ਘੁੰਮ ਕੇ ਹੋਰ ਪਾਸਿਓਂ ਆਉਣ ਲਗਦੀ ਹੈ। ਕੋਈ ਸਤਿਸੰਗੀ ਮਿਲਦਾ ਹੈ ਤਾਂ ਪਹੁੰਚੀਦਾ ਹੈ। ਮੈਂ ਦੇਖ ਰਿਹਾ ਹਾਂ ਕਿ ਕਿਵੇਂ ਛੋਟੇ-ਛੋਟੇ ਬੱਚੇ ਕਿੰਨੀ ਸਾਵਧਾਨੀ ਨਾਲ ਸ਼ਬਦ ਵਿਚ ਬੋਲ ਰਹੇ ਹਨ। ਲਗਨ ਨਾਲ ਸੁਣ ਰਹੇ ਹਨ। ਇਨ੍ਹਾਂ ਦੇ ਪਿਛਲੇ ਜਨਮਾਂ ਦੇ ਉਚੇ ਸੰਸਕਾਰ ਹੋਣ ਕਰਕੇ ਇਨ੍ਹਾਂ ਨੂੰ ਬਚਪਨ ਵਿਚ ਸਤਿਸੰਗ ਪ੍ਰਾਪਤ ਹੋ ਗਿਆ। ਇਹ ਵਾਹਿਗੁਰੂ ਜੀ ਦੀ ਕ੍ਰਿਪਾ ਹੈ ਕਿ ਕਲਜੁਗ ਦੇ ਸਮੇਂ ਵਿਚ ਜਦੋਂ ਆਦਮੀ ਦੀ ਵਿਚਾਰਧਾਰਾ ਪੈਰ-ਪੈਰ ਉਪਰ ਬਦਲ ਰਹੀ ਹੈ। ਚੰਗੇ ਮੰਦੇ ਖਿਆਲ ਚਲ ਰਹੇ ਹਨ ਅਸੀਂ ਸ਼ੁਕਰ ਕਰਦੇ ਹਾਂ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਛੱਤਰ ਛਾਇਆ ਹੇਠ ਗੁਰਬਾਣੀ ਦੇ ਚਾਨਣ ਵਿਚ ਰੁਲਣ ਤੋਂ ਬਚ ਰਹੇ ਹਾਂ। ਤੁਸੀਂ ਮਹਾਂਵਾਕ ਸਰਵਣ ਕੀਤਾ ਹੈ ਜਿਸ ਵਿਚ ਜ਼ਿਕਰ ਆਉਂਦਾ ਹੈ -

*ਅਉਖੀ ਘੜੀ ਨਾ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥*
*ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥*
*ਅੰਗ - 682*

ਇਸ ਵਿਚ ਜੋ ਵਿਚਾਰ ਕਰਨ ਵਾਲਾ ਵਿਸ਼ਾ ਹੈ ਉਹ ਹੈ ਕਿ ਔਖੀ ਘੜੀ ਕਦੋਂ ਆਉਂਦੀ ਹੈ, ਵਾਹਿਗੁਰੂ ਦਾ ਆਪਣਾ ਕੌਣ ਹੈ, ਵਾਹਿਗੁਰੂ ਜੀ ਦਾ ਬਿਰਦ ਕੀ ਹੈ, ਕਿਉਂ ਆਪਣਿਆਂ ਨੂੰ ਰਖਦਾ ਹੈ ਸਾਰਿਆਂ ਨੂੰ ਕਿਉਂ ਨਹੀਂ ਰਖਦਾ, ਇਹ ਚਾਰ ਵਿਸ਼ੇ ਹਨ ਜਿਨ੍ਹਾਂ ਨੂੰ ਅਸੀਂ ਚੰਗੀ ਤਰ੍ਹਾਂ ਵਿਚਾਰਨਾ ਹੈ।

# ਐਸੋ ਸਹਾਈ ਹਰਿ ਕੋ ਨਾਮ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ ਪੰਨਾ - **49** )*

ਭੇਖਾਰੀਆਂ ਗੁਲਾਮਾਂ ਨੂੰ ਤਖਤਾਂ ਦੇ ਮਾਲਕ, ਸਮਰਾਟ; ਸਮਰਾਟ, ਚਕਰਵਰਤੀ ਬਾਦਸ਼ਾਹਾਂ ਨੂੰ ਖਾਕ ਬਣਾ ਦਿੰਦਾ ਹੈ, ਗਿਰਾ ਦਿੰਦਾ ਹੈ। ਮਹਾਂਮੂਰਖਾਂ ਨੂੰ ਵਿਦਵਾਨ ਬਣਾ ਦਿੰਦਾ ਹੈ ਅਤੇ ਵਿਦਵਾਨਾਂ ਨੂੰ ਮੂਰਖਾਂ ਦੀ ਸ਼੍ਰੇਣੀ ਵਿਚ ਲਿਆ ਦਿੰਦਾ ਹੈ; ਨਾਰੀਆਂ ਨੂੰ ਪੁਰਖ ਅਤੇ ਪੁਰਖਾਂ ਨੂੰ ਨਾਰੀਆਂ ਬਣਾ ਦਿੰਦਾ ਹੈ; ਐਸਾ ਸਮਰੱਥ ਪ੍ਰਮੇਸ਼ਰ ਹੈ ਉਸ ਦੀ ਗਤੀ ਕੌਣ ਜਾਣ ਸਕਦਾ ਹੈ?

ਹੇ ਸੁਲਤਾਨ! ਤੂੰ ਉਸੇ ਪ੍ਰਭੂ ਦੇ ਕੰਮਾਂ ਬਾਰੇ ਜਾਨਣਾ ਚਾਹੁੰਦਾ ਹੈਂ ਤਾਂ ਹੋਰ ਸੁਣ ਲੈ ਜੋ ਮਹਾਂਪੁਰਖ ਦਸਦੇ ਰਹਿੰਦੇ ਹਨ ਕਿ ਹਰੀ ਨੇ ਸੰਸਾਰ ਦੀ ਸਾਜਨਾ ਕਰਕੇ ਸਭ ਦੇ ਤਨ, ਮਨ, ਬੁੱਧੀ, ਚਿੱਤਾਂ ਦੀ ਸਾਜਨਾ ਕੀਤੀ। ਮਿੱਟੀ, ਅੱਗ, ਹਵਾ, ਪਾਣੀ, ਅਕਾਸ਼ ਦੇ ਪੰਜਾਂ ਤੱਤਾਂ ਦੇ ਬੁੱਤ ਬਣਾ ਕੇ ਇਸ ਜੁੱਸੇ ਦੇ ਅੰਦਰ ਆਪਣੀ ਜੋਤਿ ਰਖ ਕੇ ਇਸ ਮਿੱਟੀ ਦੇ ਪੁਤਲੇ ਨੂੰ ਨੱਚਣ-ਕੁੱਦਣ, ਹੱਸਣ-ਰੋਣ ਵਾਲਾ ਬਣਾ ਦਿਤਾ। ਇਹ ਜੀਵ ਬਣ ਗਿਆ, ਇਸ ਜੀਵ ਦੇ ਰਹਿਣ ਲਈ ਧਰਤੀ, ਪੀਣ ਲਈ ਪਾਣੀ, ਸਾਹ ਲੈਣ ਲਈ ਹਵਾ, ਨਿੱਘ ਲਈ ਅਗਨ ਬਣਾ ਦਿਤੀ।

ਬੇਅੰਤ ਕੱਪੜੇ, ਭੋਗ, ਰਸ ਇਸ ਜੀਵ ਨੂੰ ਖਵਾਂਦਾ ਹੈ, ਮਾਤਾ ਪਿਤਾ, ਭਰਾ ਭੈਣਾਂ, ਪਤਨੀ ਬੱਚੇ ਬਣਾਏ ਅਤੇ ਸਾਰੇ ਜੀਵਾਂ ਨੂੰ ਰਿਜ਼ਕ ਪਹੁੰਚਾਉਂਦਾ ਹੈ, ਜਲ ਵਿਚ ਰਹਿਣ ਵਾਲੇ, ਥਲਾਂ ਵਿਚ ਰਹਿਣ ਵਾਲੇ ਸਾਰੇ ਜੀਵਾਂ ਨੂੰ ਰੋਜ਼ੀ ਦਿੰਦਾ ਹੈ, ਪੱਥਰ ਵਿਚ ਰਹਿੰਦੇ ਕੀੜੇ ਨੂੰ ਭੀ ਰੋਜ਼ੀ ਦਿੰਦਾ ਹੈ।

ਜਿਥੇ ਕੋਈ ਭੀ ਸਹਾਇਤਾ ਕਰਨ ਦੀ ਸਮਰੱਥਾ ਵਾਲਾ ਨਾ ਹੋਵੇ, ਉਥੇ ਉਹ ਸਹਾਇਤਾ ਕਰਦਾ ਹੈ, ਕ੍ਰੋੜਾਂ ਪਾਪਾਂ ਦੇ ਕਰਮ ਜਾਲ ਵਿਚ ਫਸੇ ਹੋਏ ਜੀਵ ਨੂੰ, ਅਪਰਾਧੀ ਦੇ ਅਪਰਾਧ ਇਕ ਨਿਮਖ ਵਿਚ ਦੂਰ ਕਰ ਦਿੰਦਾ ਹੈ। ਫਿਰ ਐਸਾ ਦਇਆਲੂ ਹੈ ਦਾਤਾਂ ਦਿੰਦਾ ਹੀ ਜਾਂਦਾ ਹੈ ਅਤੇ ਦੇ ਕੇ ਪਛਤਾਉਂਦਾ ਨਹੀਂ ਹੈ। ਦਾਤਾਂ ਭੀ ਇਕੋ ਵਾਰੀ ਬਖਸ਼ ਦਿੰਦਾ ਹੈ, ਬਾਰ-ਬਾਰ ਆਪਣੇ ਦਰ ਤੇ ਨਹੀਂ ਬੁਲਾਉਂਦਾ।

ਜੋ ਤੂੰ ਪੁਛਦਾ ਹੈਂ ਕਿ ਐਸਾ ਪ੍ਰਭੂ ਕਿਥੇ ਵਸਦਾ ਹੈ, ਸੁਣ, ਉਸ ਦਾ ਵਾਸਾ ਬੰਦਗੀ ਕਰਨ ਵਾਲਿਆਂ ਦੀ ਸੰਗਤ ਵਿਚ ਹੈ। ਜੋ ਇਸ ਦੁਆਰੇ ਪੁੱਜ ਜਾਂਦਾ ਹੈ ਉਸ ਨੂੰ ਦਰਸ਼ਨ ਹੋ ਜਾਂਦੇ ਹਨ ਵੈਸੈ ਉਹ ਅਵਿਅਕਤ ਰੂਪ ਵਿਚ ਘਟ ਘਟ ਵਿਚ ਵਾਸਾ ਰਖਦਾ ਹੈ ਪਰ ਸਾਧ ਸੰਗਤ ਵਿਚ ਪ੍ਰਗਟ ਹੈ-

*ਮਨੁ ਹਰਿ ਕੀਆ ਤਨੁ ਸਭੁ ਸਾਜਿਆ॥*
*ਪੰਚ ਤਤ ਰਚਿ ਜੋਤਿ ਨਿਵਾਜਿਆ॥*
*ਸਿਹਜਾ ਧਰਤਿ ਬਰਤਨ ਕਉ ਪਾਨੀ॥*
*ਨਿਮਖ ਨ ਵਿਸਾਰਹੁ ਸੇਵਹੁ ਸਾਰਿਗਪਾਨੀ॥*
*ਮਨ ਸਤਿਗੁਰੁ ਸੇਵਿ ਹੋਇ ਪਰਮ ਗਤੇ।।*
*ਹਰਖ ਸੋਗ ਤੇ ਰਹਹਿ ਨਿਰਾਰਾ*
*ਤਾਂ ਤੂ ਪਾਵਹਿ ਪ੍ਰਾਨਪਤੇ॥*
*ਕਾਪੜ ਭੋਗ ਰਸ ਅਨਿਕ ਭੁੰਚਾਏ॥*
*ਮਾਤ ਪਿਤਾ ਕੁਟੰਬ ਸਗਲ ਬਨਾਏ॥*
*ਰਿਜਕੁ ਸਮਾਹੇ ਜਲਿ ਥਲਿ ਮੀਤ॥*
*ਸੋ ਹਰਿ ਸੇਵਹੁ ਨੀਤਾ ਨੀਤ॥*
*ਤਹਾ ਸਖਾਈ ਜਹ ਕੋਇ ਨ ਹੋਵੈ॥*
*ਕੋਟਿ ਅਪ੍ਰਾਧ ਇਕ ਖਿਨ ਮਹਿ ਧੋਵੈ।।*
*ਦਾਤਿ ਕਰੈ ਨਹੀ ਪਛੋਤਾਵੈ॥*
*ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ॥*
*ਕਿਰਤ ਸੰਜੋਗੀ ਪਾਇਆ ਭਾਲਿ॥*
*ਸਾਧਸੰਗਤਿ ਮਹਿ ਬਸੇ ਗੁਪਾਲ॥*
*ਗੁਰ ਮਿਲਿ ਆਏ ਤੁਮਰੈ ਦੁਆਰ॥*
*ਜਨ ਨਾਨਕ ਦਰਸਨੁ ਦੇਹੁ ਮੁਰਾਰਿ॥*
*ਅੰਗ - 1337-38*

*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁਰੰਗੀ*
*ਸਭ ਤੇ ਰਹੇ ਨਿਆਰਾ॥*
*ਅਗਨਤ ਅਪਾਰੁ ਅਲਖ ਨਿਰੰਜਨ*
*ਜਿਹ ਸਭ ਜਗੁ ਭਰਮਾਇਓ॥*
*ਸਗਲ ਭਰਮ ਤਜਿ ਨਾਨਕ*
*ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ॥*
***ਅੰਗ - 537***

ਭਗਤ ਨਾਮਦੇਵ ਜੀ ਕਹਿਣ ਲੱਗੇ, ਰਾਜਨ! ਜਿਹੜਾ ਰਾਮ ਹੈ ਨਾ ਮੇਰਾ, ਉਸਦੀ ਕੋਈ ਗਤਿ ਨਹੀਂ ਜਾਣਦਾ। ਵਸਦਿਆਂ ਨੂੰ ਇਕ ਮਿੰਟ ਦੇ ਅੰਦਰ ਉਜਾੜ ਦਿੰਦਾ ਹੈ ਤੇ ਉਜੜਿਆਂ ਨੂੰ ਵਸਾ ਦਿੰਦਾ ਹੈ। ਰੋਂਦਿਆਂ ਨੂੰ ਇੱਕ ਮਿੰਟ ਵਿਚ ਹਸਾ ਦਿੰਦਾ ਹੈ ਅਸਮਾਨਾਂ ਤੇ ਚੜ੍ਹੀ ਗੁੱਡੀ ਗਿਰਾ ਦਿੰਦਾ ਹੈ, ਥੱਲੇ ਪਏ ਨੂੰ ਉਪਰ ਚੜ੍ਹਾ ਦਿੰਦਾ ਹੈ। ਸੋ ਮੇਰਾ ਰਾਮ ਤਾਂ ਐਸੇ ਕੰਮ ਕਰਦਾ ਹੈ।

ਈਰਾਨ ਦਾ ਬਾਦਸ਼ਾਹ ਸਾਰੀ ਦੁਨੀਆਂ ਨਾਲੋਂ ਅਮੀਰ ਬਾਦਸ਼ਾਹ ਸੀ। ਪਰ ਇਕ ਬੰਦਾ ਜਿਹੜਾ ਦੇਸ਼ ਵਿਚ ਵੀ ਨਹੀਂ ਸੀ ਰਹਿੰਦਾ ਸਗੋਂ ਬਾਹਰ ਰਹਿੰਦਾ ਸੀ, ਉਸ ਨੇ ਐਸੀ situ-

ation ਪੈਦਾ ਕਰ ਦਿਤੀ ਕਿ ਬਾਦਸ਼ਾਹ ਨੂੰ ਆਪਣਾ ਦੇਸ਼ ਈਰਾਨ ਛੱਡ ਕੇ ਦੌੜਨਾ ਪੈ ਗਿਆ, ਕੋਈ ਵੀ ਦੇਸ਼ ਉਸ ਨੂੰ ਠਹਿਰਨ ਵਾਸਤੇ ਆਗਿਆ ਨਹੀਂ ਸੀ ਦਿੰਦਾ। ਜਦੋਂ ਉਹ ਬੀਮਾਰ ਹੋ ਗਿਆ ਤਾਂ ਅਮਰੀਕਾ ਨੇ ਬੜੀ ਮਿਹਰਬਾਨੀ ਕੀਤੀ ਉਸ ਉਪਰ ਤੇ ਆਪਣੇ ਮੁਲਕ ਵਿਚ, ਹਸਪਤਾਲ ਵਿਚ ਇਲਾਜ ਕਰਨ ਵਾਸਤੇ ਆਗਿਆ ਦੇ ਦਿਤੀ। ਜਦੋਂ ਉਹ ਮਰ ਗਿਆ ਤਾਂ ਉਸ ਦੇ ਸਰੀਰ ਨੂੰ ਦੱਬਣ ਵਾਸਤੇ ਕੋਈ ਜਗ੍ਹਾ ਨਾ ਦੇਵੇ। ਮਿਸਰ ਵਾਲਿਆਂ ਨੇ ਕੇਵਲ ਸਾਢੇ ਤਿੰਨ ਹੱਥ ਥਾਂ ਦਿੱਤੀ ਕਿ ਏਥੇ ਦੱਬ ਦਿਓ। ਕਿੱਡਾ ਵੱਡਾ ਬਾਦਸ਼ਾਹ ਸੀ ਉਹ ਈਰਾਨ ਦਾ, ਬਹੁਤ ਅਮੀਰ ਸੀ।

ਜਦੋਂ ਔਰੰਗਜੇਬ ਨੇ ਆਪਣੇ ਪਿਤਾ ਸ਼ਾਹਜਹਾਨ ਬਾਦਸ਼ਾਹ ਨੂੰ ਕੈਦ ਕਰ ਦਿਤਾ, ਉਸ ਨੂੰ ਬੁਰਜ ਵਿਚ ਕੈਦ ਕੀਤਾ ਜਿਥੋਂ ਸਾਰਾ ਦਿਨ ਤਾਜ ਮਹਿਲ ਨੂੰ ਦੇਖੀ ਜਾਂਦਾ ਸੀ। ਇਕ ਦਿਨ ਸ਼ਾਹਜਹਾਨ ਨੇ ਔਰੰਗਜ਼ੇਬ ਨੂੰ ਚਿੱਠੀ ਲਿਖੀ। ਗਰਮੀਆਂ ਦਾ ਮਹੀਨਾ ਸੀ ਤੇ ਲਿਖਿਆ, ਬੇਟਾ! ਗਰਮੀ ਬਹੁਤ ਹੈ, ਮੈਨੂੰ ਪਾਣੀ ਦਾ ਕੇਵਲ ਇਕ ਪਿਆਲਾ ਮਿਲਦਾ ਹੈ, ਜੋ ਕਿ ਕਾਫੀ ਨਹੀਂ ਹੈ। ਮੈਂ ਮੂੰਹ ਵੀ ਧੋਣਾ ਹੁੰਦਾ ਹੈ, ਕੁਰਲਾ ਵੀ ਕਰਨਾ ਹੁੰਦਾ ਹੈ। ਇਹ ਪਾਣੀ ਥੋੜ੍ਹਾ ਹੁੰਦਾ ਹੈ। ਮੈਂ ਆਪਣੀ ਪਿਆਸ ਵੀ ਨਹੀਂ ਬੁਝਾ ਸਕਦਾ।

***ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥***
***ਦਰਿ ਮੰਗਨਿ ਭਿਖ ਨ ਪਾਇਦਾ॥ ਅੰਗ -472***

ਪਾਣੀ ਵਾਸਤੇ ਭਿਖਿਆ ਮੰਗ ਰਿਹਾ ਹਾਂ ਕਿ ਮੇਰਾ ਪਾਣੀ ਦਾ ਰਾਸ਼ਨ ਵਧਾ ਦੇ। ਔਰੰਗਜ਼ੇਬ ਨੇ ਜਵਾਬ ਦਿਤਾ ਕਿ ਬਾਦਸ਼ਾਹ! ਮੈਂ ਨਹੀਂ ਮੰਨਦਾ ਕਿ ਤੇਰਾ ਪਾਣੀ ਥੋੜ੍ਹਾ ਹੈ। ਜਿਹੜੀ ਸਿਆਹੀ ਨਾਲ ਤੂੰ ਚਿੱਠੀ ਲਿਖੀ ਹੈ, ਇਹ ਜ਼ਾਹਰ ਕਰਦੀ ਹੈ ਕਿ ਤੇਰੀ ਸਿਆਹੀ ਬਹੁਤ ਪਤਲੀ ਹੈ, ਬਹੁਤ ਪਾਣੀ ਹੈ ਤੇਰੇ ਕੋਲ; ਐਨਾ ਫਾਲਤੂ ਪਾਣੀ ਹੈ ਕਿ ਤੂੰ ਦਵਾਤ ਵਿਚ ਪਾਣੀ ਪਾ ਕੇ ਲਿਖ ਸਕਦਾ ਹੈਂ। ਦੇਖੋ ਸਾਧਸੰਗਤ ਜੀ! ਕਿਥੇ ਗਈ ਗੱਲ, ਰੰਕ ਨਾਲੋਂ ਵੀ ਮਾੜਾ ਹੋ ਗਿਆ। ਸ਼ਾਹਜਹਾਨ ਤਾਜਮਹੱਲ ਬਣਵਾਉਣ ਵਾਲਾ, ਲਾਲ ਕਿਲਾ ਬਣਵਾਉਣ ਵਾਲਾ, ਇਕ ਬੂੰਦ ਪਾਣੀ ਵਾਸਤੇ ਤਰਸਦਾ ਹੈ।

ਏਧਰਲੇ ਪਾਸੇ ਗੁਰੂ ਨਾਨਕ ਪਾਤਸ਼ਾਹ ਨਾਲ ਭਾਈ ਮਰਦਾਨਾ, ਭਾਈ ਬਾਲਾ ਜੀ ਬੈਠੇ ਹਨ। ਇਕ ਬੱਚਾ ਆਇਆ, ਉਸਨੇ ਦੇਖਿਆ ਕੋਈ ਸਾਧੂ ਆਏ ਹਨ, ਪਰਾਲੀ ਲੈ ਆਇਆ ਤੇ ਲਿਆ ਕੇ ਵਿਛਾ ਦਿੱਤੀ, ਮਹਾਰਾਜ ਉਸ ਤੇ ਬੈਠ ਗਏ। ਕਾਫੀ ਦੇਰ ਬਾਅਦ ਉਸ ਬੱਚੇ ਨੇ ਸੋਚਿਆ, ਗੁਰੂ ਮਹਾਰਾਜ ਨੂੰ ਤਾਂ ਕੁਝ ਛਕਾਉਣਾ ਚਾਹੀਦਾ ਹੈ। ਉਸ ਨੇ ਵਾੜ ਵਿਚੋਂ ਡੱਕੇ ਆਦਿ ਇਕੱਠੇ ਕੀਤੇ ਤੇ ਛੋਲੇ ਪੱਟ ਕੇ ਹੋਲਾਂ ਬਣਾ ਦਿਤੀਆਂ, ਲਿਆ ਕੇ ਮਹਾਰਾਜ ਨੂੰ ਭੇਟਾ ਕਰ ਦਿਤੀਆਂ। ਗੁਰੂ ਨਾਨਕ ਪਾਤਸ਼ਾਹ, ਭਾਈ ਬਾਲਾ ਜੀ ਤੇ ਭਾਈ ਮਰਦਾਨਾ ਜੀ ਨੇ ਬੜੇ ਪਿਆਰ ਨਾਲ ਹੋਲਾਂ ਛਕੀਆਂ। ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, ਮਰਦਾਨਿਆ! ਇਸ ਬੱਚੇ ਨੂੰ ਕੀ ਦੇਈਏ? ਮਰਦਾਨੇ ਨੇ ਕਿਹਾ, ਮਹਾਰਾਜ! ਤੁਸੀ ਤਾਂ ਮਾਲਕ ਹੋ। ਗੁਰੂ ਨਾਨਕ ਜੀ ਕਹਿਣ ਲੱਗੇ ਚੰਗਾ, ਇਸ ਨੂੰ ਇਸ ਦੇਸ਼ ਦਾ ਬਾਦਸ਼ਾਹ ਹੀ ਬਣਾ ਦਿੰਦੇ ਹਾਂ। ਉਸ ਬੱਚੇ ਨੂੰ ਕਹਿਣ ਲੱਗੇ, ਸੁਲਤਾਨ! ਆ ਜਾ ਬਹਿ ਜਾ। ਬੱਚਾ ਕਹਿਣ ਲੱਗਾ, ਮਹਾਰਾਜ! ਮੈਂ ਤਾਂ ਬਹੁਤ ਗਰੀਬ ਜਿਹਾ ਹਾਂ। ਕਹਿਣ ਲੱਗੇ ਨਹੀਂ, ਅੱਜ ਤੋਂ ਤੂੰ ਸੁਲਤਾਨ ਹੋਇਆ। ਇਸ ਬੱਚੇ ਨੂੰ ਉਥੇ ਦੇਰ ਹੋ ਗਈ, ਓਧਰ ਉਸ ਦੇਸ਼ ਦਾ ਬਾਦਸ਼ਾਹ ਮਰ ਗਿਆ, ਉਸ ਦਾ ਉਤਰਾ-ਅਧਿਕਾਰੀ ਕੋਈ ਨਹੀਂ ਸੀ। ਫੈਸਲਾ ਹੋਇਆ ਕਿ ਜਿਹੜਾ ਸਭ ਤੋਂ ਪਹਿਲਾਂ ਬਾਹਰੋਂ ਦਰਵਾਜ਼ੇ ਸਾਮ੍ਹਣੇ ਆਇਆ ਹੋਵੇਗਾ, ਉਸ ਨੂੰ ਤਖਤ ਤੇ ਬਿਠਾ ਦਿਆਂਗੇ। ਇਹ ਬੱਚਾ ਅੱਧੀ ਰਾਤ ਤੱਕ ਬੈਠਾ ਰਿਹਾ, ਗੁਰੂ ਮਹਾਰਾਜ ਦੀ ਸੰਗਤ ਕਰਦਾ ਰਿਹਾ, ਘਰ ਜਾਣਾ ਵੀ ਭੁਲਿਆ ਰਿਹਾ, ਫੇਰ ਮਹਾਰਾਜ ਨੇ ਕਿਹਾ, ਬੇਟਾ! ਤੂੰ ਹੁਣ ਘਰ ਜਾਹ, ਹੁਣ ਤਾਂ ਸਵੇਰਾ ਹੋ ਚਲਿਆ ਹੈ। ਜਾਹ ਤੇਰੇ ਮਾਂ ਬਾਪ ਉਡੀਕਦੇ ਹਨ। ਸੋ ਮਹਾਰਾਜ ਨੇ ਉਸ ਨੂੰ ਤੋਰ ਦਿਤਾ।

ਜਦੋਂ ਵੱਡੇ ਗੇਟ ਵਲੋਂ ਲੰਘਣ ਲੱਗਾ ਤਾਂ ਵਜ਼ੀਰਾਂ ਨੇ ਉਸਨੂੰ ਰਾਜਾ ਬਣਾ ਲਿਆ, ਉਸ ਸਮੇਂ ਖੁਸ਼ੀ ਵਿਚ ਨਗਾਰੇ ਵੱਜਣ ਲੱਗ ਪਏ, ਪਾਲਕੀ ਲੈ ਆਏ, ਉਸ ਚਰਵਾਹੇ ਬੱਚੇ ਨੂੰ ਜਾ ਕੇ ਤਖਤ ਤੇ ਬਿਠਾ ਦਿਤਾ।

***ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥ ਅੰਗ - 537***

ਬੜੇ ਬੜੇ ਵਸਦਿਆਂ ਨੂੰ ਉਜਾੜ ਦਿੰਦਾ ਹੈ -

***ਬਸਤੋ ਹੋਇ ਹੋਇ ਸੁੋ ਊਜਰੁ ਊਜਰੁ ਹੋਇ ਸੁ ਬਸੈ॥***

***ਅੰਗ - 1252***

ਕਿਸੇ ਨੂੰ ਪਤਾ ਸੀ ਕਿ ਇਕ ਸਕਿੰਟ ਵਿਚ ਲੋਕ ਉਜੜ ਜਾਣਗੇ, ਇਹ ਕੀ ਹਾਲ ਹੋਇਆ, ਹਸਦਿਆਂ ਨੂੰ ਰੁਆਉਣ ਵਾਲਾ ਤੇ ਰੋਂਦਿਆਂ ਨੂੰ ਹਸਾਉਣ ਵਾਲਾ। ਨਾਮਦੇਵ ਜੀ ਨੇ ਕਿਹਾ, ਸੁਲਤਾਨ! ਇਹ ਪਰਮੇਸ਼ਰ ਹੈ, ਮੇਰਾ ਰਾਮ ਜਿਹੜਾ ਹੈ ਉਹ ਇਹੋ ਜਿਹੇ ਕੰਮ ਕਰਦਾ ਹੈ। ਸੁਲਤਾਨ ਨੇ ਕਿਹਾ ਮੈਂ ਤੇਰੇ ਰਾਮ ਦੇ ਕੰਮ ਦੇਖਣਾ ਚਾਹੁੰਦਾ ਹਾਂ, ਤੂੰ ਇਹ ਗਊ ਜੀਉਂਦੀ ਕਰ। ਨਾਮਦੇਵ ਜੀ ਨੇ ਕਿਹਾ, ਇਹ ਜੀਉਂਦੀ ਨਹੀਂ ਹੁੰਦੀ, ਮੈਂ ਤਾਂ ਕਿਸੇ ਨੂੰ ਜੀਉਂਦਾ ਕਰ ਹੀ ਨਹੀਂ ਸਕਦਾ। ਮਾਰਨਾ ਜਿਉਂਦੇ

ਕਰਨਾ ਪ੍ਰਭੂ ਦੇ ਹੱਥ ਹੈ, ਇਹ ਬਿਸਮਲ ਕੀਤੀ ਗਊ ਕਿਵੇਂ ਜਿਉਂਦੀ ਹੋ ਸਕਦੀ ਹੈ?

*ਬਾਦਿਸਾਹ ਐਸੀ ਕਿਉ ਹੋਇ॥*
*ਬਿਸਮਿਲਿ ਕੀਆ ਨ ਜੀਵੈ ਕੋਇ॥*
*ਅੰਗ - 1165*

ਕਦੀ ਕੋਈ ਮਰਿਆ ਹੋਇਆ ਵੀ ਜੀਊਂਦਾ ਹੋ ਸਕਦਾ ਹੈ? ਆਦਮੀ ਦੇ ਹੱਥ ਕੁਝ ਨਹੀਂ, ਸਭ ਕੁਝ ਰਾਮ ਦੇ ਹੱਥ ਹੈ।

*ਮੇਰਾ ਕੀਆ ਕਛੂ ਨ ਹੋਇ॥*
*ਕਰਿ ਹੈ ਰਾਮੁ ਹੋਇ ਹੈ ਸੋਇ॥ ਅੰਗ - 1165*

*ਬਿਨੁ ਭਗਵੰਤ ਨਾਹੀ ਅਨ ਕੋਇ॥*
*ਮਾਰੈ ਰਾਖੈ ਏਕੋ ਸੋਇ॥ ਅੰਗ - 192*

ਓਹੀ ਮਾਰਦਾ ਹੈ ਓਹੀ ਰਖਦਾ ਹੈ। ਮੇਰੇ ਕੀਤਿਆਂ ਕੁਛ ਨਹੀਂ ਹੁੰਦਾ।

*ਧਾਰਨਾ - ਕਛੂ ਨਾ ਹੋਇ, ਮੇਰਾ ਕੀਆ ਰਾਜਨ -2, 2.*
*ਮੇਰਾ ਕੀਆ ਰਾਜਨ, ਮੇਰਾ ਕੀਆ ਰਾਜਨ-2, 2*
*ਕਛੂ ਨਾ ਹੋਇ,..........-2*
*ਮੇਰਾ ਕੀਆ ਕਛੂ ਨ ਹੋਇ॥*
*ਕਰਿ ਹੈ ਰਾਮੁ ਹੋਇ ਹੈ ਸੋਇ॥ ਅੰਗ - 1165*

ਨਿਧੜਕ ਹਨ, ਸਾਧ ਸੰਗਤ ਜੀ ਜਿਹੜੇ ਮਹਾਂਪੁਰਸ਼ਾਂ ਨੇ ਪ੍ਰਭੂ ਪ੍ਰਾਪਤੀ (realization) ਕਰ ਲਈ, ਜਿਹਨਾਂ ਨੇ ਆਪਣਾ ਆਪਾ ਆਤਮ ਸਰੂਪ ਪਛਾਣ ਲਿਆ ਉਨ੍ਹਾਂ ਨੂੰ ਪਤਾ ਹੈ ਕਿ ਮੈਂ ਨਾ ਤਾਂ ਮਾਰਿਆ ਹੋਇਆ ਮਰ ਸਕਦਾ ਹਾਂ, ਨਾ ਡਰਾਇਆ ਹੋਇਆ ਡਰ ਸਕਦਾ ਹਾਂ।

*ਭੈ ਕਾਹੂ ਕਉ ਦੇਤ ਨਹਿ*
*ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ*
*ਗਿਆਨੀ ਤਾਹਿ ਬਖਾਨਿ॥ ਅੰਗ - 1427*

ਗਿਆਨੀ ਦੀ ਪਹਿਲੀ ਨਿਸ਼ਾਨੀ ਹੈ ਕਿ ਨਾ ਕਿਸੇ ਦੀ ਭੈ ਮੰਨਦਾ ਹੈ ਤੇ ਨਾ ਕਿਸੇ ਨੂੰ ਭੈ ਦਿੰਦਾ ਹੈ। ਡਰਿਆ ਨਹੀਂ ਕਰਦਾ, ਡਰ ਹਮੇਸ਼ਾ ਪਾਪ ਤੋਂ ਹੋਇਆ ਕਰਦਾ ਹੈ।

*ਡਡਾ ਡਰ ਉਪਜੇ ਡਰੁ ਜਾਈ॥*
*ਅੰਗ - 341*

ਜੇ ਵਾਹਿਗੁਰੂ ਦਾ ਡਰ ਉਪਜ ਜਾਵੇ, ਸੰਸਾਰ ਦਾ ਡਰ ਖਤਮ ਹੋ ਜਾਇਆ ਕਰਦਾ ਹੈ ਕਿਉਂਕਿ ਜਿਸ ਨੂੰ ਵਾਹਿਗੁਰੂ ਦਾ ਡਰ ਹੈ, ਵਾਹਿਗੁਰੂ ਜੀ ਦਾ ਅਦਬ ਹੈ, ਵਾਹਿਗੁਰੂ ਉਸ ਨਾਲ ਹੋ ਜਾਂਦਾ ਹੈ। ਭਉ ਨਾਲ ਮਨ ਨਿਰਮਲ ਹੋ ਜਾਂਦਾ ਹੈ।

*ਡਡਾ ਡਰ ਉਪਜੇ ਡਰ ਜਾਈ॥*
*ਤਾ ਡਰ ਮਹਿ ਡਰੁ ਰਹਿਆ ਸਮਾਈ॥*
*ਅੰਗ - 341*

ਇਸ ਡਰ ਵਿਚ ਵਾਹਿਗੁਰੂ ਦਾ ਡਰ ਸਮਾਇਆ ਹੋਇਆ ਹੈ। ਫਿਰ ਸੰਸਾਰ ਦਾ ਡਰ ਖਤਮ ਹੋ ਜਾਂਦਾ ਹੈ। ਵਾਹਿਗੁਰੂ ਜੀ ਦਾ ਅਦਬ ਵਧ ਜਾਂਦਾ ਹੈ, ਉਹ ਸਦਾ ਅੰਗ ਸੰਗ ਪ੍ਰਤੀਤ ਦਿੰਦਾ ਹੈ।

*ਜਉ ਡਰ ਡਰੈ ਤਾ ਫਿਰਿ ਡਰੁ ਲਾਗੈ॥*
*ਅੰਗ - 341*

ਤਾਂ ਫਿਰ ਡਰ ਲਗਦਾ ਹੈ ਜੇ ਵਾਹਿਗੁਰੂ ਦਾ ਡਰ ਨਾ ਹੋਵੇ।

*ਨਿਡਰ ਹੂਆ ਡਰੁ ਉਰ ਹੋਇ ਭਾਗੈ॥*
*ਅੰਗ - 341*

ਸੋ ਇਸ ਤਰ੍ਹਾਂ -

*ਹਰਿ ਵੇਖੈ ਸੁਣੈ ਨਿਤ*
*ਸਭੁ ਕਿਛੁ ਮੇਰੀ ਜਿੰਦੜੀਏ*
*ਸੋ ਡਰੈ ਜਿਨਿ ਪਾਪ ਕਮਤੇ ਰਾਮ॥*
*ਅੰਗ - 540*

ਵਾਹਿਗੁਰੂ ਦੇਖਦਾ ਹੈ, ਨਾਲ ਰਹਿੰਦਾ ਹੈ, ਤਾਂ ਹੀ ਮਰਦਾਨਾ ਕਹਿੰਦਾ ਹੈ, ਹੇ ਨਾਨਕ! ਅਸੀਂ ਕਿਥੇ ਫਸ ਗਏ? ਮਰਦਾਨਿਆ ਡਰ ਨਾ, ਅਕਾਲਪੁਰਖ ਨਾਲ ਹੈ ਸਾਡੇ -

*ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ*
*ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ॥*
*ਅੰਗ - 540*

ਜਿਸਦਾ ਹਿਰਦਾ ਸ਼ੁਧ ਹੈ ਉਸ ਨੂੰ ਕੋਈ ਡਰ ਨਹੀਂ ਹੈ। ਪਾਪ ਕਰਨ ਵਾਲਾ ਹੀ ਸਦਾ ਡਰਦਾ ਹੈ।

*ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥*
*ਅੰਗ - 84*

ਧਰਮੀ ਬੰਦੇ ਨੂੰ ਕੋਈ ਡਰ ਨਹੀਂ ਹੈ। ਉਸ ਨੂੰ ਪਤਾ ਹੈ ਕਿ ਮੈਂ ਤਾਂ ਕੁਝ ਕੀਤਾ ਹੀ ਨਹੀਂ, ਕੋਈ ਮੇਰੇ ਮਾਲਕ ਦਾ ਹੀ ਐਸਾ ਹੁਕਮ ਹੈ -

*ਧਾਰਨਾ - ਧਰਮੀ ਖੁਸ਼ ਹੁੰਦੇ ਨੇ,*
*ਡਰਦੇ ਨੇ ਪਾਪੀ ਬੰਦੇ -2, 2.*

ਡਰੇ ਉਹ ਜੋ ਪਾਪ ਕਮਾਵੇ; ਜਿਸਨੇ ਰਿਸ਼ਵਤ ਲਈ ਹੋਵੇਗੀ ਉਹ ਸਾਰੀ ਜ਼ਿੰਦਗੀ ਡਰਦਾ ਹੀ ਰਹੇਗਾ, ਮਤੇ ਕੋਈ ਉਹਦੇ ਵਿਰੁਧ ਰਾਗਜ਼ ਨਾ ਨਿਕਲ ਆਵੇ, ਸਮਗਲਿੰਗ ਕੀਤੀ ਹੋਏਗੀ ਤਾਂ ਡਰੇਗਾ, ਹੋਰ ਕੋਈ ਇਨਕਮਟੈਕਸ ਦੀ ਚੋਰੀ ਕੀਤੀ ਹੋਵੇਗੀ ਤਾਂ ਵੀ ਡਰੀ ਜਾਵੇਗਾ। ਸਾਧਸੰਗਤ ਜੀ, ਅੱਗੇ ਦਾ ਡਰ ਬਹੁਤਾ ਉਸ ਲਈ ਹੈ ਜਿਸਨੇ ਪਾਪ ਕੀਤੇ ਹਨ। ਜਿਸਨੇ ਬੰਦਗੀ ਕੀਤੀ ਹੈ, ਉਹ ਤਾਂ ਖੁਸ਼ੀ ਖੁਸ਼ੀ ਆਪਣੇ ਘਰ ਨੂੰ ਜਾਂਦੇ ਹਨ। ਫੇਰ ਉਥੇ ਜਾ ਕੇ ਕੀ ਹੁੰਦਾ ਹੈ?

*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥*

*ਅੰਗ - 283*

ਉਹ ਖੁਸ਼ੀ ਖੁਸ਼ੀ ਜਾਂਦਾ ਹੈ -

*ਕਬੀਰ ਜਾ ਤੂ ਜਨਮਿਆ ਜਗਤ ਮਹਿ*
*ਜਗ ਹਸੈ ਤੂੰ ਰੋਇ॥*
*ਐਸੀ ਕਰਨੀ ਕਰ ਚਲਹੁ ਪਿਆਰੇ*
*ਤੂੰ ਹਸੈ ਜਗ ਰੋਇ॥*

ਉਹ ਐਸੀ ਕਰਨੀ ਕਰਕੇ ਗਿਆ ਹੁੰਦਾ ਹੈ ਕਿ ਉਸਦੀ ਧੰਨ ਧੰਨ ਹੁੰਦੀ ਹੈ - ਦਰਗਾਹ ਦੇ ਵਿਚ।

*ਰੇ ਰੇ ਦਰਗਹ ਕਹੈ ਨ ਕੋਊ॥*
*ਆਉ ਬੈਠੁ ਆਦਰੁ ਸੁਭ ਦੇਊ॥ ਅੰਗ - 252*

ਉਸਦਾ ਤਾਂ ਕਹਿਆ ਦਰਗਾਹ ਵਿਚ ਚਲਦਾ ਹੈ, ਬੰਦਗੀ ਕਰਨ ਵਾਲੇ ਦੀ ਗੱਲ ਦਰਗਾਹ ਵਿਚ ਮੰਨੀ ਜਾਂਦੀ ਹੈ।

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥*

*ਅੰਗ - 186*

ਜਿਸਦੀ ਗੱਲ ਨੂੰ ਵਾਹਿਗੁਰੂ ਵੀ ਮੰਨਦਾ ਹੋਵੇ, ਧਰਮਰਾਜ ਵੀ ਉਠ ਕੇ ਕਹੇ -

*ਨਾਮੁ ਧਿਆਇਨਿ ਸਾਜਨਾ*
*ਜਨਮ ਪਦਾਰਥੁ ਜੀਤਿ॥*
*ਨਾਨਕ ਧਰਮ ਐਸੇ ਚਵਹਿ*
*ਕੀਤੋ ਭਵਨੁ ਪੁਨੀਤ॥ ਅੰਗ - 1425*

ਫੇਰ ਡਰ ਕਿਸ ਦਾ ਰਹਿ ਗਿਆ? ਦੁਨੀਆਂ ਦਾ ਡਰ ਨਹੀਂ ਮੰਨਿਆ ਕਰਦੇ। ਕਬੀਰ ਸਾਹਿਬ ਨੂੰ ਜਦੋਂ ਬੰਨ੍ਹ ਕੇ ਹਾਥੀ ਅੱਗੇ ਉਸ ਸਮੇਂ ਦੇ ਬਾਦਸ਼ਾਹ ਨੇ ਸੁਟਵਾ ਦਿਤਾ ਤਾਂ ਆਪ ਨੇ ਕਿਹਾ ਕਿ ਬਾਦਸ਼ਾਹ ਮੇਰਾ ਮਨ ਤਾਂ ਡਰਦਾ ਨਹੀਂ, ਤਨ ਨੂੰ ਕਿਉਂ ਡਰਾ ਰਹੇ ਹੋ -

*ਮਨੁ ਨਾ ਡਿਗੈ ਤਨੁ ਕਾਹੇ ਕਉ ਡਰਾਇ॥*

*ਅੰਗ - 1162*

ਕਹਿਣ ਲੱਗੇ ਕਿ ਮੇਰਾ ਮਨ ਤਾਂ ਡਰਦਾ ਨਹੀਂ, ਕਿਉਂ ਮੇਰੇ ਤਨ ਨੂੰ ਹਾਥੀ ਦੇ ਸਾਮ੍ਹਣੇ ਸੁੱਟ ਸੁੱਟ ਕੇ ਡਰਾਉਣਾ ਚਾਹੁੰਦਾ ਹੈਂ? ਮੈਂ ਨਹੀਂ ਡਰਦਾ। ਸੋ ਇਸ ਤਰ੍ਹਾਂ ਨਾਮਦੇਵ ਜੀ ਨੂੰ ਡਰਾਇਆ ਜਾ ਰਿਹਾ ਹੈ। ਬਾਦਸ਼ਾਹ ਕਹਿੰਦਾ ਹੈ ਕਿ ਨਾਮਦੇਵ ਮੌਤ ਦੇ ਡਰ ਨਾਲ ਗਾਂ ਜੀਊਂਦੀ ਕਰ ਦੇਵੇਗਾ। ਬਾਦਸ਼ਾਹ ਕਹਿਣ ਲੱਗਾ ਕਿ ਦੇਖ ਨਾਮਦੇਵ, ਤਿੰਨ ਗੱਲਾਂ ਕਰ ਲੈ, ਤੈਨੂੰ ਤਿੰਨ options ਦਿੰਦਾ ਹਾਂ। ਪਹਿਲੀ ਗੱਲ ਤਾਂ ਹੈ ਕਿ ਗਊ ਜੀਊਂਦੀ ਕਰ ਦੇ, ਝਗੜਾ ਹੀ ਖਤਮ ਹੋ ਜਾਵੇਗਾ। ਦੂਜੀ ਹੈ ਤੂੰ ਇਸਲਾਮ ਧਰਮ ਵਿਚ ਆ ਜਾ। ਜੇ ਇਹ ਦੋਵੇਂ ਗੱਲਾਂ ਨਹੀਂ ਮੰਨਣੀਆਂ ਤਾਂ ਤੀਜੀ ਗੱਲ ਹੈ ਕਿ ਮਰਨ ਵਾਸਤੇ ਤਿਆਰ ਹੋ ਜਾ; ਤਿੰਨਾਂ ਵਿਚੋਂ ਜਿਹੜੀ ਗੱਲ ਮੰਨਣੀ ਹੈ ਮੰਨ ਲੈ, ਬਾਦਸ਼ਾਹ ਬੜੇ ਹੰਕਾਰ ਨਾਲ ਇਹ ਗੱਲਾਂ ਕਹਿੰਦਾ ਹੈ -

*ਬਾਦਿਸਾਹੁ ਚੜ੍ਹਿਓ ਅਹੰਕਾਰਿ॥ ਅੰਗ - 1165*

ਐਨਾ ਹੰਕਾਰ ਚੜ੍ਹਿਆ ਹੋਇਆ ਹੈ, ਦੇਖਦਾ ਹੀ ਨਹੀਂ ਕਿ ਨਾਮਦੇਵ ਜੀ ਦਾ ਤਾਂ ਕੋਈ ਕਸੂਰ ਨਹੀਂ। ਨਾਮਦੇਵ ਜੀ ਕਹਿ ਰਹੇ ਹਨ ਕਿ ਬਾਦਸ਼ਾਹ! ਮੇਰਾ ਕੀਤਾ ਹੋਇਆ ਕੁਝ ਨਹੀਂ ਹੋਇਆ, ਪ੍ਰਮੇਸ਼ਰ ਨੇ ਉਸ ਮਰੇ ਹੋਏ ਲੜਕੇ ਦੇ ਪ੍ਰਾਣ ਵਾਪਸ ਕੀਤੇ ਸਨ। ਪਰ ਬਾਦਸ਼ਾਹ ਨੂੰ ਮਹਾਂ ਦੁਸ਼ਟ ਹੰਕਾਰ ਨੇ ਕਾਬੂ ਕੀਤਾ ਹੈ ਉਸ ਦੇ ਨੇਤਰ, ਬੋਲ, ਕੰਨ, ਸੋਚ ਸ਼ਕਤੀ ਇਸ ਹੰਕਾਰ ਨੇ ਕਾਬੂ ਕੀਤੇ ਹੋਏ ਹਨ।

ਮਜ਼ਹਬੀ ਤਅਸਬ (ਈਰਖਾ) ਐਨਾ ਵਧਿਆ ਹੋਇਆ ਸੀ ਕਿ ਇਸਲਾਮ ਤੋਂ ਬਿਨਾਂ ਹੋਰ ਮਤਾਂ ਦੇ ਮਹਾਂਪੁਰਸ਼ਾਂ ਦੇ ਪ੍ਰਤਾਪ ਨੂੰ ਸਹਿਨ ਨਹੀਂ ਕੀਤਾ ਜਾਂਦਾ ਸੀ। ਕਬੀਰ ਸਾਹਿਬ ਜੀ ਦੇ ਖਿਲਾਫ ਹੋ ਕੇ ਬਾਦਸ਼ਾਹ ਨੇ ਹੁਕਮ ਦਿਤਾ ਸੀ ਕਿ ਕਬੀਰ ਜੀ ਨੂੰ ਹਾਥੀ ਦੇ ਪੈਰਾਂ ਹੇਠ ਦੇ ਕੇ ਕੁਚਲ ਦੇਵੋ। ਉਨ੍ਹਾਂ ਦਾ ਕੋਈ ਕਸੂਰ ਨਹੀਂ ਸੀ, ਉਸ ਸਮੇਂ ਦੇ ਧਰਮ ਦੇ ਠੇਕੇਦਾਰਾਂ ਨੇ ਬਾਦਸ਼ਾਹ ਨੂੰ ਉਨ੍ਹਾਂ ਦੇ ਖਿਲਾਫ ਭੜਕਾਇਆ ਸੀ, ਉਨ੍ਹਾਂ ਦੇ ਸਰੀਰ ਦੀ ਪੋਟਲੀ ਬੰਨ੍ਹ ਕੇ ਮਸਤ ਹਾਥੀ ਸਾਮ੍ਹਣੇ ਰੱਖ ਦਿਤੀ ਸੀ ਪਰ ਹਾਥੀ ਨੇ ਉਨ੍ਹਾਂ ਦਾ ਕੋਈ ਨੁਕਸਾਨ ਨਾ ਕੀਤਾ ਇਸ ਦੇ ਬਿਪਰੀਤ ਪੋਟਲੀ ਚੁੱਕ ਕੇ ਸੀਸ ਤੇ ਰੱਖੀ ਅਤੇ ਫੇਰ ਹੇਠਾਂ ਰੱਖ ਕੇ ਤਿੰਨ ਵਾਰੀ ਨਮਸ਼ਕਾਰ ਕੀਤੀ।

*ਕਿਆ ਅਪਰਾਧੁ ਸੰਤ ਹੈ ਕੀਨਾ॥*
*ਬਾਂਧਿ ਪੋਟ ਕੁੰਚਰ ਕਉ ਦੀਨਾ॥*

*ਅੰਗ - 871*

ਹੁਣ ਨਾਮਦੇਵ ਜੀ ਦਾ ਕੋਈ ਅਪਰਾਧ ਤਾਂ ਨਹੀਂ ਸੀ ਉਹ ਦਰਿਆ ਕਿਨਾਰੇ ਬੰਦਗੀ ਕਰਦੇ ਹਨ, ਨਾਮ ਜਪਦੇ ਹਨ। ਜੇ ਬਚਨ ਕਰਨ ਤੇ ਕੋਈ ਜੀਊਂਦਾ ਹੋ ਗਿਆ ਤਾਂ ਕੀ ਸੰਤਾਂ ਦਾ ਅਪਰਾਧ ਹੋ ਗਿਆ? ਕੋਈ ਕਾਨੂੰਨ ਵਿਚ ਐਸੀ ਗੱਲ ਹੈ ਕਿ ਜੀਊਂਦਾ ਨਹੀਂ ਕਰ ਸਕਦਾ ਕੋਈ? ਬਾਦਸ਼ਾਹ ਹੰਕਾਰੀ ਹੋ ਕੇ ਗੱਲ ਕਰਦਾ ਹੈ, ਕਹਿੰਦਾ ਦੇਖ ਮੈਂ ਤੈਨੂੰ ਹੁਣੇ ਹੀ ਦੇਖਦਾ ਹਾਂ, ਕੌਣ ਤੈਨੂੰ ਬਚਾਉਣ ਵਾਲਾ ਹੈ। ਬਾਦਸ਼ਾਹ ਨੇ ਮਸਤ ਹਾਥੀ ਛਡਵਾ ਦਿਤਾ।

*ਗਜ ਹਸਤੀ ਦੀਨੋ ਚਮਕਾਰਿ॥*

*ਅੰਗ - 1165*

ਮਸਤ ਹਾਥੀ ਖੜ੍ਹਾ ਹੈ, ਸ਼ਰਾਬ ਪਿਲਾ ਦਿਤੀ। ਬਾਦਸ਼ਾਹ ਰੌਲਾ ਪਾ ਰਿਹਾ ਹੈ ਕਿ ਨਾਮਦੇਵ! ਹੁਣ ਹਾਥੀ ਦੇ ਸੰਗਲ ਖੁਲ੍ਹ ਜਾਣੇ ਹਨ, ਉਸ ਤੋਂ ਪਹਿਲਾਂ ਗਊ

ਜੀਊਂਦੀ ਕਰ ਦੇ। ਬਹੁਤ ਹੰਕਾਰੀ ਹੋ ਕੇ ਗੱਲ ਕਰ ਰਿਹਾ ਹੈ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਚੜ੍ਹਿਆ ਹੰਕਾਰ ਓ ,*
*ਬਾਦਸ਼ਾਹ ਤਾਈਂ ਵੇਖੋ –2, 2.*
*ਬਾਦਿਸਾਹੁ ਚੜਿਓ ਅਹੰਕਾਰਿ॥*
*ਗਜ ਹਸਤੀ ਦੀਨੋ ਚਮਕਾਰਿ॥ ਅੰਗ – 1165*

ਸਾਧ ਸੰਗਤ ਜੀ ਦੋਨੋਂ ਚੀਜ਼ਾਂ ਹੁੰਦੀਆਂ ਹਨ। ਇਕ ਹੰਕਾਰ, ਆਦਮੀ ਦੇ ਅੰਦਰ ਹੈ। ਦੂਜੀ ਹੁੰਦੀ ਹੈ ਨਿਮਰਤਾ–

*'ਹੰਕਾਰਿਆ ਸੋ ਮਾਰਿਆ।'*
*ਹਰਿ ਜੀਉ ਅਹੰਕਾਰੁ ਨ ਭਾਵਈ*
*ਵੇਦ ਕੂਕਿ ਸੁਣਾਵਹਿ।। ਅੰਗ – 1089*

ਸਾਰੇ ਵੇਦ ਉਚੀ ਆਵਾਜ਼ ਵਿਚ ਕਹਿੰਦੇ ਹਨ ਕਿ ਜੇ ਰਬ ਨੂੰ ਕੋਈ ਚੀਜ਼ ਨਹੀਂ ਭਾਉਂਦੀ ਤਾਂ ਉਹ ਹੈ 'ਹੰਕਾਰ', ਹੰਕਾਰੀ ਨੂੰ ਰੱਬ ਬਖਸ਼ਿਆ ਨਹੀਂ ਕਰਦਾ। ਹਰਨਾਖਸ਼ ਹੰਕਾਰੀ ਨੂੰ ਮਾਰਨ ਵਾਸਤੇ ਰੱਬ ਨੂੰ ਅੱਧਾ ਸ਼ੇਰ ਦਾ ਤੇ ਅੱਧਾ ਨਰ ਦਾ ਸਰੂਪ ਧਾਰਨ ਕਰਨਾ ਪਿਆ, ਲੇਕਿਨ ਹੰਕਾਰ ਨਹੀਂ ਭਾਇਆ। ਰੱਬ ਨੂੰ ਸਭ ਤੋਂ ਬੁਰੀ ਗੱਲ ਜੋ ਲਗਦੀ ਹੈ ਉਹ ਹੈ ਹੰਕਾਰ। ਹੰਕਾਰੀ ਬੰਦੇ ਦੀ ਗਿਰਾਵਟ ਹੋ ਜਾਇਆ ਕਰਦੀ ਹੈ। ਪੰਜ ਕਿਸਮ ਦੇ ਹੰਕਾਰ ਹੁੰਦੇ ਹਨ।

*ਰਾਜੁ ਮਾਲੁ ਰੂਪੁ ਜਾਤਿ*
*ਜੋਬਨੁ ਪੰਜੇ ਠਗੁ........॥ ਅੰਗ – 1288*

ਮਹਾਰਾਜ ਨੇ ਇਨ੍ਹਾਂ ਨੂੰ ਪੰਜ ਠੱਗ ਕਿਹਾ ਹੈ –

*ਏਨੀ ਠਗੀਂ ਜਗੁ ਠਗਿਆ*
*ਕਿਨੈ ਨਾ ਰਖੀ ਲਜ॥ ਅੰਗ – 1288*

ਰਾਜ ਦਾ ਹੰਕਾਰ ਹੋ ਜਾਣਾ, ਬੇਤਹਾਸ਼ਾ ਤਾਕਤ ਇਕ ਬੰਦੇ ਦੇ ਹੱਥ ਵਿਚ ਆ ਜਾਣੀ, ਚਾਹੇ ਜ਼ੋਰ ਨਾਲ ਲੈ ਲਵੇ, ਚਾਹੇ ਵੋਟਾਂ ਨਾਲ ਲੈ ਲਵੇ, ਉਹਦੇ ਪੈਰ ਫੇਰ ਧਰਤੀ ਤੇ ਨਹੀਂ ਲਗਦੇ ਕਿਉਂਕਿ ਹੱਥ ਵਿਚ ਤਾਕਤ ਆ ਗਈ। ਕਿਸੇ ਦੇ ਹੱਥ ਆ ਜਾਵੇ, ਗਰੀਬ ਬੰਦੇ ਦੇ ਹੱਥ ਵਿਚ ਕੋਈ ਮਾੜੀ ਮੋਟੀ ਤਾਕਤ ਆ ਜਾਵੇ, ਆਹ ਸੀਮਿੰਟ ਦੀਆਂ ਪਰਚੀਆਂ ਦੇਣ ਦਾ ਹੀ ਅਧਿਕਾਰ ਮਿਲ ਜਾਵੇ, ਲਾਈਨ ਲਵਾਈ ਜਾਂਦਾ ਹੈ। ਚੰਗੇ ਚੰਗੇ ਬੰਦੇ ਲਾਈਨ ਵਿਚ ਖੜ੍ਹੇ ਰਹਿੰਦੇ ਹਨ। ਉਹ ਐਨਾ ਰੁੱਖਾ ਬੋਲੇਗਾ, ਕਦੀ ਧਿਆਨ ਨਾਲ ਦੇਖ ਲੈਣਾ ਕਿਉਂਕਿ ਮਾੜਾ ਜਿਹਾ ਮੱਦ ਚੜ੍ਹਿਆ ਹੈ, ਇਸ ਨੂੰ ਰਾਜ ਮੱਦ ਕਹਿੰਦੇ ਹਨ। ਰਾਜ ਮਦ ਵਿਚ ਰਾਜੇ ਤੋਂ ਫੇਰ ਉਲਟੇ ਕੰਮ ਹੋਇਆ ਕਰਦੇ ਹਨ। ਫਰਜ਼ ਤਾਂ ਰਾਜੇ ਨੂੰ ਭੁਲ ਜਾਵੇ, ਉਹ ਅੱਖਰ ਬੋਲਣ ਤੋਂ ਬਿਨਾਂ ਹੋਰ ਕੁਝ ਨਹੀਂ ਹੋਇਆ ਕਰਦਾ, ਸਭ ਕੁਝ ਭੁੱਲ ਕੇ ਰਾਜਸੀ ਸ਼ਕਤੀ ਅਧੀਨ ਹੋਇਆ ਅਭਿਮਾਨ ਨਾਲ ਹੀ ਗੱਲ ਕਰਦਾ ਹੈ, ਮਿੰਟ ਵਿਚ ਕਹਿ ਦਿੰਦਾ ਹੈ ਕਿ ਇਸ ਨੂੰ ਖਤਮ ਕਰ ਦਿਓ। ਐਸੇ ਰਾਜੇ ਸੰਸਾਰ ਤੇ ਕਿੰਨੇ ਹੋਏ ਹਨ, 'ਨਾਦਰਸ਼ਾਹ' ਵਿਚ ਕਿੰਨਾ ਹੰਕਾਰ ਸੀ। ਨਾਦਰਸ਼ਾਹ ਦਾ ਇਕ ਹੌਲਦਾਰ ਸਿਪਾਹੀ ਕਿਸੇ ਇੱਜ਼ਤ ਵਾਲੇ ਘਰ ਚਲਾ ਗਿਆ, ਉਥੇ ਜਾ ਕੇ ਉਸਨੇ ਘਰ ਵਾਲਿਆਂ ਦੀ ਲੜਕੀ ਦੀ ਇਜ਼ਤ ਲੁੱਟਣ ਦਾ ਜਤਨ ਕੀਤਾ, ਉਹ ਅਣਖ ਵਾਲੇ ਬੰਦੇ ਸੀ, ਉਹਨਾਂ ਨੂੰ ਗੁੱਸਾ ਆਇਆ ਉਹਨਾਂ ਨੇ ਇਸ ਨੂੰ ਮਾਰ ਦਿਤਾ। ਮਾਰਨਾ ਕੀ ਸੀ ਸਾਰੀ ਦਿੱਲੀ ਤੇ ਕਹਿਰ ਹੋ ਗਿਆ, ਨਾਦਰਸ਼ਾਹ ਨੇ ਤਲਵਾਰ ਮਿਆਨ ਵਿਚੋਂ ਬਾਹਰ ਕੱਢ ਲਈ, ਕਹਿਣ ਲੱਗਾ ਜਿਤਨੀ ਦੇਰ ਮੈਂ ਤਲਵਾਰ ਮਿਆਨ ਵਿਚ ਨਹੀਂ ਪਾਉਂਦਾ, ਸਭ ਨੂੰ ਲੁੱਟ ਲਓ, ਮਾਰ ਲਓ। ਦਿਨ ਰਾਤ ਕਤਲੇਆਮ ਸ਼ੁਰੂ ਹੋ ਗਈ, ਦਿੱਲੀ ਦੇ ਭਾਗ ਮਾੜੇ ਹਨ। ਐਨੀ ਕਤਲੇਆਮ ਹੋਈ ਕਿ ਨੌਂ ਲੱਖ ਬੰਦਾ ਮਰ ਗਿਆ। ਅਹਿਮਦਸ਼ਾਹ ਕੋਲ ਜਾ ਕੇ ਬੇਨਤੀ ਕੀਤੀ, ਸ਼ਹਿਰ ਦੇ ਸਾਰੇ ਬੰਦੇ ਮੂੰਹ ਵਿਚ ਘਾਹ ਲੈ ਕੇ ਗਏ, ਕਹਿਣ ਲੱਗੇ, ਸਾਡਾ ਕੀ ਕਸੂਰ ਹੈ? ਤੇਰਾ ਸਿਪਾਹੀ ਤਾਂ ਇਕ ਬੰਦੇ ਨੇ ਮਾਰਿਆ ਹੈ, ਤੇ ਤੂੰ ਨੌਂ ਲੱਖ ਬੰਦਾ ਮਰਵਾ ਦਿੱਤਾ, ਦਿਲੀ ਉਜਾੜ ਕੇ ਰਖ ਦਿਤੀ। ਕਿੰਨਾ ਹੰਕਾਰ ਸੀ ਸਾਧ ਸੰਗਤ ਜੀ।

ਸੋ ਹੰਕਾਰੀ ਨਰਕਾਂ ਨੂੰ ਜਾਂਦਾ ਹੈ ਕਿਉਂਕਿ –

*ਰਾਜੇ ਚੁਲੀ ਨਿਆਵ ਕੀ .................॥*
*ਅੰਗ – 1240*

ਰਾਜੇ ਨੂੰ ਜਪੁਜੀ ਸਾਹਿਬ ਪੜ੍ਹਨ ਦੀ ਐਨੀ ਲੋੜ ਨਹੀਂ, ਗਾਇਤ੍ਰੀ ਪੜ੍ਹਨ ਦੀ ਲੋੜ ਨਹੀਂ, ਨਮਾਜ਼ ਪੜ੍ਹਨ ਦੀ ਐਨੀ ਲੋੜ ਨਹੀਂ ਕਿਉਂਕਿ ਉਸਦਾ ਧਰਮ ਹੈ ਨਿਆਂ ਕਰਨਾ। ਜੇ ਰਾਜਾ ਨਿਆਂ ਨਹੀਂ ਕਰਦਾ ਤਾਂ ਪਾਪੀ ਹੋ ਜਾਇਆ ਕਰਦਾ ਹੈ। ਜਿਹੜਾ ਡਰ ਤੇ ਹਮਾਇਤ (without favour & fear) ਤੋਂ ਬਿਨਾਂ ਇਨਸਾਫ ਕਰਦਾ ਹੈ, ਉਸਦਾ ਨਾਮ ਸਤਿਕਾਰ ਸਹਿਤ ਦੁਨੀਆਂ ਤੇ ਰਹਿੰਦਾ ਹੈ।

ਮਹਾਰਾਜਾ ਰਣਜੀਤ ਸਿੰਘ ਆਪਣੇ ਰਾਜ ਦਾ ਹਾਲ ਚਾਲ ਦੇਖਣ ਨਿਕਲਿਆ, ਕੁਝ ਅਫਸਰ ਰਸਾਲੇ ਦੇ ਅਤੇ ਸਿਪਾਹੀ ਨਾਲ ਹਨ। ਜਦੋਂ ਸੜਕ ਤੋਂ ਲੰਘ ਰਿਹਾ ਸੀ ਉਥੇ ਛੋਟੇ ਛੋਟੇ ਬੱਚੇ ਬੇਰ ਝਾੜ ਰਹੇ ਸਨ – ਚੇਤ ਦੇ ਮਹੀਨੇ ਵਿਚ। ਇਕ ਬੱਚੇ ਨੇ ਜ਼ੋਰ ਨਾਲ ਪੱਥਰ ਮਾਰਿਆ ਬੇਰੀ ਨੂੰ, ਉਹ ਟਾਹਣੀਆਂ ਵਿਚੋਂ ਲੰਘਦਾ ਹੋਇਆ ਮਹਾਰਾਜਾ ਰਣਜੀਤ ਸਿੰਘ ਦੀ ਪਿੱਠ ਤੇ ਆ ਲੱਗਾ। ਜੇ ਰਾਜੇ ਨੂੰ ਇੱਟ ਲੱਗ ਜਾਵੇ, ਕੀ ਉਥੇ ਸੁਖ ਰਹਿ ਸਕਦਾ ਹੈ? ਮਹਾਰਾਜੇ ਨਾਲ ਜਿਹੜੇ ਬਾਡੀਗਾਰਡ ਸਨ ਇਕ ਦਮ ਕਹਿਰ ਵਿਚ ਆ ਗਏ ਤੇ ਤਲਵਾਰਾਂ ਕੱਢ ਲਈਆਂ। ਮਹਾਰਾਜਾ ਰਣਜੀਤ ਸਿੰਘ ਨੇ ਕਿਹਾ, ਗੁੱਸੇ ਨਾਲ ਕੀ ਗੱਲ ਕਰੋਗੇ? ਤੁਹਾਡਾ ਹਥ ਤਲਵਾਰਾਂ ਤੇ ਕਿਉਂ ਗਿਆ?

ਕਹਿਣ ਲੱਗੇ, ਮਹਾਰਾਜ! ਤੁਹਾਡੇ ਇੱਟ ਮਾਰੀ ਕਿਸੇ ਨੇ। ਮਹਾਰਾਜੇ ਨੇ ਕਿਹਾ, ਲਿਆਓ ਮੇਰੇ ਕੋਲ ਜਿਸਨੇ ਇੱਟ ਮਾਰੀ ਹੈ, ਤੁਸੀਂ ਉਸ ਨੂੰ ਕੁਝ ਨਹੀਂ ਕਹਿਣਾ, ਐਵੇਂ ਉਸਨੂੰ ਫੜੀ ਲਿਆਉਂਦੇ ਲਿਆਉਂਦੇ ਰਾਹ ਵਿਚ ਹੀ ਆਪਣਾ ਜੋਸ਼ ਦਿਖਾ ਦਿਓਂ। ਮਹਾਰਾਜੇ ਵਿਚ ਕਿੰਨਾ ਠਰੰਮਾ ਸੀ। ਸਿਪਾਹੀਆਂ ਨੇ ਸਾਰੇ ਬੱਚੇ ਫੜ ਲਿਆਂਦੇ, ਬੱਚਿਆਂ ਦੇ ਪੀਲੇ ਮੂੰਹ ਹੋ ਗਏ, ਡਰ ਗਏ ਕਿ ਸਾਡੀ ਇੱਟ ਮਹਾਰਾਜੇ ਦੇ ਲੱਗੀ ਹੈ, ਕਿਧਰੇ ਸਾਨੂੰ ਸਾਰਿਆਂ ਨੂੰ ਨਾ ਮਰਵਾ ਦੇਵੇ।

ਉਸ ਵੇਲੇ ਮਹਾਰਾਜਾ ਰਣਜੀਤ ਸਿੰਘ ਨੇ ਪੁਛਿਆ, ਬੱਚਿਓ! ਤੁਸੀਂ ਮੇਰੇ ਇੱਟ ਮਾਰੀ ਹੈ? ਬੱਚੇ ਕਹਿਣ ਲੱਗੇ, ਸਰਕਾਰ ਅਸੀਂ ਤੁਹਾਡੇ ਇੱਟ ਨਹੀਂ ਮਾਰੀ, ਅਸੀਂ ਤਾਂ ਬੇਰੀ ਦੇ ਮਾਰੀ ਸੀ। ਕਹਿੰਦੇ, ਲੱਗੀ ਤਾਂ ਸਾਡੇ ਆ ਕੇ। ਕਹਿੰਦੇ, ਮਹਾਰਾਜ ਅਸੀਂ ਤਾਂ ਬੇਰੀ ਦੇ ਮਾਰੀ ਸੀ, ਸਾਡੀ ਬਦਕਿਸਮਤੀ ਹੈ ਕਿ ਇੱਟ ਤੁਹਾਨੂੰ ਲੱਗ ਗਈ। ਮਹਾਰਾਜੇ ਨੇ ਕਿਹਾ ਤੁਸੀਂ ਬੇਰੀ ਦੇ ਕਿਉਂ ਇੱਟਾਂ ਮਾਰਦੇ ਹੋ, ਉਸਨੇ ਤੁਹਾਡਾ ਕੀ ਵਿਗਾੜਿਆ ਹੈ? ਕਹਿਣ ਲੱਗੇ, "ਮਹਾਰਾਜ! ਇੱਟ ਮਾਰ ਕੇ ਅਸੀਂ ਬੇਰੀ ਤੋਂ ਬੇਰ ਝਾੜਦੇ ਹਾਂ।"

ਰਾਜੇ ਨੇ ਕਿਹਾ, "ਅੱਛਾ! ਬੇਰੀ ਤੇ ਇੱਟ ਮਾਰਿਆਂ ਤੁਹਾਨੂੰ ਬੇਰ ਮਿਲਦੇ ਹਨ?"

"ਹਾਂ ਜੀ।"

ਬੱਚਿਆਂ ਨੇ ਅਨੁਭਵ ਕੀਤਾ ਕਿ ਮਹਾਰਾਜ ਜੀ ਤਾਂ ਨਰਮਾਈ ਵਿਚ ਆ ਗਏ, ਬੱਚੇ ਸੋਚਣ ਲੱਗੇ, ਮਹਾਰਾਜ ਤਾਂ ਸਾਡੇ ਨਾਲ ਹੱਸ ਹੱਸ ਕੇ ਗੱਲ ਕਰ ਰਹੇ ਹਨ। ਮਹਾਰਾਜ ਨੇ ਸਾਥੀਆਂ ਨੂੰ ਪੁਛਿਆ ਕਿ ਹੁਣ ਇੱਟ ਰਾਜੇ ਦੇ ਲੱਗੀ ਹੈ, ਰਾਜੇ ਨੂੰ ਕੀ ਦੇਣਾ ਚਾਹੀਦਾ ਹੈ? ਸਾਰੇ ਚੁਪ ਕਰ ਗਏ, ਕੋਈ ਕਹੇ ਇਹਨਾਂ ਨੂੰ ਮੁੱਠੀ ਭਰ ਕੇ ਦਿਓ ਰੁਪਇਆ ਦੀ, ਕੋਈ ਕੁਝ ਕਹੇ, ਕੋਈ ਕੁਝ ਕਹੇ। ਮਹਾਰਾਜੇ ਨੇ ਕਿਹਾ, ਦੇਖੋ ਇਕ ਜੜ੍ਹ ਦਰਖਤ ਹੈ, ਜਦੋਂ ਉਸ ਨੂੰ ਇੱਟ ਲਗਦੀ ਹੈ ਤਾਂ ਜਿਹੜਾ ਸਭ ਤੋਂ ਮਿੱਠਾ ਬੇਰ ਹੁੰਦਾ ਹੈ ਉਹ ਗਿਰਦਾ ਹੈ। ਕਦੀ ਕੱਚਾ ਵੀ ਗਿਰਿਆ ਹੈ? ਸਭ ਤੋਂ ਪੱਕਾ ਪਹਿਲਾਂ ਗਿਰੇਗਾ।

ਮਹਾਰਾਜਾ ਰਣਜੀਤ ਸਿੰਘ ਨੇ ਕਿਹਾ, ਸਾਡੇ ਲੱਗੀ ਹੈ ਇੱਟ, ਲਿਖੋ ਜੋ ਮੈਂ ਲਿਖਾਉਂਦਾ ਹਾਂ ਕਿ ਜਲਾਲਪੁਰ ਜੱਟਾਂ ਕੋਲ ਪਿੰਡ ਬੁਢਨ ਦੀ ਸਾਰੀ ਜ਼ਮੀਨ ਇਹਨਾਂ ਨੂੰ ਦੇ ਦਿਓ। ਸਾਰੇ ਬੱਚਿਆ ਨੂੰ ਜਗੀਰ ਦੇ ਦਿਤੀ। ਕਿੰਨੀ ਨਿਮਰਤਾ ਸੀ ਰਾਜੇ ਵਿਚ, ਅੱਜ ਤਕ ਇਹ ਕਹਾਣੀ ਯਾਦ ਹੈ।

ਕਿੰਨੀ ਨਿਮਰਤਾ ਸੀ ਮਹਾਰਾਜੇ ਵਿਚ। ਕਾਲ ਪਿਆ ਹੋਇਆ ਸੀ, ਦਾਣਾ ਭਾਲਿਆਂ ਨਹੀਂ ਸੀ ਮਿਲਦਾ। ਸਰਕਾਰੀ ਸਟੋਰ ਫੌਜਾਂ ਵਾਸਤੇ ਭਰਿਆ ਪਿਆ ਹੈ, ਵਕਤ ਬੇਵਕਤ ਵਾਸਤੇ ਗੁਦਾਮ ਕਣਕ ਦਾ ਭਰਿਆ ਪਿਆ ਹੈ। ਮਹਾਰਾਜਾ ਰਣਜੀਤ ਸਿੰਘ ਨੇ ਢੰਡੋਰਾ ਫਿਰਾ ਦਿਤਾ ਕਿ ਹਿੰਦੂ ਮੁਸਲਮਾਨ ਸਿਖ ਸਭ ਸੁਣ ਲਓ ਕਿ ਕੋਈ ਵੀ ਮੇਰੇ ਰਾਜ ਵਿਚ ਭੁੱਖਾ ਨਾ ਮਰੇ, ਇਮਾਨਦਾਰੀ ਨਾਲ ਇਹ ਕਰ ਲਓ ਕਿ ਜਿੰਨਾ ਦਾਣਾ ਚੁਕ ਕੇ ਲਿਜਾ ਸਕਦੇ ਹੋ ਲੈ ਜਾਓ, ਵੇਚਿਓ ਨਾ, ਜਮਾਂ ਨਾ ਕਰਿਓ, ਜਦੋਂ ਮੁਕ ਗਿਆ ਫੇਰ ਆ ਜਾਇਓ, ਇਸ ਗੱਲ ਦੀ ਗਰੰਟੀ ਮੈਂ ਦਿੰਦਾ ਹਾਂ ਕਿ ਤੁਹਾਨੂੰ ਭੁਖਾ ਨਹੀਂ ਮਰਨ ਦਿੰਦਾ। ਉਸ ਵੇਲੇ ਲੋਕ ਬੜੀ ਇਮਾਨਦਾਰੀ ਨਾਲ ਅਨਾਜ ਦੀ ਪੰਡ ਭਰ ਕੇ ਲੈ ਜਾਂਦੇ ਹਨ। ਇਕ ਬਿਰਧ ਸੀ ਜੋ ਬੜੀ ਦੂਰ ਰਹਿੰਦਾ ਹੈ। ਉਸ ਬਿਰਧ ਨਾਲ ਕੇਵਲ ਇਕ ਛੋਟਾ ਬੱਚਾ ਸੀ ਜਿਸਦੀ ਉਮਰ ਨੌਂ ਸਾਲ ਦੀ ਸੀ ਜੋ ਕਿ ਉਸ ਬਿਰਧ ਦਾ ਪੋਤਾ ਸੀ, ਪੁੱਤਰ ਉਸਦਾ ਚੜ੍ਹਾਈ ਕਰ ਚੁਕਾ ਸੀ। ਪਰਿਵਾਰ ਕਾਫੀ ਵੱਡਾ ਹੈ, ਉਹ ਬਿਰਧ ਹੌਲੀ-ਹੌਲੀ ਤੁਰ ਕੇ ਆਇਆ, ਉਸ ਸਮੇਂ ਤਕ ਜਦੋਂ ਉਹ ਪੁੱਜਿਆ, ਸਟੋਰ ਬੰਦ ਹੋ ਗਿਆ। ਸਾਰਾ ਸਟੋਰ ਸਰਦਾਰ ਲਹਿਣਾ ਸਿੰਘ ਦੇ ਸਪੁਰਦ ਸੀ। ਜਦੋਂ ਲਹਿਣਾ ਸਿੰਘ ਬਾਹਰ ਆਇਆ ਤਾਂ ਉਸ ਨੂੰ ਪੁਛਿਆ, ਭਾਈ ਕੀ ਗੱਲ ਹੈ? ਉਸ ਬਜ਼ੁਰਗ ਨੇ ਕਿਹਾ, ਜੀ ਮੈਂ ਬੜੀ ਦੂਰੋਂ ਦਾਣੇ ਲੈਣ ਆਇਆ ਹਾਂ, ਮੈਂ ਹੌਲੀ ਹੌਲੀ ਤੁਰ ਸਕਦਾ ਹਾਂ? ਮੇਰੇ ਆਉਂਦੇ ਨੂੰ ਸਟੋਰ ਬੰਦ ਹੋ ਗਿਆ। ਉਸਨੇ ਸੇਵਾਦਾਰ ਨੂੰ ਬੁਲਾਇਆ ਤੇ ਸਟੋਰ ਖੁਲਵਾਇਆ। ਉਧਰੋ ਮਹਾਰਾਜ ਆਪ ਫਿਰਦੇ ਫਿਰਦੇ ਦੇਖਦੇ ਹਨ ਕਿ ਸਚਮੁਚ ਦਾਣਾ ਦਿੰਦੇ ਵੀ ਹਨ? ਕਿਧਰੇ ਲੋਕਾਂ ਨੂੰ ਐਵੇਂ ਤੇ ਝਿੜਕਾਂ ਨਹੀਂ ਮਾਰ ਰਹੇ? ਮਹਾਰਾਜਾ ਰਣਜੀਤ ਸਿੰਘ ਨੇ ਭੇਸ ਬਦਲਿਆ ਹੋਇਆ ਸੀ ਤੇ ਦੇਖ ਰਿਹਾ ਸੀ। ਐਨੇ ਨੂੰ ਬਿਰਧ ਨੇ ਦਾਣੇ ਤਾਂ ਪਾ ਲਏ ਪਰ ਹੁਣ ਪੰਡ ਚੁਕੀ ਨਹੀਂ ਜਾਂਦੀ। ਬਿਰਧ ਕਹਿਣ ਲੱਗਾ, ਸਰਦਾਰਾ ਜਿਥੇ ਤੂੰ ਐਨੀ ਮਿਹਰਬਾਨੀ ਕੀਤੀ ਹੈ, ਮੇਰੀ ਪੰਡ ਵੀ ਚੁਕਵਾ ਕੇ ਬਾਹਰ ਰੱਖ ਦੇ। ਪੰਡ ਹੈ ਤਾਂ ਐਨੀ ਹੀ ਕਿ ਇਕ ਬੰਦਾ ਚੁਕ ਲਵੇ ਪਰ ਮੈਂ ਬਿਰਧ ਹਾਂ, ਜੋ ਮੇਰੇ ਨਾਲ ਪੋਤਾ ਹੈ ਉਹ ਕੇਵਲ ਨੌਂ ਸਾਲ ਦਾ ਹੈ। ਸਟੋਰ ਕੀਪਰ ਨੇ ਪੰਡ ਬਾਹਰ ਰਖ ਦਿਤੀ ਤੇ ਸਟੋਰ ਬੰਦ ਕਰਕੇ ਚਲਾ ਗਿਆ। ਮਹਾਰਾਜਾ ਰਣਜੀਤ ਸਿੰਘ ਨੇੜੇ ਹੀ ਖੜ੍ਹਾ ਦੇਖੀ ਜਾਂਦਾ ਹੈ। ਦੇਖਦੇ ਦੇਖਦੇ ਕੋਲ ਆ ਗਿਆ ਤੇ ਪੁਛਿਆ, ਬਾਬਾ ਕੀ ਗੱਲ ਤੂੰ ਪੰਡ ਨਹੀਂ ਚੁਕਦਾ, ਕੀ ਤੂੰ ਵੇਚਣੀ ਹੈ? ਨਹੀਂ ਸਰਦਾਰ ਜੀ ਮੈਂ ਵੇਚਣੀ ਨਹੀਂ, ਮੇਰੇ ਕੋਲੋਂ ਚੁਕੀ ਨਹੀਂ ਜਾਂਦੀ। ਤੂੰ ਚੁਕਵਾ ਕੇ ਮੇਰੇ ਸਿਰ ਤੇ ਰਖਵਾ ਦੇ ਮੈਂ ਹੌਲੀ ਹੌਲੀ ਲੈ ਜਾਵਾਂਗਾ, ਕੋਈ ਰਸਤੇ ਵਿਚ ਭਲਾ ਪੁਰਸ਼ ਮਿਲ ਜਾਵੇਗਾ ਤਾਂ ਇਹ ਪੰਡ ਸਿਰੋਂ ਲਹਾ ਕੇ ਚੁਕਵਾ ਦੇਵੇਗਾ, ਮੈਨੂੰ ਕੁਝ ਆਰਾਮ ਮਿਲ

ਜਾਵੇਗਾ। ਹੌਲੀ ਹੌਲੀ ਮੈਂ ਘਰ ਤੀਕਰ ਪੁੱਜ ਜਾਵਾਂਗਾ। ਸਰਦਾਰ ਜੀ ਮੇਰਾ ਸਰੀਰ ਬ੍ਰਿਧ ਹੈ, ਸਾਰੀ ਤਾਕਤ ਘੱਟ ਹੋ ਚੁੱਕੀ ਹੈ। ਅੱਖਾਂ ਪੂਰੀ ਤਰ੍ਹਾਂ ਕਿਸੇ ਨੂੰ ਪਹਿਚਾਣਦੀਆਂ ਨਹੀਂ ਹਨ। ਕੰਨਾਂ ਤੋਂ ਭੀ ਘੱਟ ਸੁਣਦਾ ਹੈ, ਕੋਈ ਉਚੀ ਬੋਲੇ ਤਾਂ ਸਮਝ ਵਿਚ ਉਸ ਦੀ ਗੱਲ ਆ ਜਾਂਦੀ ਹੈ, ਏਵੇਂ ਸਰੀਰ ਦੇ ਹੋਰ ਅੰਗ ਹਨ। ਸਰਦਾਰ ਜੀ ਅੱਲਾਹ ਦੀਆਂ ਪਾਈਆਂ ਤਾਂ ਝਲਣੀਆਂ ਹੀ ਪੈਂਦੀਆਂ ਹਨ। ਜਵਾਨ ਪੁੱਤਰ ਪਰਿਵਾਰ ਛੱਡ ਕੇ ਅੱਲਾਹ ਨੂੰ ਪਿਆਰਾ ਹੋ ਗਿਆ। ਇਹ ਨੀਂਗਰ ਇਆਣਾ ਹੈ, ਸਾਰੇ ਪਰਿਵਾਰ ਦਾ ਬੋਝ ਚੁਕਣਾ ਪੈ ਗਿਆ। ਅਸਾਡਾ ਮਹਾਰਾਜਾ ਕਿੰਨਾ ਦਿਆਲੂ ਹੈ, ਦਾਣਿਆਂ ਦੇ ਭੰਡਾਰ ਪਰਜਾ ਲਈ ਖੋਲ੍ਹ ਦਿਤੇ ਹਨ। ਹੁਣ ਜੋ ਸੁਕਾਲ (ਕਾਲ) ਰੱਬ ਨੇ ਪਾਇਆ ਉਹ ਨਿਕਲ ਜਾਵੇਗਾ। ਬੱਚੇ ਜਿਉਣ ਸਰਕਾਰ ਦੇ, ਕਿੰਨਾ ਤਰਸ ਹੈ ਮਹਾਰਾਜ ਦੇ ਦਿਲ ਵਿਚ। ਉਹ ਇਕ ਅੱਖ ਨਾਲ ਸਭ ਨੂੰ ਵੇਖ ਰਿਹਾ ਹੈ। ਦੇਖ ਸਰਦਾਰਾ, ਮੇਰੇ ਧਰਮ ਵਾਲੇ ਰਾਜਿਆਂ ਨੇ ਅਤਿ ਹੀ ਚੁੱਕੀ ਹੋਈ ਸੀ। ਹਿੰਦੂਆਂ ਨੂੰ ਤਾਂ ਉਹ ਕਾਫਰ ਸਮਝ ਕੇ ਬਹੁਤ ਸਾਰੇ ਕਸ਼ਟ ਦਿੰਦੇ ਸਨ। ਭਲਾ ਹੋਵੇ ਗੁਰੂਆਂ ਦਾ ਜਿਨ੍ਹਾਂ ਦੇ ਸਿੱਖ ਫਰਿਸ਼ਤੇ ਹਨ।

ਗੱਲ ਸੁਣਦਿਆਂ ਹੀ ਮਹਾਰਾਜੇ ਨੂੰ ਬੜਾ ਤਰਸ ਆਇਆ, ਉਸ ਨੇ ਉਸ ਬਿਰਧ ਦੀ ਪੰਡ ਆਪਣੇ ਸਿਰ ਤੇ ਹੀ ਰੱਖ ਲਈ ਤੇ ਟੁਰ ਪਏ। ਮਹਾਰਾਜਾ ਤੇਜ਼ ਟੁਰ ਰਿਹਾ ਸੀ, ਬਿਰਦ ਕੋਲੋਂ ਹੌਲੀ ਹੌਲੀ ਤੁਰਿਆ ਜਾਂਦਾ ਹੈ। ਕਹਿਣ ਲੱਗਿਆ, ਸਰਦਾਰਾ ਤੂੰ ਤਾਂ ਮੇਰਾ ਘਰ ਨਹੀਂ ਜਾਣਦਾ ਪਰ ਮੈਂ ਤੇਜ਼ ਤੁਰਨ ਦੀ ਕੋਸ਼ਿਸ਼ ਕਰਦਾ ਹਾਂ। ਘਰ ਕਾਫੀ ਦੂਰ ਸੀ। ਜਦੋਂ ਘਰ ਦੇ ਨੇੜੇ ਆ ਗਿਆ, ਬਿਰਧ ਕਹਿਣ ਲੱਗਾ ਸਰਦਾਰ ਜੀ, ਮੈਂ ਤੁਹਾਡੇ ਵਰਗਾ ਕੋਈ ਬੰਦਾ ਨਹੀਂ ਦੇਖਿਆ। ਤੂੰ ਮੈਨੂੰ ਆਪਣੇ ਰਾਜੇ ਦੇ ਦਰਸ਼ਨ ਕਰਾ ਸਕਦਾ ਹੈਂ? ਇਕ ਤਾਂ ਮੇਰੀ ਨਿਗ੍ਹਾ ਕਮਜ਼ੋਰ ਹੈ, ਇਕ ਸਾਰੀ ਰਿਆਇਆ ਉਸ ਨੂੰ ਦੇਖਣ ਚਲੀ ਜਾਂਦੀ ਹੈ। ਧੱਕਿਆਂ ਤੋਂ ਡਰਦਾ ਮੈਂ ਅਗੇ ਹੋ ਕੇ ਮਹਾਰਾਜਾ ਦੇ ਦਰਸ਼ਨ ਨਹੀਂ ਕਰ ਸਕਦਾ। ਸਰਦਾਰਾ! ਤੂੰ ਕਦੀ ਮੈਨੂੰ ਮਹਾਰਾਜਾ ਰਣਜੀਤ ਸਿੰਘ ਦੇ ਦਰਸ਼ਨ ਕਰਵਾ ਦੇ। ਮੈਂ ਕਿਸ ਤਰ੍ਹਾਂ ਧੰਨਵਾਦ ਕਰਾਂ, ਇਕ ਤਾਂ ਮੇਰੀ ਜਾਤ ਮੁਸਲਮਾਨ ਹੈ, ਦੂਜਾ ਮੈਂ ਸੱਚ ਦੱਸਾਂ ਕਿ ਲਾਲਚ ਕਰਕੇ ਜ਼ਿਆਦਾ ਕਣਕ ਦਾ ਭਾਰ (ਪੰਡ) ਬੰਨ੍ਹ ਲਿਆ। ਤੈਨੂੰ ਦੇਖ ਕਿੰਨੀ ਖੇਚਲ ਹੋਈ ਹੈ। ਇੰਨੇ ਨੂੰ ਇਕ ਮੁਸਲਮਾਨ ਗਾਰਦ (guard) ਆ ਗਈ ਜੋ ਕਿ ਗਸ਼ਤ ਕਰ ਰਹੇ ਸਨ ਕਿਉਂਕਿ ਫੌਜੀ ਸਨ, ਉਹ ਰਸਾਲੇ ਦਾ ਇਕ ਦਸਤਾ ਸੀ, ਉਹਨਾਂ ਨੇ ਦੂਰੋਂ ਹੀ ਪਛਾਣ ਲਿਆ ਕਿ ਮਹਾਰਾਜ ਆਪਣੇ ਸਿਰੋਂ ਲਾਹ ਕੇ ਕਣਕ ਦੀ ਪੰਡ ਇਸ ਗਰੀਬ ਮੁਸਲਮਾਨ ਦੇ ਘਰ ਰਖਦੇ ਹੋਏ ਆਪਣਾ ਆਪ ਛੁਪਾ ਰਹੇ ਹਨ। ਉਹ ਇਕ ਦਮ ਘੋੜਿਆਂ ਤੋਂ ਉਤਰ ਕੇ ਸੈਲਿਊਟ ਕਰਨ ਲਗ ਪਏ। ਬਿਰਧ ਕਹਿਣ ਲੱਗਾ, ਸਰਦਾਰਾ ਤੂੰ ਤੇ ਕੋਈ ਵੱਡਾ ਅਫਸਰ ਲਗਦਾ ਹੈਂ, ਤੂੰ ਤਾਂ ਮੈਨੂੰ ਦਸਦਾ ਨਹੀਂ। ਐਨੇ ਨੂੰ ਉਹ ਇਕ ਸਿਪਾਹੀ ਨੂੰ ਪੁਛ ਬੈਠਿਆ, ਸਾਊ ਮੈਨੂੰ ਦਸ ਦਿਓ ਇਹ ਕਿਹੜੇ ਅਫਸਰ ਹਨ? ਜਦੋਂ ਦਸਿਆ ਕਿ ਇਹ ਤਾਂ ਮਹਾਰਾਜ ਆਪ ਨੇ, ਤੇਰੀ ਪੰਡ ਚੁਕ ਕੇ ਲਿਆਏ ਨੇ, ਧਾਹਾਂ ਮਾਰ ਕੇ ਬਿਰਧ ਮਹਾਰਾਜੇ ਦੇ ਚਰਨਾਂ ਵਿਚ ਗਿਰ ਗਿਆ, ਰੋਈ ਜਾਂਦਾ ਹੈ। ਉਹਦੇ ਵਿਚੋਂ ਇਕ ਹਵਾਲਦਾਰ ਸੀ ਜੋ ਕਿ ਬਾਅਦ ਵਿਚ ਆਪਣੀ ਵਫਾਦਾਰੀ ਸਦਕੇ ਜਰਨੈਲ ਬਣ ਗਿਆ, ਉਹ ਬਰੇਲੀ ਦੇ ਰਹਿਣ ਵਾਲਾ ਸੀ।

ਜਦੋਂ ਮੈਂ ਆਪਣੇ ਫਾਰਮ ਪਿੰਡ ਫੈਜ਼ਗੰਜ, ਤਹਿਸੀਲ ਬਿਲਾਸਪੁਰ, ਜ਼ਿਲਾ ਰਾਮਪੁਰ ਵਿਚ ਫਾਰਮ ਕਰਦਾ ਸਾਂ ਉਸ ਸਮੇਂ ਮੈਂ ਬਰੇਲੀ ਨੂੰ ਜਾ ਰਿਹਾ ਸਾਂ, ਮੇਰੀ ਕਾਰ ਵਿਚ ਇਕ ਪੁਲਿਸ ਦੇ A.S.I ਬੈਠੇ ਸਨ। ਉਸ ਠਾਣੇਦਾਰ ਨੇ ਜਾਂਦਿਆਂ ਹੋਇਆਂ ਸਾਨੂੰ ਦੱਸਿਆ ਕਿ ਮੇਰੇ ਘਰ ਮੇਰੇ ਬਜ਼ੁਰਗ ਦੀ ਲਿਖੀ ਹੋਈ ਡਾਇਰੀ ਹੈ, ਮੇਰੇ ਪੜਦਾਦੇ ਦੀ ਲਿਖੀ ਹੋਈ ਹੈ ਉਹ ਫੌਜ ਵਿਚ ਜਰਨੈਲ ਸੀ। ਉਸ ਨੇ ਲਿਖਿਆ ਹੋਇਆ ਸੀ ਕਿ ਮੈਂ ਤਾਂ ਮਹਾਰਾਜਾ ਰਣਜੀਤ ਸਿੰਘ ਕੋਲ ਵਿਕ ਗਿਆ ਸੀ ਕਿਉਂਕਿ ਮੈਂ ਇਕ ਐਸੀ ਘਟਨਾ ਦੇਖੀ, ਜੋ ਮੈਂ ਸਾਰੀ ਜ਼ਿੰਦਗੀ ਨਹੀਂ ਭੁਲ ਸਕਿਆ ਤੇ ਫੈਸਲਾ ਕਰ ਲਿਆ ਕਿ ਮੈਂ ਇਸ ਰਾਜੇ ਵਾਸਤੇ ਆਪਣੀ ਜਾਨ ਦੇ ਦੇਣੀ ਹੈ। ਉਹ ਘਟਨਾ ਇਹ ਸੀ ਕਿ ਮਹਾਰਾਜੇ ਨੇ ਇਕ ਗਰੀਬ ਦੀ ਕਣਕ ਦੀ ਭਰੀ ਹੋਈ ਪੰਡ ਆਪਣੇ ਸਿਰ ਤੇ ਚੁੱਕ ਕੇ ਇਕ ਬਿਰਧ ਮੁਸਲਮਾਨ ਦੇ ਘਰ ਪਹੁੰਚਾਈ। ਉਸ ਬਿਰਧ ਨੂੰ ਉਸਦੇ ਚਰਨਾਂ ਤੇ ਧਾਹਾਂ ਮਾਰਦੇ ਦੇਖਿਆ, ਮੇਰੇ ਮੂੰਹੋਂ ਨਿਕਲ ਗਿਆ ਕਿ ਸਰਕਾਰ ਤੁਸੀਂ ਇਕ ਗਰੀਬ ਬੰਦੇ ਵਾਸਤੇ ਐਡਾ ਕੰਮ ਕੀਤਾ ਹੈ, ਮੈਂ ਸੋਚ ਲਿਆ ਇਹ ਮਹਾਰਾਜ ਇਕ ਫਰਿਸ਼ਤਾ ਹੈ ਜਿਸਦੇ ਦਿਲ ਵਿਚ ਗਰੀਬਾਂ ਵਾਸਤੇ ਹੱਦੋਂ ਵੱਧ ਹਮਦਰਦੀ ਹੈ, ਇਸ ਦੀ ਨਿਗ੍ਹਾ ਵਿਚ ਕੋਈ ਮੁਸਲਮਾਨ ਜਾਂ ਹੋਰ ਕੋਈ ਗੈਰ ਨਹੀਂ ਹੈ। ਮਾਪਿਆਂ ਵਾਂਗੂੰ ਆਪਣੀ ਰਈਅਤ ਨਾਲ ਵਰਤਾਉ ਕਰ ਰਿਹਾ ਹੈ। ਮੈਂ ਪ੍ਰਣ ਕੀਤਾ ਕਿ ਮੈਂ ਸਾਰੀ ਜ਼ਿੰਦਗੀ ਮਹਾਰਾਜਾ ਦੀ ਸੇਵਾ ਕਰਾਂਗਾ। ਕਹਿਣ ਲੱਗਾ, ਜਦੋਂ ਸਭਰਾਵਾਂ ਦੀ ਲੜਾਈ ਲੱਗੀ ਤਾਂ ਮੇਰੇ ਕੋਲ ਅੰਗਰੇਜ਼ਾਂ ਦਾ ਇਕ ਜਸੂਸ ਆਇਆ, ਕਹਿਣ ਲੱਗਾ ਤੇਰਾ ਭਰਾ ਓਧਰ ਜਰਨੈਲ ਹੈ, ਤੂੰ ਇਧਰ ਜਰਨੈਲ ਹੈਂ, ਤੂੰ ਇਨ੍ਹਾਂ ਦਾ ਸਾਥ ਛਡ ਦੇ। ਤੇਰੇ ਭਰਾ ਨੇ ਹੀ ਮੈਨੂੰ ਭੇਜਿਆ ਹੈ ਕਿ ਤੂੰ ਆ ਜਾ, ਤੈਨੂੰ ਅੰਗਰੇਜ਼ਾਂ ਦੀ ਫੌਜ ਵਿਚ ਬੜਾ ਵੱਡਾ ਅਹੁਦਾ ਦਿੱਤਾ ਜਾਵੇਗਾ। ਕਹਿਣ ਲੱਗਾ ਮੈਂ ਫਿਰ ਆਪਣੀ ਆਤਮਾ ਦੀ

ਆਵਾਜ਼ ਸੁਣੀ। ਅੰਦਰੋਂ ਆਵਾਜ਼ ਆਈ ਕਿ ਤੂੰ ਪੈਸੇ ਦੇ ਲਾਲਚ ਵਿਚ ਐਸੇ ਮਹਾਰਾਜੇ ਦਾ ਸਾਥ ਛਡੇਂਗਾ ਜਿਹੜਾ ਮਹਾਰਾਜਾ ਸਾਰਿਆਂ ਨੂੰ ਇਕੋ ਨਜ਼ਰ ਨਾਲ ਦੇਖਦਾ ਰਿਹਾ ਹੈ। ਕਹਿਣ ਲੱਗਾ ਮੈਂ ਸੇਵਾ ਕਰਕੇ, ਜਦੋਂ ਰਿਟਾਇਰ ਹੋਇਆ ਤਾਂ ਘਰ ਆ ਗਿਆ, ਕਿਤੇ ਵੀ ਸਰਵਿਸ ਨਹੀਂ ਕੀਤੀ। ਜਦੋਂ ਇਸ A.S.I. ਨੇ ਇਸ ਡਾਇਰੀ ਦੀ ਲਿਖਤ ਬਾਰੇ ਮੈਨੂੰ ਦੱਸਿਆ, ਮੈਂ ਉਹਦੇ ਮੂੰਹ ਵੱਲ ਵੇਖੀ ਗਿਆ ਕਿ ਐਨਾ ਚੰਗਾ ਬੰਦਾ ਤੇਰਾ ਬਜ਼ੁਰਗ ਸੀ। ਸਬ ਇੰਨਸਪੈਕਟਰ ਦੱਸਣ ਲੱਗਾ ਕਿ ਇਸ ਡਾਇਰੀ ਵਿਚ ਮਹਾਰਾਜੇ ਬਾਰੇ ਬਹੁਤ ਗੱਲਾਂ ਲਿਖੀਆਂ ਹਨ।

ਮੈਂ ਉਸ ਨੂੰ ਕਿਹਾ, ਤੂੰ ਕਿਸੇ ਇਤਿਹਾਸਕਾਰ ਸ. ਗੰਡਾ ਸਿੰਘ ਵਰਗੇ ਨੂੰ ਦੇ ਦੇਣੀ ਸੀ ਜੋ ਇਸ ਘਟਨਾ ਨੂੰ ਆਪਣੀ ਪੁਸਤਕ ਵਿਚ ਲਿਖ ਲੈਣਗੇ। ਉਹ ਕਹਿਣ ਲੱਗਾ ਇਹ ਤਾਂ ਸਾਡੇ ਖਾਨਦਾਨ ਦਾ ਵਿਰਸਾ ਹੈ ਜੋ ਅਗੋਂ ਆਪਣੀਆਂ ਪੁਸ਼ਤਾਂ ਨੂੰ ਦੇ ਕੇ ਜਾਵਾਂਗਾ। ਸੋ ਦੋ ਹੀ ਚੀਜ਼ਾਂ ਹੁੰਦੀਆਂ ਹਨ - ਨਿਰਮਾਨਤਾ ਤੇ ਅਭਿਮਾਨ। ਸੋ ਮਹਾਰਾਜ ਦਾ ਫੁਰਮਾਨ ਹੈ - 'ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ।' ਸੋ ਭੁੱਲ ਕੇ ਵੀ ਗਰਬ ਨਹੀਂ ਕਰਨਾ, ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਗਰਬ ਨਾ ਕੀਜੈ ਨਾਨਕਾ,***
***ਮਤ ਸਿਰ ਆਵੈ ਭਾਰ -2, 2.***
***ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ ॥***
***ਗਰਬੁ ਨ ਕੀਜੈ ਨਾਨਕਾ***
***ਮਤੁ ਸਿਰਿ ਆਵੈ ਭਾਰੁ ॥ ਅੰਗ - 956***

ਨਾਮਦੇਵ ਜੀ ਨੇ ਬਾਦਸ਼ਾਹ ਨੂੰ ਕਿਹਾ, ਕਿਉਂ ਅਹੰਕਾਰ ਕਰਦਾ ਹੈਂ; ਸਿਰ ਤੇ ਪਾਪਾਂ ਦਾ ਬੋਝ ਆ ਜਾਵੇਗਾ। ਵੱਡੇ ਵੱਡੇ ਜਿਹੜੇ ਹੋਏ ਹਨ ਜਿਨ੍ਹਾਂ ਨੇ ਅਹੰਕਾਰ ਕੀਤਾ, ਉਹ ਮਾਰੇ ਗਏ।

ਇਕ ਵਾਰੀ ਸੰਤ ਬੁੱਧੂਸ਼ਾਹ, ਜੋ ਕਿ ਸ਼ਾਹਪੁਰ ਦੇ ਰਹਿਣ ਵਾਲੇ ਸਨ, ਬਹੁਤ ਚੰਗੇ ਮਹਾਤਮਾ ਹੋਏ, ਉਹਨਾਂ ਦਾ ਕੰਮ ਸੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਬੰਦਗੀ ਕਰਨੀ ਫਿਰ ਚੁਰਸਤੇ ਵਿਚ ਬੈਠਦੇ ਸਨ ਜਿਥੇ ਉਹਨਾਂ ਨੇ ਤੰਦੂਰ ਬਣਾਇਆ ਹੋਇਆ ਸੀ ਉਥੇ ਬੈਠ ਕੇ ਆਪ ਪ੍ਰਸ਼ਾਦੇ ਪਕਾਉਣੇ, ਜਿੰਨੀ ਵੀ ਸੰਗਤ ਆਉਣੀ ਸਭ ਨੂੰ ਪ੍ਰਸ਼ਾਦੇ ਛਕਾਉਣੇ। ਇਕ ਦਿਨ ਇਕ ਮੁਗਲ ਸਿਪਾਹੀ ਆ ਗਿਆ, ਉਸ ਸਿਪਾਹੀ ਨੇ ਪ੍ਰਸ਼ਾਦਾ ਮੰਗਿਆ। ਸੰਤਾਂ ਨੇ ਕਿਹਾ ਸਾਡੇ ਧੰਨ ਭਾਗ। ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਵਿਚ ਪਰਮੇਸ਼ਰ ਤੋਂ ਬਿਨਾਂ ਕੋਈ ਨਹੀਂ ਦਿਸਦਾ, ਸੋ ਉਹ ਹਰ ਸਮੇਂ ਪ੍ਰਭੂ ਦੀ ਹੀ ਸੇਵਾ ਕਰਦੇ ਹਨ। ਜਦੋਂ ਉਸ ਸਿਪਾਹੀ ਲਈ ਪ੍ਰਸ਼ਾਦਾ ਤੰਦੂਰ ਵਿਚ ਲਗਾਇਆ ਤਾਂ ਪ੍ਰਸ਼ਾਦਾ ਥੋੜਾ ਜ਼ਿਆਦਾ ਪੱਕ ਗਿਆ, ਇਕ ਦੋ ਰੋਟੀਆਂ ਨੂੰ ਦਾਗ ਲੱਗ ਗਿਆ, ਜਦੋਂ ਸਿਪਾਹੀ ਨੂੰ ਥਾਲੀ ਵਿਚ ਪ੍ਰਸ਼ਾਦਾ ਪਾ ਕੇ ਦਿਤਾ ਤਾਂ ਉਸ ਨੂੰ ਬੜਾ ਕ੍ਰੋਧ ਆਇਆ ਕਿਉਂਕਿ ਪ੍ਰਸ਼ਾਦੇ ਥੋੜ੍ਹੇ ਜਲ ਗਏ ਸਨ। ਉਸਨੇ ਸੰਤ ਬੁੱਧੂ ਸ਼ਾਹ ਨੂੰ ਬਹੁਤ ਬੁਰਾ ਭਲਾ ਕਿਹਾ, ਇਥੋਂ ਤਕ ਕਿ ਉਸ ਨੇ ਸੰਤਾਂ ਦੇ ਮੂੰਹ ਤੇ ਥੱਪੜ ਮਾਰਿਆ। ਸੰਤ ਸਮ ਅਵਸਥਾ ਵਿਚ ਵਿਚਰਨ ਵਾਲੇ ਸਨ, ਆਪ ਨੇ ਕਿਹਾ ਕਿ ਮੁਗਲ ਜੀ ਮੈਨੂੰ ਅਕਲ ਘੱਟ ਹੀ ਹੈ, ਮੇਰੀ ਮਾਂ ਨੇ ਇਸੇ ਕਰਕੇ ਮੇਰਾ ਨਾਮ 'ਬੁੱਧੂ' ਰੱਖਿਆ ਹੈ। ਅੱਗੇ ਤੋਂ ਮੈਂ ਸਾਵਧਾਨੀ ਵਰਤਾਂਗਾ ਅਤੇ ਪ੍ਰਸ਼ਾਦੇ ਹੋਰ ਧਿਆਨ ਨਾਲ ਲਾਹਿਆ ਕਰਾਂਗਾ। ਤੁਸੀਂ ਹੋਰ ਪ੍ਰਸ਼ਾਦੇ ਛਕ ਲਵੋ, ਮੈਂ ਤਾਜੇ ਲਾਹ ਦਿੰਦਾ ਹਾਂ। ਪਰ ਉਹ ਫੇਰ ਭੀ ਨਾ ਮੰਨਿਆ ਅਤੇ ਉਥੋਂ ਚਲਾ ਗਿਆ। ਥੋੜ੍ਹੀ ਅਗੇ ਜਾ ਕੇ ਘੋੜੇ ਤੋਂ ਡਿਗ ਪਿਆ ਤੇ ਲੱਤ ਟੁਟ ਗਈ। ਫਿਰ ਸੰਤ ਬੁੱਧੂ ਸ਼ਾਹ ਕੋਲ ਵਾਪਸ ਲਿਆਂਦਾ ਗਿਆ, ਉਹਨਾਂ ਨੇ ਹੀ ਉਸ ਸਿਪਾਹੀ ਦੀ ਸੇਵਾ ਕੀਤੀ, ਕਿਉਂਕਿ ਸੰਤ ਤਾਂ ਨਿਰਵੈਰ ਹੁੰਦੇ ਹਨ। ਉਹਨਾਂ ਨੂੰ ਆਪਣੇ ਤੇ ਬਿਗਾਨੇ ਵਿਚ ਕੋਈ ਫਰਕ ਨਹੀਂ ਲਗਦਾ। ਫਿਰ ਉਹ ਬਹੁਤ ਪਛਤਾਇਆ ਤੇ ਭੁੱਲ ਦੀ ਮੁਆਫੀ ਮੰਗਦਾ ਸ਼ਰਧਾਲੂ ਬਣ ਗਿਆ।

ਸੋ ਹੰਕਾਰੀ ਬਾਦਸ਼ਾਹ ਨੇ ਮਸਤ ਹਾਥੀ ਨੂੰ ਨਾਮਦੇਵ ਜੀ ਵੱਲ ਭੇਜ ਦਿਤਾ ਕਿ ਹੁਣ ਨਾਮਦੇਵ ਜੀ ਨੂੰ ਖਤਮ ਕਰ ਦੇਵੇਗਾ। ਪਰ ਜਦੋਂ ਹਾਥੀ ਕੋਲ ਗਿਆ, ਉਸਨੇ ਤਾਂ ਸੀਸ ਨਿਵਾ ਦਿਤਾ। ਨਾਮਦੇਵ ਜੀ ਨੂੰ ਕੁਝ ਨਾ ਕੀਤਾ, ਹੋਰ ਜਿਹੜਾ ਸਾਹਮਣੇ ਆਵੇ ਉਸ ਨੂੰ ਚੁਕ ਚੁਕ ਕੇ ਮਾਰੇ। ਹਾਥੀ ਵਾਪਸ ਬੁਲਾ ਲਿਆ। ਨਾਮਦੇਵ ਜੀ ਦੀ ਮਾਤਾ ਪ੍ਰਭੂ ਪਾਸ ਪ੍ਰਾਰਥਨਾ ਕਰ ਰਹੀ ਸੀ, ਹੇ ਬੀਠਲ! ਮੇਰੇ ਪੁਤਰ ਦੀ ਹੁਣ ਲਾਜ ਰੱਖ ਜਿਵੇਂ ਹਰਨਾਖਸ਼ ਤੋਂ ਪ੍ਰਹਿਲਾਦ ਦੀ ਰੱਖਿਆ ਕੀਤੀ ਸੀ। ਮੇਰਾ ਪੁਤਰ ਬਹੁਤ ਸੰਕਟ ਵਿਚ ਹੈ। ਜਦੋਂ ਉਸ ਨੇ ਵੇਖਿਆ ਕਿ ਹਾਥੀ ਨੇ ਕੁਝ ਨਹੀਂ ਕਿਹਾ ਤਾਂ ਉਸ ਨੂੰ ਮਾਤਰੀ ਪਿਆਰ ਨੇ ਬਿਹਬਲ ਕਰ ਦਿਤਾ। ਇਸ ਹੰਕਾਰੀ ਤੇ ਜ਼ਿੱਦੀ ਬਾਦਸ਼ਾਹ ਨੇ ਮੇਰੇ ਪੁੱਤਰ ਦੇ ਪ੍ਰਾਣ ਲੈਣੇ ਹਨ ਤਾਂ ਉਹ ਦੂਰ ਦੂਰ ਤਕ ਦਿਸ ਰਹੀ ਭੀੜ ਵਿਚ ਵਿਰਲਾਪ ਕਰਦੀ ਨਾਮਦੇਵ ਪਾਸ ਆ ਕੇ ਕਹਿਣ ਲੱਗੀ, ਪੁੱਤਰ! ਕਿਉਂ ਪ੍ਰਾਣ ਦਿੰਦਾ ਹੈਂ? ਆਪਣੇ ਪਰਿਵਾਰ, ਆਪਣੀ ਮਾਂ ਵਾਸਤੇ ਜਿਊਂਦਾ ਰਹਿ। ਸੰਸਾਰ ਦੇ ਭਲੇ ਵਾਸਤੇ ਆਪਣੇ ਪ੍ਰਾਣ ਬਚਾ ਲੈ। ਬਾਦਸ਼ਾਹ ਦਾ ਫੁਰਮਾਨ ਹੈ ਕਿ ਤੂੰ ਮੁਸਲਮਾਨ ਬਣ ਜਾ, ਤੇਰੇ ਪ੍ਰਾਣ ਬਚ ਜਾਣਗੇ। ਬੇਟਾ! ਤੂੰ ਤਾਂ ਰਾਮ ਤੇ ਖੁਦਾ ਦੇ ਨਾਮ ਵਿਚ ਕੋਈ ਫਰਕ ਨਹੀਂ ਸਮਝਦਾ, ਰਾਮ ਭੀ ਉਸੇ ਪ੍ਰਮੇਸ਼ਰ ਦਾ ਨਾਮ ਹੈ, ਖੁਦਾ ਭੀ ਉਸੇ ਪ੍ਰਮੇਸ਼ਰ ਦਾ ਨਾਮ ਹੈ; ਰਾਮ ਰਾਮ ਕਹਿਣਾ ਛੱਡ ਕੇ ਖੁਦਾ ਖੁਦਾ, ਅੱਲਾਹ-ਅੱਲਾਹ ਕਹਿਣ ਲਗ ਜਾ।

***ਧਾਰਨਾ - ਰਾਮ ਛੱਡ ਕੇ ਖੁਦਾ ਦਾ ਨਾਮ ਜਪ ਲੈ,***
***ਨਾਮੇ ਦੀ ਮਾਈ ਰੁਦਨ ਕਰੇ - 2,***
***ਰੁਦਨੁ ਕਰੈ ਨਾਮੇ ਕੀ ਮਾਇ ॥***
***ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥***
***ਅੰਗ - 1165***

ਨਾਮਦੇਵ ਜੀ ਆਪਣੀ ਮਾਤਾ ਨੂੰ ਕਹਿਣ ਲੱਗੇ, ਤੂੰ ਡਰ ਕੇ ਮੈਨੂੰ ਕਿਹੋ ਜਿਹਾ ਉਪਦੇਸ਼ ਦਿੰਦੀ ਹੈਂ? ਮਾਰਨਾ

ਜਿਉਂਦੇ ਰਖਣਾ ਪ੍ਰਭੂ ਦੇ ਹੱਥ ਵਿਚ ਹੈ ਮੈਂ ਉਸ ਦਾ ਭਰੋਸਾ ਛੱਡ ਕੇ ਇਸਲਾਮ ਕਬੂਲ ਕਰ ਲਵਾਂ। ਮਾਤਾ ਤੂੰ ਕਮਜ਼ੋਰ ਮਾਂ ਹੈਂ। ਸਰੀਰ ਨੇ ਤਾਂ ਸਦਾ ਰਹਿਣਾ ਨਹੀਂ, ਇਥੇ ਹੀ ਛੱਡ ਜਾਣਾ ਹੈ, ਧਰਮ ਨੇ ਨਾਲ ਜਾਣਾ ਹੈ। ਮਾਤਾ! ਮੇਰਾ ਅਸਲੀ ਸਰੂਪ ਆਤਮਾ ਹੈ ਜੋ ਨਾ ਤਲਵਾਰ ਨਾਲ ਕੱਟ ਹੁੰਦੀ ਹੈ, ਨਾ ਅੱਗ ਨਾਲ ਜਲਾਈ ਜਾ ਸਕਦੀ ਹੈ, ਨਾ ਹੀ ਪਾਣੀ ਵਿਚ ਡੁਬਦੀ ਹੈ। ਸਰੀਰ ਨਾਸ਼ਵਾਨ ਹੈ; ਮੈਂ ਸਰੀਰ ਨਹੀਂ ਹਾਂ, ਸਦਾ ਅਮਰ ਹਾਂ, ਸਤਿ ਚਿਤ ਅਨੰਦ ਮੇਰਾ ਰੂਪ ਹੈ। ਇਸ ਬਾਦਸ਼ਾਹ ਪਾਸ ਐਸੀ ਕੋਈ ਤਾਕਤ ਨਹੀਂ ਜੋ ਆਤਮਾ ਨੂੰ ਖੇਦ ਪਹੁੰਚਾ ਸਕੇ, ਜੇ ਤੂੰ ਮੈਨੂੰ ਅਜਿਹਾ ਕਮਜ਼ੋਰ ਉਪਦੇਸ਼ ਦੇਣਾ ਹੈ ਤਾਂ ਮਾਤਾ ਸੁਣ, ਮੈਂ ਤੇਰਾ ਪੁੱਤਰ ਨਹੀਂ ਅਤੇ ਨਾ ਹੀ ਤੂੰ ਮੇਰੀ ਮਾਂ ਹੈਂ। ਸਰੀਰ ਬਿਨਸਦਾ ਹੈ, ਪਿਆ ਬਿਨਸ ਜਾਵੇ ਪਰ ਮੈਂ ਆਖਰੀ ਸੁਆਸ ਤਕ ਆਪਣੇ ਪਿਆਰੇ ਪ੍ਰਭੂ ਦੇ ਗੁਣ ਗਾਉਣੇ ਹਨ। ਇਉਂ ਪੜ੍ਹ ਲਵੋ –

*ਧਾਰਨਾ – ਨਾ ਹਉਂ ਤੇਰਾ ਪੂੰਗੜਾ,*
*ਨਾ ਤੂੰ ਮੇਰੀ ਮਾਏ – 2, 2*
*ਨਾ ਤੂੰ ਮੇਰੀ ਮਾਏ, –2*
*ਨਾ ਹਉਂ ਤੇਰਾ ਪੂੰਗੜਾ,..........2*

*ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥*
*ਪਿੰਡੁ ਪੜੈ ਤਉ ਹਰਿ ਗੁਨ ਗਾਇ॥*
***ਅੰਗ – 1165***

ਬਾਦਸ਼ਾਹ ਸੋਚਦਾ ਹੈ ਕਿ ਇਸ ਹਿੰਦੂ ਨੇ ਮੇਰਾ ਮਾਣ ਭੰਗ ਕਰ ਦਿਤਾ ਹੈ। ਸਾਰੇ ਕਾਜ਼ੀ ਮੁੱਲਾਂ ਮੈਨੂੰ ਸਲਾਮਾਂ ਕਰਦੇ ਹਨ ਪਰ ਇਹਦੇ ਮਨ ਵਿਚ ਕੋਈ ਡਰ ਨਹੀਂ ਹੈ।

*ਕਾਜੀ ਮੁਲਾਂ ਕਰਹਿ ਸਲਾਮੁ॥*
*ਇਨਿ ਹਿੰਦੂ ਮੇਰਾ ਮਲਿਆ ਮਾਨੁ॥*
***ਅੰਗ – 1165***

ਸਿਆਣੇ ਸਿਆਣੇ ਬੰਦੇ ਇਕੱਠੇ ਹੋ ਕੇ ਕਹਿਣ ਲੱਗੇ ਕਿ ਬਾਦਸ਼ਾਹ ਨੂੰ ਗਲਤ ਫਹਿਮੀ ਹੋਈ ਹੋਈ ਹੈ, ਇਹ ਸਾਧੂਆਂ ਦੀ ਮਹਿਮਾ ਨੂੰ ਨਹੀਂ ਜਾਣਦਾ, ਉਨ੍ਹਾਂ ਦਾ ਕਿਹਾ ਤਾਂ ਪ੍ਰਭੂ ਭੀ ਮੰਨਦਾ ਹੈ।

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥*
***ਅੰਗ – 186***

ਬਾਦਸ਼ਾਹ ਨੂੰ ਐਵੇਂ ਜ਼ਿੱਦ ਪਈ ਹੋਈ ਹੈ। ਅਸੀਂ ਬਾਦਸ਼ਾਹ ਨੂੰ ਸਮਝਾਵਾਂਗੇ ਕਿ ਕਾਨੂੰਨ ਵਿਚ ਇਕ ਐਸੀ ਧਾਰਾ ਹੈ ਕਿ ਜਿਸ ਨੂੰ ਸਜਾਏ ਮੌਤ ਦਿੱਤੀ ਜਾ ਰਹੀ ਹੋਵੇ ਅਤੇ ਉਸਦੇ ਭਾਰ ਦੇ ਬਰਾਬਰ ਕੋਈ ਓਨਾਂ ਹੀ ਸੋਨਾ ਦਾਨ ਦੇਵੇ ਤਾਂ ਉਸ ਦੀ ਜਾਨ ਬਖਸ਼ੀ ਹੋ ਜਾਂਦੀ ਹੈ। ਉਹ ਸਿਆਣੇ ਬਾਦਸ਼ਾਹ ਕੋਲ ਜਾ ਕੇ ਬੇਨਤੀ ਕਰਦੇ ਹਨ –

*ਧਾਰਨਾ – ਰਾਜਾ, ਨਾਮੇ ਦੇ ਬਰਾਬਰ ਸੋਨਾ ਲੈ ਲੈ,*
*ਜਾਨ ਬਖਸ਼ੀ ਕਰਦੇ ਏਸਦੀ –2, 2.*

ਬਾਦਸ਼ਾਹ! ਬੇਨਤੀ ਸੁਣੋ –

*ਬਾਦਿਸਾਹ ਬੇਨਤੀ ਸੁਨੇਹੁ॥*
*ਨਾਮੇ ਸਰ ਭਰਿ ਸੋਨਾ ਲੇਹੁ॥* ***ਅੰਗ – 1165***

ਉਹ ਹੈਰਾਨ ਪਰੇਸ਼ਾਨ ਹੋ ਕੇ ਕਹਿ ਰਿਹਾ ਹੈ ਕਿ ਦੇਖੋ ਸਾਰਾ ਦੇਸ਼ ਮੈਨੂੰ ਸਲਾਮਾਂ ਕਰ ਰਿਹਾ ਹੈ ਪਰ ਇਸ ਨੂੰ ਮੇਰਾ ਕੋਈ ਡਰ ਹੀ ਨਹੀਂ, ਮੇਰਾ ਮਾਣ ਦਲ ਦਿਤਾ ਹੈ ਇਸ ਨੇ–

*ਕਾਜੀ ਮੁਲਾਂ ਕਰਹਿ ਸਲਾਮੁ॥*
*ਇਨਿ ਹਿੰਦੂ ਮੇਰਾ ਮਲਿਆ ਮਾਨੁ॥*
***ਅੰਗ – 1165***

ਦੇਖੋ ਇਕ ਬੰਦਾ ਮੇਰੇ ਕਾਬੂ ਨਹੀਂ ਆ ਰਿਹਾ, ਮੈਨੂੰ ਤਾਂ ਸਾਰੇ ਸਲਾਮਾਂ ਕਰਦੇ ਹਨ। ਇਹਨਾਂ ਸਿਆਣਿਆਂ ਬੰਦਿਆਂ ਨੇ ਬਾਦਸ਼ਾਹ ਨੂੰ ਫੇਰ ਕਿਹਾ, ਐ ਬਾਦਸ਼ਾਹ ਸਲਾਮਤ! ਬੇਨਤੀ ਸੁਣੋ, ਤੁਹਾਡੇ ਕਾਨੂੰਨ ਵਿਚ ਇਹ ਧਾਰਾ ਹੈ ਕਿ ਸਜ਼ਾਏ ਮੌਤ ਵਾਲੇ ਦੇ ਬਰਾਬਰ ਦਾ ਅਗਰ ਸੋਨਾ ਦਿਤਾ ਜਾਵੇ ਤਾਂ ਉਸਦਾ ਦੰਡ ਮਾਫ ਹੋ ਜਾਂਦਾ ਹੈ। ਬਾਦਸ਼ਾਹ ਕਹਿਣ ਲੱਗਾ ਕਿ ਮੈਂ ਹਜ਼ਾਰਾਂ ਮੀਲਾਂ ਦੇ ਦੇਸ਼ ਦਾ ਬਾਦਸ਼ਾਹ ਹਾਂ, ਮੇਰੇ ਖਜ਼ਾਨਿਆਂ ਵਿਚ ਸੋਨੇ ਦੇ ਅੰਬਾਰ ਲੱਗੇ ਪਏ ਹਨ। ਪਰ ਇਹ ਮਸਲਾ ਤਾਂ ਦੀਨ ਨਾਲ ਸਬੰਧ ਰਖਦਾ ਹੈ। ਇਸਨੇ ਮਰਿਆ ਬੰਦਾ ਜੀਊਂਦਾ ਕੀਤਾ ਹੈ, ਸਾਡੇ ਬੰਦੇ ਕਹਿੰਦੇ ਹਨ ਕਿ ਜੀਊਂਦਾ ਨਹੀਂ ਕੀਤਾ ਬਲਕਿ ਧੋਖਾ ਕੀਤਾ ਹੈ, ਇਹ ਤਾਂ ਮਸਲਾ ਦੀਨ ਦਾ ਹੈ। ਜੇਕਰ ਇਹਦੇ ਵਿਚ ਮੈਂ ਪੈਸੇ ਜਾਂ ਸੋਨਾ ਲਵਾਂ ਤਾਂ ਮੈਂ ਲਾਲਚੀ ਕਹਾਵਾਂਗਾ। ਫੇਰ ਮੈਨੂੰ ਦਰਗਾਹ ਵਿਚ ਜਾ ਕੇ ਸਜ਼ਾ ਮਿਲੇਗੀ।

*ਧਾਰਨਾ – ਦੋਜਕ ਨੂੰ ਜਾਊਂਗਾ,*
*ਸੋਨਾ ਜੇ ਲੈ ਲਿਆ ਮੈਂ ਤਾਂ –2,*
*ਸੋਨਾ ਜੇ ਲੈ ਲਿਆ ਮੈਂ ਤਾਂ –2,*
*ਦੋਜਕ ਨੂੰ ਜਾਊਂਗਾ,............ –2.*

ਬਾਦਸ਼ਾਹ ਕਹਿਣ ਲੱਗਾ ਕਿ ਜੇਕਰ ਮਾਲ ਲੈ ਲਿਆ ਤਾਂ ਮੈਂ ਦੋਜ਼ਕ ਦੀ ਅੱਗ ਵਿਚ ਸੜਾਂਗਾ –

*ਮਾਲੁ ਲੇਉ ਤਉ ਦੋਜਕਿ ਪਰਉ॥*
*ਦੀਨੁ ਛੋਡਿ ਦੁਨੀਆ ਕਉ ਭਰਉ॥*
***ਅੰਗ – 1165***

ਦੀਨ ਦਾ ਮਾਮਲਾ ਹੈ, ਨਾਮਦੇਵ ਮੇਰੀ ਗਾਂ ਹੀ ਜੀਊਂਦੀ ਕਰੇ।

ਉਸ ਵੇਲੇ ਬਾਦਸ਼ਾਹ ਨੇ ਕਿਹਾ, ਸੁਣ ਨਾਮਦੇਵ! ਅਸੀਂ ਤੈਨੂੰ ਸਿਰਫ ਇਕ ਪਹਿਰ ਦੀ ਮੋਹਲਤ ਦਿੰਦੇ ਹਾਂ। ਜਦੋਂ ਪਹਿਰ ਪੂਰਾ ਹੋ ਜਾਵੇਗਾ ਉਸ ਵੇਲੇ ਉਧਰੋਂ ਘੰਟਾ ਵਜੇਗਾ ਤੇ ਤੇਰੀ ਗਰਦਨ ਕੱਟ ਕੇ ਧਰਤੀ ਤੇ ਗਿਰ ਜਾਵੇਗੀ। ਸੋ ਨਾਮਦੇਵ! ਜੇ ਤੂੰ ਬ੍ਰਾਹਮਣ ਦਾ ਬੱਚਾ ਜੀਊਂਦਾ ਕੀਤਾ ਹੈ ਤਾਂ ਇਸ ਗਾਂ ਨੂੰ ਵੀ ਜੀਊਂਦੀ ਕਰ, ਨਹੀਂ ਤਾਂ ਮਰਨ ਵਾਸਤੇ ਤਿਆਰ ਹੋ ਜਾ। ਉਸ ਵੇਲੇ ਸਾਰੇ ਲੋਕ ਹੈਰਾਨ ਹੋਈ ਜਾ ਰਹੇ ਹਨ। ਬਾਦਸ਼ਾਹ ਜ਼ਿੱਦ ਪਿਆ ਹੋਇਆ ਹੈ, ਸੰਤ ਬਹੁਤ ਉਚੇ ਹਨ ਸੋ ਸਾਰੇ ਸੋਚ ਰਹੇ

ਹਨ ਕਿ ਪਰਮੇਸ਼ਰ ਨੇ ਆ ਹੀ ਜਾਣਾ ਹੈ। ਕਈ ਕਹਿੰਦੇ ਜਾ ਰਹੇ ਹਨ ਕਿ ਪਰਮੇਸ਼ਰ ਪਹਿਲਾਂ ਤਾਂ ਆਉਂਦੇ ਸੀ ਪਰ ਜਦੋਂ ਤੋਂ ਇਸਲਾਮ ਵਾਲੇ ਆਏ ਹਨ ਉਦੋਂ ਤੋਂ ਪਰਮੇਸ਼ਰ ਨੇ ਆਉਣਾ ਹੀ ਬੰਦ ਕਰ ਦਿਤਾ ਹੈ, ਸੋ ਹੁਣ ਪਰਮੇਸ਼ਰ ਕਿਸੇ ਦੀ ਮਦਦ ਨਹੀਂ ਕਰਦਾ, ਦੁਨੀਆਂ ਦੁਚਿਤੀ ਹੋਈ ਖੜ੍ਹੀ ਹੈ। ਉਧਰੋਂ ਨਾਮਦੇਵ ਜੀ ਦੇ ਹੱਥਾਂ ਤੇ ਪੈਰਾਂ ਵਿਚ ਜੋ ਬੇੜੀਆਂ ਸਨ, ਉਹ ਉਨ੍ਹਾਂ ਦੇ ਸਾਜ਼ ਵਜਾ ਕੇ ਇਸ ਤਰ੍ਹਾਂ ਪਰਮੇਸ਼ਰ ਦੀ ਯਾਦ ਵਿਚ ਲੀਨ ਹੋ ਗਏ –

*ਧਾਰਨਾ – ਗਾਵੇ ਗੁਨ ਗੋਪਾਲ,*
*ਨਾਮਾ ਗਾਵੈ, ਨਾਮਾ ਗਾਵੈ –2, 4.*
*ਪਾਵਹੁ ਬੇੜੀ ਹਾਥਹੁ ਤਾਲ॥*
*ਨਾਮਾ ਗਾਵੈ ਗੁਨ ਗੋਪਾਲ॥ ਅੰਗ – 1166*

ਨਾਮਦੇਵ ਜੀ ਬੇਪਰਵਾਹ ਹੋ ਕੇ ਵਾਹਿਗੁਰੂ ਜੀ ਦੇ ਗੁਣ ਗਾ ਰਹੇ ਹਨ। ਨਾ ਕੋਈ ਫੁਰਨਾ ਹੈ, ਨਾ ਕੋਈ ਚਿੰਤਾ ਹੈ, ਬਸ ਇਹੀ ਖਿਆਲ ਹੈ ਕਿ ਜੋ ਮੇਰੇ ਪ੍ਰਭੂ ਨੂੰ ਭਾਉਂਦਾ ਹੈ, ਓਹੀ ਠੀਕ ਹੈ, ਰਜ਼ਾਅ ਵਿਚ ਰਾਜ਼ੀ ਹਨ। ਕੋਈ ਸ਼ਕਤੀ ਦਿਖਾਉਣ ਵਾਸਤੇ ਕੋਈ ਫੁਰਨਾ ਨਹੀਂ ਬਣਦਾ। ਬਸ ਏਹੋ ਗੁਣ ਗਾ ਰਹੇ ਹਨ।

*ਪਾਵਹੁ ਬੇੜੀ ਹਾਥਹੁ ਤਾਲ॥*
*ਨਾਮਾ ਗਾਵੈ ਗੁਨ ਗੋਪਾਲ॥*
*ਗੰਗ ਜਮੁਨ ਜਉ ਉਲਟੀ ਬਹੈ॥*
*ਤਉ ਨਾਮਾ ਹਰਿ ਕਰਤਾ ਰਹੈ॥ ਅੰਗ – 1166*

ਜੇਕਰ ਗੰਗਾ ਜਮਨਾ ਉਲਟੀ ਵਹਿ ਕੇ ਕੈਲਾਸ਼ ਪਰਬਤ ਵੱਲ ਚਲ ਪਵੇ, ਮੈਂ ਤਾਂ ਵੀ ਪਰਮੇਸ਼ਰ ਦੇ ਗੁਣ ਗਾਉਣ ਤੋਂ ਨਹੀਂ ਹਟਣਾ। ਇਸ ਤਰ੍ਹਾਂ ਕਰਦੇ ਥੋੜੀ ਦੇਰ ਬਾਅਦ ਸਾਢੇ ਚੌਵੀ ਮਿੰਟ ਬੀਤ ਜਾਂਦੇ ਹਨ। ਘੜਿਆਲ ਤੇ ਘੰਟੀ ਵੱਜ ਗਈ, ਸਾਰੇ ਗਿਣ ਰਹੇ ਹਨ, ਸੱਤ ਘੜੀਆਂ ਬੀਤ ਗਈਆਂ, ਅੱਧੀ ਘੜੀ ਬਾਕੀ ਰਹਿ ਗਈ, ਉਸ ਵੇਲੇ ਸਾਰਿਆਂ ਦਿਲਾਂ ਵਿਚ ਘਬਰਾਹਟ ਹੋ ਗਈ ਕਿ ਹੁਣ ਕੀ ਹੋਵੇਗਾ। ਅਜੇ ਤਕ ਵੀ ਕੋਈ ਗੱਲ ਨਹੀਂ ਹੋਈ। ਪ੍ਰਮੇਸ਼ਰ ਤਾਂ ਨਾਮਦੇਵ ਦੀ ਰੱਖਿਆ ਕਰਨ ਆਇਆ ਹੀ ਨਹੀਂ।

*ਧਾਰਨਾ – ਤਿੰਨਾਂ ਲੋਕਾਂ ਦਾ ਪਤੀ ਨਾ ਅਜੇ ਬਹੁੜਿਆ,*
*ਸੱਤ ਘੜੀਆਂ ਬੀਤ ਚੁਕੀਆਂ –2,*
*ਸਾਤ ਘੜੀ ਜਬ ਬੀਤੀ ਸੁਣੀ॥*
*ਅਜਹੁ ਨ ਆਇਓ ਤ੍ਰਿਭਵਣ ਧਣੀ॥*
*ਅੰਗ – 1166*

ਸਾਰਿਆਂ ਦੇ ਦਿਲਾਂ ਵਿਚ ਹੌਲ ਪੈ ਗਿਆ ਕਿ ਹੁਣ ਤਾਂ ਕੇਵਲ ਅੱਧੀ ਘੜੀ ਬਾਕੀ ਰਹਿੰਦੀ ਹੈ। ਜੇਕਰ ਰੱਬ ਸੱਤ ਘੜੀਆਂ ਵਿਚ ਨਹੀਂ ਆਇਆ ਤੇ ਹੁਣ ਕਿਥੇ ਆ ਜਾਊ? ਸਾਰਿਆਂ ਦੇ ਦਿਲਾਂ ਵਿਚ ਅਰਦਾਸ ਚਲਦੀ ਹੈ, ਹੇ ਪ੍ਰਭੂ! ਤੂੰ ਆਪਣੇ ਭਗਤ ਦੀ ਲਾਜ ਰਖ ਲੈ। ਜੇਕਰ ਐਸ ਵੇਲੇ ਆਪਣੇ ਭਗਤ ਦੀ ਲਾਜ ਨਾ ਰਖੀ ਤਾਂ ਦੁਨੀਆ ਦਾ ਵਿਸ਼ਵਾਸ ਉਠ ਜਾਵੇਗਾ। ਹੁਣ ਤੂੰ ਆ ਕੇ ਆਪਣੇ ਭਗਤ ਦੀ ਰਾਖੀ ਕਰ, ਬਾਰ ਬਾਰ ਸਾਰੇ ਬੇਨਤੀ ਕਰ ਰਹੇ ਹਨ। ਜਦੋਂ ਪੰਦਰਾਂ ਮਿੰਟ ਹੋਰ ਲੰਘ ਗਏ ਤਾਂ ਸਾਰਿਆਂ ਨੇ ਕੀ ਦੇਖਿਆ ਕਿ ਨਾਮਦੇਵ ਜੀ ਉਠ ਕੇ ਖੜ੍ਹੇ ਹੋ ਗਏ ਤੇ ਦੋਨੋਂ ਹੱਥ ਜੋੜ ਲਏ, ਨਮਸ਼ਕਾਰ ਕਰ ਰਹੇ ਹਨ। ਲੋਕ ਅੰਦਾਜ਼ੇ ਲਾ ਰਹੇ ਹਨ ਕਿ ਕੀ ਹੋਇਆ ਹੋਣਾ ਹੈ ਜੋ ਨਾਮਦੇਵ ਜੀ ਉਠ ਕੇ ਖੜ੍ਹੇ ਹੋ ਗਏ, ਤੇ ਮੱਥਾ ਟੇਕ ਰਹੇ ਹਨ। ਕਈਆਂ ਨੇ ਸੋਚਿਆ ਕਿ ਹੁਣ ਅੰਤ ਸਮਾਂ ਆ ਗਿਆ ਹੋਵੇਗਾ। ਹੁਣ ਕੇਵਲ ਸੱਤ ਅੱਠ ਮਿੰਟ ਹੋਰ ਰਹਿ ਗਏ।

ਇਸ ਤੋਂ ਬਾਅਦ ਹੁਣ ਜਲਾਦ ਨਾਮਦੇਵ ਜੀ ਦਾ ਸਿਰ ਕੱਟਣ ਦੀ ਤਿਆਰੀ ਕਰਨ ਲੱਗ ਪਿਆ। ਜਿਸ ਵੇਲੇ ਨਾਮਦੇਵ ਜੀ ਨੇ ਮੱਥਾ ਟੇਕਿਆ ਸੀ, ਉਸ ਵੇਲੇ ਪਰਮੇਸ਼ਰ ਸਰਗੁਨ ਸਰੂਪ ਵਿਚ ਆ ਗਏ। ਮੈਂ ਪਹਿਲਾਂ ਵੀ ਦਸਿਆ ਹੈ ਕਿ ਵਾਹਿਗੁਰੂ ਦਾ ਕੋਈ ਰੂਪ ਨਹੀਂ ਹੈ, ਇਹ ਕੇਵਲ ਤੁਹਾਡੀ ਭਾਵਨਾ ਹੈ, ਜਿਸ ਰੂਪ ਵਿਚ ਪਰਮੇਸ਼ਰ ਨੂੰ ਦੇਖਣਾ ਚਾਹੋ, ਉਸ ਸਰੂਪ ਵਿਚ ਦਰਸ਼ਨ ਹੋਣਗੇ। ਜੇ ਗੁਰੂ ਨਾਨਕ ਨੂੰ ਦੇਖਣਾ ਚਾਹੋ ਜਾਂ ਦਸਵੇਂ ਪਾਤਸ਼ਾਹ ਨੂੰ ਦੇਖਣਾ ਚਾਹੋ, ਉਹੋ ਜਿਹੇ ਹੀ ਦਰਸ਼ਨ ਹੋਣਗੇ। ਕਿਸੇ ਮਹਾਤਮਾ ਦੇ ਰੂਪ ਵਿਚ ਦੇਖਣਾ ਚਾਹੋ ਤਾਂ ਉਸ ਤਰ੍ਹਾਂ ਹੀ ਦਰਸ਼ਨ ਹੋਣਗੇ, ਜੇ ਕਿਸੇ ਦੇਵਤਾ ਦੇ ਰੂਪ ਵਿਚ ਚਾਹੋ ਤਾਂ ਵੀ ਉਸੇ ਤਰ੍ਹਾਂ ਹੀ ਦਰਸ਼ਨ ਹੋਣਗੇ। ਆਮ ਤੌਰ ਤੇ ਸੋਚਦੇ ਹਨ ਕਿ ਚਾਰ ਬਾਹਾਂ ਵਾਲਾ ਹੋਵੇਗਾ, ਹੱਥ ਵਿਚ ਸੰਖ ਹੈ, ਗਦਾ ਹੈ, ਫੁਲ ਹੈ, ਵਾਹਿਗੁਰੂ ਐਸੇ ਕਿਸਮ ਦਾ ਹੋਵੇਗਾ। ਸਾਰੇ ਰੂਪ ਵਾਹਿਗੁਰੂ ਜੀ ਦੇ ਹੀ ਹਨ ਜਿਸ ਰੂਪ ਤੇ ਭਾਵਨਾ ਲੈ ਆਓ, ਉਹ ਉਸੇ ਰੂਪ ਵਿਚ ਸਾਕਾਰ ਹੋ ਕੇ ਦਰਸ਼ਨ ਦਿੰਦਾ ਹੈ। ਜਿਸ ਵੇਲੇ ਇਹ ਟਾਈਮ ਲੰਘਿਆ ਉਸ ਵੇਲੇ –

*ਪਾਖੰਤਣ ਬਾਜ ਬਜਾਇਲਾ॥*
*ਗਰੁੜ ਚੜ੍ਹੇ ਗੋਬਿੰਦ ਆਇਲਾ॥*
*ਅਪਨੇ ਭਗਤ ਪਰਿ ਕੀ ਪ੍ਰਤਿਪਾਲ॥*
*ਗਰੁੜ ਚੜ੍ਹੇ ਆਏ ਗੋਪਾਲ॥ ਅੰਗ – 1166*

ਗਰੁੜ ਤੇ ਚੜ੍ਹੇ ਹੋਏ ਪਰਮੇਸ਼ਰ ਇਕ ਦਮ ਆ ਗਏ, ਬਾਕੀਆਂ ਨੂੰ ਤਾਂ ਨਜ਼ਰ ਨਹੀਂ ਆ ਰਹੇ। ਕਿੰਨੇ ਉਚੇ ਭਾਗ ਹਨ ਜਿਸ ਨੂੰ ਵਾਹਿਗੁਰੂ ਦੇ ਦਰਸ਼ਨ ਹੋ ਜਾਂਦੇ ਹਨ। ਸਭ ਨੇ ਅੰਦਾਜ਼ਾ ਲਾ ਲਿਆ ਕਿ ਜ਼ਰੂਰ ਕੁਝ ਹੋਇਆ ਹੈ ਕਿਉਂਕਿ ਨਾਮਦੇਵ ਜੀ ਕਿਸੇ ਅੱਗੇ ਬਾਰ ਬਾਰ ਮੱਥੇ ਟੇਕੀ ਜਾਂਦੇ ਹਨ।

ਉਸ ਵੇਲੇ ਪ੍ਰਭੂ ਨੇ ਨਾਮਦੇਵ ਜੀ ਨੂੰ ਕਿਹਾ ਕਿ ਇਸ ਬਾਦਸ਼ਾਹ ਨੇ ਤੈਨੂੰ ਬਹੁਤ ਦੁਖੀ ਕੀਤਾ ਹੈ। ਮੈਨੂੰ ਦੱਸ, ਜੇ ਤੂੰ ਕਹੇਂ ਤਾਂ ਮੈਂ ਧਰਤੀ ਉਲਟਾ ਦਿੰਦਾ ਹਾਂ, ਜੇ ਤੂੰ ਕਹੇਂ ਮੈਂ ਸਾਰੀ ਧਰਤੀ ਚੁਕ ਕੇ ਇਸ ਦੇ ਸਿਰ ਤੇ ਰੱਖ ਦਿੰਦਾ ਹਾਂ, ਜੇ ਤੇਰੀ ਮੌਜ ਹੈ ਤਾਂ ਮੈਂ ਮਰੀ ਹੋਈ ਗਊ ਜੀਊਂਦੀ ਕਰ ਦਿੰਦਾ ਹਾਂ, ਨਾਲੇ ਦੇਖ ਲੈਣਗੇ,

ਪਰਤਿਆਵਾਂ ਦੇਖ ਲੈਣਗੇ।

***ਧਾਰਨਾ - ਧਰਤੀ ਉਲਟਾ ਦਿਆਂ ,***
***ਆਖੇਂ ਜੇ ਨਾਮਿਆ ਮੈਨੂੰ - 2, 2.***

***ਕਹਹਿ ਤ ਧਰਣਿ ਇਕੋੜੀ ਕਰਉ॥***
***ਕਹਿਹ ਤ ਲੇ ਕਰਿ ਊਪਰਿ ਧਰਉ॥***
***ਕਹਹਿ ਤ ਮੁਈ ਗਊ ਦੇਉ ਜੀਆਇ॥***
***ਸਭੁ ਕੋਈ ਦੇਖੈ ਪਤੀਆਇ॥***

***ਅੰਗ - 1166***

ਨਾਮਦੇਵ ਜੀ ਕਹਿਣ ਲਗੇ ਕਿ ਹੇ ਪ੍ਰਭੂ! ਮਾਇਆ ਦੇ ਅਸਰ ਕਰਕੇ ਇਹ ਸਭ ਲੋਕ ਭੁਲੇ ਹੋਏ ਹਨ। ਜੇ ਧਰਤੀ ਉਲਟਾ ਦਿਤੀ ਤਾਂ ਸਾਰੇ ਦੁਖੀ ਹੋਣਗੇ। ਜੇ ਭੁਚਾਲ ਆ ਗਿਆ ਤਾਂ ਮਕਾਨ ਗਿਰ ਜਾਣਗੇ। ਉਚੇ ਥਾਵਾਂ ਤੇ ਸਮੁੰਦਰ ਚੜ੍ਹ ਜਾਵੇਗਾ। ਸਮੁੰਦਰਾਂ ਵਿਚ ਸੁੱਕਾ ਥਾਂ ਆ ਜਾਏਗਾ। ਸਾਰੀ ਅਬਾਦੀ ਮਾਰੀ ਜਾਵੇਗੀ। ਇਹ ਬਾਦਸ਼ਾਹ ਵੀ ਭੁਲਿਆ ਹੋਇਆ ਹੈ। ਤੁਸੀਂ ਗਊ ਜੀਉਂਦੀ ਕਰ ਦਿਓ, ਸਾਰਾ ਝਗੜਾ ਹੀ ਗਊ ਦਾ ਹੈ, ਜੀਊਂਦੀ ਕਰ ਦਿਓ। ਪਰਮੇਸ਼ਰ ਨੇ ਕਿਹਾ, ਜਾਹ ਇਹਨਾਂ ਨੂੰ ਕਹਿ, ਬਛੜਾ ਛੱਡ ਦੇਣ। ਬਛੜਾ ਛੱਡ ਦਿਤਾ, ਨਾਮਦੇਵ ਜੀ ਨੇ ਛਿਟਾ ਮਾਰਿਆ ਤੇ ਗਊ ਖੜ੍ਹੀ ਹੋ ਗਈ, ਕਿਧਰੇ ਖੂਨ ਗਿਆ, ਅੰਤੜੀਆਂ ਜੋ ਬਾਹਰ ਨਿਕਲੀਆਂ ਹੋਈਆਂ ਸਨ ਉਹ ਅੰਦਰ ਆ ਗਈਆਂ, ਬਛੜਾ ਛੱਡ ਕੇ ਗਊ ਚੋ ਕੇ ਮਟਕੀ ਦੁੱਧ ਦੀ ਭਰ ਦਿਤੀ।

***ਨਾਮਾ ਪ੍ਰਣਵੈ ਸੇਲ ਮਸੇਲ॥***
***ਗਊ ਦੁਹਾਈ ਬਛਰਾ ਮੇਲਿ॥***
***ਦੂਧਹਿ ਦੁਹਿ ਜਬ ਮਟੁਕੀ ਭਰੀ॥***
***ਲੇ ਬਾਦਿਸਾਹ ਕੇ ਆਗੇ ਧਰੀ॥***

***ਅੰਗ - 1166***

ਲਿਆ ਕੇ ਬਾਦਸ਼ਾਹ ਦੇ ਅੱਗੇ ਰੱਖ ਦਿਤੀ, ਬਾਦਸ਼ਾਹ ਬੜਾ ਸ਼ਰਮਿੰਦਾ ਹੋਇਆ, ਕਾਜੀ ਮੁਲਾਂ ਸਭ ਬੜੇ ਸ਼ਰਮਿੰਦੇ ਹੋਏ ਜਿਹੜੇ ਕਹਿੰਦੇ ਸੀ ਕਿ ਧੋਖਾ ਕੀਤਾ, ਹੁਣ ਉਹਨਾਂ ਨੂੰ ਕੋਈ ਜਵਾਬ ਨਹੀਂ ਆਉਂਦਾ।

ਸੋ ਬਾਦਸ਼ਾਹ ਉਠ ਕੇ ਆਪਣੇ ਮਹਿਲਾਂ ਵਿਚ ਚਲਾ ਗਿਆ ਪਰ ਅਜੇ ਵੀ ਮਾਫੀ ਨਹੀਂ ਮੰਗੀ, ਐਨਾ ਹੰਕਾਰਿਆ ਹੋਇਆ ਬੰਦਾ ਸੀ। ਪਰਤੱਖ ਦੇਖ ਲਿਆ ਕਿ ਪਰਮੇਸ਼ਰ ਆ ਗਿਆ, ਅੱਲਾ ਤਾਲਾ ਆ ਗਿਆ, ਗਊ ਜੀਊਂਦੀ ਕਰ ਦਿਤੀ, ਦੱਧ ਚੋ ਲਿਆ, ਮਟਕੀ ਲਿਆ ਕੇ ਮੇਰੇ ਅੱਗੇ ਵੀ ਰੱਖ ਦਿਤੀ, ਮੈਂ ਦੇਖ ਵੀ ਰਿਹਾ ਹਾਂ ਕਿ ਗਊ ਖੜ੍ਹੀ ਜੁਗਾਲੀ ਵੀ ਕਰ ਰਹੀ ਹੈ, ਹੁਣ ਤਾਂ ਮੈਂ ਮਾਫੀ ਮੰਗ ਲਵਾਂ। ਮਾਫੀ ਨਹੀਂ ਮੰਗੀ, ਐਡਾ ਹੰਕਾਰ। ਜਿਹੜੇ ਭਗਤਾਂ ਨੂੰ ਤੰਗ ਕਰਦੇ ਹਨ ਉਹਨਾਂ ਨੂੰ ਕਦੀ ਵੀ ਸੁਖ ਨਹੀਂ ਮਿਲਦਾ।

***ਧਾਰਨਾ - ਸੁਖ ਕਦੇ ਨਾ ਪਾਉਂਦੇ ਜੀ,***
***ਮੁਗਧ ਨਰ ਸੰਤਾਂ ਨਾਲ ਖਹੰਦੇ -2,***

***ਸੁਖੁ ਨ ਪਾਇਨਿ ਮੁਗਧ ਨਰ***
***ਸੰਤ ਨਾਲਿ ਖਹੰਦੇ॥ ਅੰਗ - 306***

ਬਾਦਸ਼ਾਹ ਜਾ ਕੇ ਅਜੇ ਆਪਣੇ ਮਹਿਲ ਵਿਚ ਬੈਠਾ ਹੀ ਸੀ ਕਿ ਚੀਕਾਂ ਮਾਰਨ ਲੱਗ ਪਿਆ, ਪੇਟ ਵਿਚ ਸਖਤ ਦਰਦ ਉਠਿਆ, ਨਾ ਕੋਈ ਦਵਾਈ ਲਗ ਰਹੀ ਹੈ, ਨਾ ਕੋਈ ਹਕੀਮ ਕੁਝ ਕਰ ਰਹੇ ਹਨ। ਤਰਲੇ ਕਰ ਰਿਹਾ ਹੈ ਕਿ ਮੈਨੂੰ ਬਚਾਓ, ਮੈਨੂੰ ਬਚਾਓ, ਮੈਂ ਮਰ ਗਿਆ, ਮੇਰਾ ਅੰਤ ਸਮਾਂ ਆ ਗਿਆ ਲਗਦਾ ਹੈ। ਇਕ ਸਿਆਣੇ ਨੇ ਕਿਹਾ ਕਿ ਬਾਦਸ਼ਾਹ ਦੇਖੋ! ਨਾਮਦੇਵ ਜੀ ਹੈ ਤਾਂ ਭਗਤ, ਭਾਵੇਂ ਹਿੰਦੂ ਹੈ; ਜੇ ਕਿਸੇ ਭਗਤ ਨੂੰ ਤੰਗ ਕਰੋ ਤਾਂ ਪਰਮੇਸ਼ਰ ਨਾਰਾਜ਼ ਹੋ ਜਾਂਦਾ ਹੈ, ਉਹ ਦੁਖੀ ਹੋ ਜਾਂਦਾ ਹੈ, ਫਿਰ ਦੁਖਿਆ ਹੋਇਆ ਸਜ਼ਾ ਦੇ ਦਿੰਦਾ ਹੈ। ਤੁਸੀਂ ਜਾ ਕੇ ਭਗਤ ਨਾਮਦੇਵ ਜੀ ਦੇ ਚਰਨ ਫੜ ਲਓ, ਹੋਰ ਕੋਈ ਇਲਾਜ ਨਹੀਂ ਹੈ। ਉਸ ਵੇਲੇ ਕਾਜੀ ਮੁਲਾਂ ਇਕੱਠੇ ਕੀਤੇ ਤੇ ਬਾਦਸ਼ਾਹ ਨੇ ਕਿਹਾ ਕਿ ਦੇਖੋ, ਤੁਸੀਂ ਮੇਰੀ ਇਕ ਸੰਤ ਨਾਲ ਲੜਾਈ ਕਰਾਈ ਹੈ ਤੁਸੀਂ ਕਸੂਰਵਾਰ ਹੋ, ਹੁਣ ਇੰਜ ਕਰੋ ਕਿ ਮੇਰੇ ਵਲੋਂ ਗਲ ਵਿਚ ਪੱਲਾ ਪਾਓ ਤੇ ਮੂੰਹ ਵਿਚ ਫੜੋ ਘਾਹ, ਤੇ ਨਾਮਦੇਵ ਜੀ ਕੋਲ ਜਾਓ ਤੇ ਉਸ ਨੂੰ ਜਾ ਕੇ ਕਹੋ ਕਿ ਮੈਨੂੰ ਬਖਸ਼ ਦੇਵੇ, ਮੈਨੂੰ ਕਾਲੀ ਗਊ ਜਾਣ ਕੇ ਬਚਾ ਲਵੇ -

***ਕਾਜੀ ਮੁਲਾਂ ਬਿਨਤੀ ਫੁਰਮਾਇ॥***
***ਬਖਸੀ ਹਿੰਦੂ ਮੈ ਤੇਰੀ ਗਾਇ॥***

***ਅੰਗ - 1166***

ਸੋ ਕਾਜ਼ੀ ਮੁੱਲਾਂ ਜਾ ਕੇ ਬੇਨਤੀਆਂ ਕਰਦੇ ਹਨ ਤੂੰ ਬਖਸ਼ ਦੇ ਬਾਦਸ਼ਾਹ, ਤੇਰੀ ਕਾਲੀ ਗਊ ਹਾਂ। ਉਸ ਵੇਲੇ ਨਾਮਦੇਵ ਜੀ ਨੇ ਕਿਹਾ -

***ਨਾਮਾ ਕਹੈ ਸੁਨਹੁ ਬਾਦਿਸਾਹ॥***
***ਇਹੁ ਕਿਛੁ ਪਤੀਆ ਮੁਝੈ ਦਿਖਾਇ॥***

***ਅੰਗ - 1166***

ਪਰਮੇਸ਼ਰ ਨੇ ਬਖਸ਼ ਤਾਂ ਦੇਣਾ ਹੈ ਤੈਨੂੰ ਪਰ ਤੂੰ ਆਪਣੇ ਆਪ ਨੂੰ ਬਦਲ, ਉਹ ਇਹ ਹੈ ਕਿ ਤੂੰ ਸੱਚ ਦਾ ਰਾਜ ਕਰ, ਸਾਰਿਆਂ ਨੂੰ ਇਕੋ ਜਿਹਾ ਸਮਝ, ਹਿੰਦੂਆਂ ਤੇ ਮੁਸਲਮਾਨਾਂ ਵਿਚ ਵਿਤਕਰਾ ਨਾ ਪੈਦਾ ਕਰ।

***ਇਸ ਪਤੀਆ ਕਾ ਇਹੈ ਪਰਵਾਨੁ॥***
***ਸਾਚਿ ਸੀਲਿ ਚਾਲਹੁ ਸੁਲਿਤਾਨ॥***

***ਅੰਗ - 1166***

***ਧਾਰਨਾ - ਜੈ ਜੈ ਕਾਰ ਭਗਤ ਦੀ ਹੋਵੇ,***
***ਨਿੰਦਕਾਂ ਦੀ ਹਾਰ ਹੋ ਗਈ - 2,***

ਸਾਰੇ ਸੋਚ ਰਹੇ ਸਨ ਕਿ ਜੇ ਗਊ ਹੁਣ ਜਿਉਂਦੀ ਨਾ ਹੋਈ ਤਾਂ ਵਿਸ਼ਵਾਸ਼ ਉਠ ਜਾਵੇਗਾ ਕਿ ਕਲਜੁਗ ਵਿਚ ਪ੍ਰਮੇਸ਼ਰ ਨਹੀਂ ਆਉਂਦਾ। ਐਸੇ ਖਿਆਲ ਆ ਰਹੇ ਸਨ ਸਭਨਾਂ ਦਰਸ਼ਕਾਂ ਦੇ ਮਨ ਵਿਚ।

ਨਾਮਦੇਵ ਜੀ ਤਾਂ ਪ੍ਰਭੂ ਦਾ ਹੀ ਰੂਪ ਹਨ, ਕੋਈ ਭੇਦ ਨਹੀਂ।

***ਧਾਰਨਾ - ਭੇਦ ਕੋਈ ਜਾਣੋ ਨਾ,***
***ਨਾਰਾਇਣ ਤੇ ਨਾਮਦੇਵ ਵਿਚ - 2***

***ਨਾਮੇ ਕੀ ਕੀਰਤਿ ਰਹੀ ਸੰਸਾਰਿ॥***
***ਭਗਤ ਜਨਾਂ ਲੇ ਉਧਰਿਆ ਪਾਰਿ॥***
***ਸਗਲ ਕਲੇਸ ਨਿੰਦਕ ਭਇਆ ਖੇਦੁ॥***
***ਨਾਮੇ ਨਾਰਾਇਨ ਨਾਹੀ ਭੇਦੁ॥ ਅੰਗ - 1166***

ਸੋ ਇਸ ਤਰ੍ਹਾਂ ਵਾਹਿਗੁਰੂ ਆਪਣੇ ਭਗਤ ਦੀ ਰਾਖੀ ਕਰਦਾ ਹੈ।

***ਪੇਖਤ ਸੁਨਤ ਸਦਾ ਹੈ ਸੰਗੇ***
***ਮੈ ਮੂਰਖ ਜਾਨਿਆ ਦੂਰੀ ਰੇ॥ ਅੰਗ - 612***

ਸੋ ਮੈਂ ਬੇਨਤੀ ਕਰਦਾ ਸੀ ਕਿ ਧਨ ਕਮਾਓ, ਬਾਲ ਬੱਚੇ ਪਾਲੋ ਪਰ ਇਕ ਗੱਲ ਯਾਦ ਰੱਖੋ ਕਿ ਜਿਹੜਾ ਕਦਮ ਤੁਸੀਂ ਪੁਟਦੇ ਹੋ, ਉਹ ਵਾਹਿਗੁਰੂ ਵਿਚ ਹੈ; ਸੌਂਦੇ ਵੀ ਹੋ, ਉਠਦੇ ਬੈਠਦੇ ਵੀ ਹੋ, ਵਾਹਿਗੁਰੂ ਹਰ ਥਾਂ ਤੇ ਹਾਜ਼ਰ ਨਾਜ਼ਰ ਹੈ। ਜਦੋਂ ਕੋਈ ਚੀਜ਼ ਦੇਖਦੇ ਹੋ ਉਸਦੇ ਪਿਛਲੇ ਪਾਸੇ ਵਾਹਿਗੁਰੂ ਨੂੰ ਦੇਖੋ, ਜਦੋਂ ਨਾਮ ਜਪਦੇ ਹੋ ਤਾਂ ਪ੍ਰਕਿਰਤੀ ਦੇ ਪਿਛਲੇ ਪਾਸੇ ਵਾਹਿਗੁਰੂ ਜੀ ਨੂੰ ਅਨੁਭਵ ਕਰੋ। ਵਾਹਿਗੁਰੂ ਤਾਂ ਪਰੀਪੂਰਨ ਹੈ, ਜਦੋਂ ਮਨ ਪਿਆਰ ਵਿਚ ਆ ਜਾਂਦਾ ਹੈ ਤਾਂ ਵਾਹਿਗੁਰੂ ਜੀ ਤਾਂ ਨਿਰਾ ਪਿਆਰ ਹੀ ਪਿਆਰ ਹੈ। ਵਾਹਿਗੁਰੂ ਤਾਂ ਸਭ ਨੂੰ ਪਿਆਰ ਕਰਦੇ ਹਨ। ਪਰ ਵਾਹਿਗੁਰੂ ਨੂੰ ਕੋਈ ਪਿਆਰ ਨਹੀਂ ਕਰਦਾ। ਕਹਿੰਦੇ ਹਨ-

***ਗੋਬਿੰਦ ਭਾਉ ਭਗਤਿ ਦਾ ਭੁਖਾ॥***
***(ਭਾਈ ਗੁਰਦਾਸ ਜੀ, ਵਾਰ 10/7)***

***ਨਾਮਾ ਕਹੈ ਭਗਤਿ ਬਸਿ ਕੇਸਵ***
***ਅਜਹੂੰ ਬਲਿ ਕੇ ਦੁਆਰ ਖਰੋ॥ ਅੰਗ - 1105***

ਬਲ ਰਾਜੇ ਦੇ ਦੁਆਰ ਖੜ੍ਹਾ ਹੈ - ਪਿਆਰ ਦਾ ਬੰਨਿਆ ਹੋਇਆ -

***ਧਾਰਨਾ - ਖੜ੍ਹਾ ਹੈ ਦੁਆਰੇ ਹਰਿ ਜੀ,***
***ਬੰਨ੍ਹਿਆਂ ਪ੍ਰੇਮ ਦਾ -2, 2.***

ਸੋ ਐਸਾ ਜੋ ਪਰਮੇਸ਼ਰ ਹੈ ਜਦੋਂ ਇਹਦੇ ਨਾਲ ਮਨ ਪਿਆਰ ਵਿਚ ਰੱਤ ਜਾਂਦਾ ਹੈ -

***ਗੋਬਿੰਦ ਗੋਬਿੰਦ ਗੋਬਿੰਦ ਸੰਗਿ***
***ਨਾਮਦੇਉ ਮਨੁ ਲੀਣਾ॥***
***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥***
***ਅੰਗ - 487***

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਨਾਮਦੇਵ ਜੀ ਦਾ ਚਿੱਤ ਪਿਆਰੇ ਵਿਚ ਰਤਾ ਪ੍ਰਭੂ ਵਿਚ ਲੀਨ ਹੋ ਗਿਆ ਤਾਂ ਦੇਖੋ ਭਾਰਤ ਵਰਸ਼ ਦਾ ਚੱਕਰਵਰਤੀ ਬਾਦਸ਼ਾਹ ਭੀ ਚਰਨ ਪਰਸ ਰਿਹਾ ਹੈ। ਨਾਮ ਦੀ ਮਹਿਮਾ ਅਪਾਰ ਹੋ ਗਈ। ਇਹ ਸਾਰੀ ਕਥਾ ਧੰਨੇ ਨੇ ਮਹਾਂਪੁਰਸ਼ਾਂ ਤੋਂ ਸਤਸੰਗ ਵਿਚ ਸੁਣੀ ਤੇ ਉਸਦੇ ਮਨ ਵਿਚ ਨਿਸ਼ਚਾ ਹੋ ਗਿਆ ਕਿ ਵਾਹਿਗੁਰੂ ਦਾ ਨਾਮ ਬਹੁਤ ਅਮੋਲ ਹੈ। ਨਾਮਦੇਵ ਨੂੰ ਜੇ ਪ੍ਰਮੇਸ਼ਰ ਮਿਲ ਸਕਦਾ ਹੈ, ਕਬੀਰ ਜੀ ਨੂੰ ਮਿਲ ਸਕਦਾ ਹੈ, ਰਵੀਦਾਸ ਜੀ ਨੂੰ ਮਿਲ ਸਕਦਾ ਹੈ, ਸੈਣ ਜੀ ਨੂੰ ਮਿਲ ਸਕਦਾ ਹੈ ਫਿਰ ਮੇਰੇ ਵਿਚ ਕਿਹੜੀ ਖੋਟ ਹੈ? ਮੈਂ ਵੀ ਗਰੀਬ ਆਦਮੀ ਹਾਂ। ਮਹਾਰਾਜ ਫੁਰਮਾਉਂਦੇ ਹਨ-

*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਅੰਗ - 488*

ਭਗਤੀ ਕਰਨ ਲੱਗ ਪਿਆ। ਨਤੀਜਾ ਕੀ ਹੋਇਆ -

***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥***
***ਅੰਗ - 488***

ਤੇ ਵਾਹਿਗੁਰੂ ਪ੍ਰਤੱਖ ਹੋ ਕੇ ਸਾਮ੍ਹਣੇ ਬੈਠ ਕੇ, ਨਾਮਦੇਵ ਨੂੰ ਕਹਿੰਦਾ ਹੈ ਕਿ ਮੈਨੂੰ ਹੋਰ ਪ੍ਰਸ਼ਾਦਾ ਦੇਹ, ਉਹ ਕਹਿੰਦਾ ਪ੍ਰਭੂ ਮੈਂ ਵੀ ਤਾਂ ਤੇਰੇ ਨਾਲ ਦਾ ਭੁਖਾ ਹਾਂ, ਮੇਰੇ ਜੋਗੇ ਵੀ ਪ੍ਰਸ਼ਾਦੇ ਰਹਿਣ ਦੇ। ਅੱਗੇ ਤੋਂ ਜ਼ਿਆਦਾ ਪ੍ਰਸ਼ਾਦੇ ਪਕਾ ਲਿਆ ਕਰਾਂਗੇ। ਉਹ ਤਾਂ ਬਾਲ ਬੱਚਿਆਂ ਵਾਂਗੂੰ ਪਿਆਰ ਕਰਦਾ ਹੈ, ਉਸ ਪਰਮੇਸ਼ਰ ਨੂੰ ਨਾ ਭੁਲੋ ਕਦੇ ਵੀ। ਵਾਹਿਗੁਰੂ ਨੂੰ ਹਰ ਵਕਤ ਯਾਦ ਰਖਣਾ ਹੀ ਨਾਮ ਹੈ। ਹਰ ਵਕਤ ਪਰੀਪੂਰਨ ਦੇਖਣਾ ਹੀ ਨਾਮ ਸ਼ਕਤੀ ਹੈ। ਇਹ ਜਦੋਂ ਹਿਰਦੇ ਵਿਚ ਆ ਗਿਆ ਤਾਂ ਫਿਰ ਦਰਗਾਹ ਦੇ ਵਿਚ ਤੋਸਾ ਬਣਦਾ ਹੈ -

***ਜਹ ਮਾਤ ਪਿਤਾ ਸੁਤ ਮੀਤ ਨਾ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥***
***ਜਹ ਮਹਾ ਭਇਆਨ ਦੂਤ ਜਮ ਦਲੈ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥***
***ਜਹ ਮੁਸਕਲ ਹੋਵੈ ਅਤਿ ਭਾਰੀ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥***
***ਅੰਗ - 264***

ਸੋ ਨਿਸ਼ਚਾ ਲਿਆਓ, ਜਿੰਨਾ ਨਾਮ ਜਪ ਹੁੰਦਾ ਹੈ ਜਪੋ। ਜਦੋਂ ਅਸੀਂ ਵਾਹਿਗੁਰੂ ਵਾਹਿਗੁਰੂ ਜਪਾਂਗੇ ਤਾਂ ਇਹ ਕੋਈ ਬਹੁਤ ਟੈਕਨੀਕ ਨਹੀਂ ਹੁੰਦੀ, ਆਪੇ ਹੀ ਆ ਜਾਂਦਾ ਹੈ। ਨਾਮ ਰਸਨਾ ਤੋਂ ਸ਼ੁਰੂ ਕਰ ਲਓ - ਵਾਹਿਗੁਰੂ ਵਾਹਿਗੁਰੂ, ਜਦੋਂ ਤੁਸੀਂ ਉਹਦੇ ਵੱਲ ਜਾਓਗੇ ਤਾਂ -

***ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,***
***ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥***
***(ਕਬਿੱਤ, ਭਾਈ ਗੁਰਦਾਸ ਜੀ)***

ਵਾਹਿਗੁਰੂ ਨੇ ਕ੍ਰੋੜਾਂ ਕਦਮ ਤੁਹਾਡੇ ਵੱਲ ਵਧਣਾ ਹੈ। ਸੋ ਆਪਣਾ ਕੰਮ ਐਨਾ ਹੀ ਹੈ ਕਿ ਮਾਨਸ ਜਨਮ ਲਿਆ ਹੈ, ਇਸ ਨੂੰ ਸੰਭਾਲ ਲਈਏ, ਉਸ ਨੂੰ ਧਿਆਨ ਵਿਚ ਰਖੀਏ। ਉਥੇ ਕਿਸੇ ਦੀ ਸ਼ਿਫਾਰਸ਼ ਨਹੀਂ ਚਲਦੀ, ਕਿਸੇ ਦੇ ਹੱਥ ਵਿਚ ਨਹੀਂ ਹੈ। ਪੂਰਾ ਗੁਰੂ ਨਾਲ ਦੀ ਨਾਲ ਗਾਈਡ ਕਰੀ ਜਾਂਦਾ ਹੈ, ਨਾਲ ਦੀ ਨਾਲ ਦੱਸੀ ਜਾਂਦਾ ਹੈ ਕਿ ਤੂੰ ਛੋਟਾ ਰਸਤਾ ਲੈ ਲੈ, ਐਵੇਂ ਲੰਮੇ ਰਾਹ ਵਿਚ ਨਾ ਪੈ। ਸੰਤ ਵੀ ਦਸੀ ਜਾਂਦੇ ਹਨ। ਸੋ ਵਾਹਿਗੁਰੂ ਵਾਹਿਗੁਰੂ ਕਰਕੇ ਆਪਣਾ ਜੀਵਨ ਸਫਲ ਕਰੋ।

# ਹਿਮਾਲੀਅਨ ਯੋਗੀ ਦਾ ਸੰਗ
## ((Walking With Himalayan Master))

***ਡਾ. ਜਸਟਿਨ ਓਬਰਾਇਨ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-63)*

ਜਦੋਂ ਦੂਸਰੇ ਦਿਨ ਅਸੀਂ ਪਹੁੰਚੇ ਸਵਾਮੀ ਜੀ ਕੰਮ ਕਰਨ ਵਾਲਿਆਂ ਦੇ ਵਿਚ ਘਿਰੇ ਖੜ੍ਹੇ ਸੀ ਸਵਾਮੀ ਜੀ ਨੂੰ ਕਿਸੇ ਇਕ ਵੱਡੀ ਸਾਰੀ ਤਸਵੀਰ ਤੋਹਫੇ ਵਜੋਂ ਦਿਤੀ ਸੀ, ਉਸ ਦਾ ਫਰੇਮ ਲਗਵਾ ਰਹੇ ਸੀ। ਸਵਾਮੀ ਜੀ ਮੈਨੂੰ ਤੇ ਚਾਰਲਸ ਨੂੰ ਕਹਿਣ ਲੱਗੇ ਕਿ ਉਨ੍ਹਾਂ ਦੇ ਕਮਰੇ ਵਿਚੋਂ ਪੁਰਾਣੀ ਤਸਵੀਰ ਕੱਢ ਦੇਈਏ ਤੇ ਇਹ ਨਹੀਂ ਲਗਾ ਦੇਈਏ। ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਅਸੀਂ ਕਿਤੇ ਰਹਿੰਦੇ ਹੋਈਏ ਤੇ ਵਿਚੋਂ ਹੀ ਕਿਹਾ ਜਾਵੇ ਕਿ ਘਰ ਬਦਲ ਲਵੋ, ਛੱਡ ਦੇਵੋ ਤੇ ਗੁਜ਼ਾਰਾ ਚਲਾਉਣ ਲਈ ਕੰਮ ਚਲਾਉਣ ਲਈ ਫਰਨੀਚਰ ਆਦਿ ਰੱਖਿਆ ਹੋਵੇ।

ਸਵਾਮੀ ਜੀ ਥਰੀਸਾ ਨੂੰ ਕਹਿਣ ਲੱਗੇ ਕੀ ਇਹ ਤਸਵੀਰ ਇਥੇ ਠੀਕ ਲੱਗੇਗੀ? ਮੇਰੇ ਜਮੂਰਿਆਂ ਦੀ ਤਾਕਤ ਤਾਂ ਉਸ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਪਹਿਲਾਂ ਸੀ, ਅਸੀਂ ਦੋਨੋਂ ਕੰਧ ਦੇ ਅੱਗੇ ਉਸ ਤਸਵੀਰ ਨੂੰ ਪਕੜ ਕੇ ਖੜ੍ਹੇ ਰਹੇ ਤੇ ਦੋਨੋਂ ਕਲਾਕਾਰ ਦੇਖ ਰਹੇ ਸੀ ਕਿ ਇਸ ਨੂੰ ਕਿਥੇ ਲਗਾਇਆ ਜਾਵੇ।

ਜਦੋਂ ਪੁਰਾਣੀ ਤਸਵੀਰ ਉਤਾਰੀ ਤੇ ਉਸ ਦੇ ਪਿਛੋਂ ਇਕ ਛਿਪਕਲੀ ਨਿਕਲ ਕੇ ਦੌੜੀ ਤੇ ਉਹ ਇਕ ਪੌਟੇ ਦੇ ਪਿਛੇ ਜਾ ਕੇ ਲੁਕ ਗਈ ਉਸ ਨੇ ਆਪਣੇ ਲਈ ਨਵੀਂ ਜਗ੍ਹਾ ਲੱਭ ਲਈ। ਥਰੀਸਾ ਸਵਾਮੀ ਜੀ ਨੂੰ ਕਹਿਣ ਲੱਗੀ, ਸਵਾਮੀ ਜੀ ਇਹ ਤੁਹਾਡਾ ਨਵਾਂ ਪਾਲਤੂ ਜੀਵ ਹੈ?

ਹਾਂ ਇਹ ਮੇਰਾ ਪਾਲਤੂ ਹੈ, ਸਵਾਮੀ ਜੀ ਕਹਿਣ ਲੱਗੇ।

ਥਰੀਸਾ ਪੁੱਛਣ ਲੱਗੀ ਇਸ ਦਾ ਨਾਮ ਕੀ ਹੈ?

ਮੈਂ ਤਾਂ ਇਸ ਨੂੰ ਥਰੀਸਾ ਹੀ ਕਹਿ ਕੇ ਬੁਲਾਉਂਦਾ ਹਾਂ। ਸਵਾਮੀ ਜੀ ਕਹਿਣ ਲੱਗੇ, ਥਰੀਸਾ ਨੂੰ ਪਤਾ ਲੱਗਾ ਕਿ ਦੇਖਣ ਨੂੰ ਇਹ ਛੋਟੀ ਜਿਹੀ ਚੀਜ਼ ਹੈ ਪਰ ਇਹ ਬਹੁਤ ਹੀ ਜ਼ਹਿਰੀਲੀ ਹੈ।

ਅਸੀਂ ਮੈਥਲੀ ਦਾ ਬਣਿਆ ਬਹੁਤ ਸੁਆਦ ਭੋਜਨ ਖਾਧਾ। ਸਵਾਮੀ ਜੀ ਦੀ ਰਸੋਈ ਛੋਟੀ ਜਿਹੀ ਸੀ ਖਾ ਕੇ ਫੇਰ ਅਸੀਂ ਸਵਾਮੀ ਜੀ ਦੇ ਬੈਠਕ ਕਮਰੇ ਵਿਚ ਬੈਠੇ, ਸਵਾਮੀ ਜੀ ਨੇ ਸਾਡੇ ਕੋਲੋਂ ਸਭ ਕੁਝ ਪੁੱਛਿਆ ਅਸੀਂ ਕੀ ਕੀਤਾ, ਕੀ ਅਭਿਆਸ ਕਰ ਰਹੇ ਹਾਂ ਕੀ ਪੜ੍ਹਾ ਰਹੇ ਹਾਂ। ਸਵਾਮੀ ਜੀ ਨੇ ਸਾਨੂੰ ਆਪਣਾ ਪ੍ਰੋਗਰਾਮ ਵੀ ਦਸਿਆ ਕਿ ਕਿਵੇਂ ਉਥੋਂ ਇਕ ਵੈਨ ਜਾਂਦੀ ਹੈ ਉਪਰ ਪਹਾੜ ਦੇ ਬੱਚਿਆਂ ਲਈ ਖਾਣ ਪੀਣ ਦਾ ਸਾਮਾਨ ਲੈ ਕੇ ਜਾਂਦੇ ਹਨ ਉਨ੍ਹਾਂ ਨੂੰ ਪੜ੍ਹਾਉਂਦੇ ਹਨ, ਉਥੋਂ ਦੀਆਂ ਬੀਬੀਆਂ ਨੂੰ ਕੰਮ ਕਾਜ ਸਿਖਾਉਂਦੇ ਹਨ ਉਨ੍ਹਾਂ ਕੋਲੋਂ ਚੀਜ਼ ਬਣਵਾ ਕੇ ਵੇਚਦੇ ਹਨ, ਕਿਵੇਂ ਬੱਚਿਆਂ ਨੂੰ ਠੀਕ ਤਰੀਕੇ ਨਾਲ ਸਫਾਈ ਨਾਲ ਤੇ ਕਿਹੜੀਆਂ ਗੱਲਾਂ ਦਾ ਧਿਆਨ ਰੱਖ ਕੇ ਬੱਚੇ ਪੈਦਾ ਕੀਤੇ ਜਾਣ, ਉਨ੍ਹਾਂ ਲਈ ਸਾਬਣ ਆਦਿ ਲੈ ਕੇ ਜਾਣਾ, ਸਾਫ ਸੁਥਰੇ ਕਪੜੇ ਪੱਟੀਆਂ ਆਦਿ ਲੈ ਕੇ ਜਾਣਾ, ਹੌਲੀ ਹੌਲੀ ਲੋਕਾਂ ਨੂੰ ਮੱਖੀਆਂ ਪਾਲਣ ਦਾ ਧੰਦਾ ਵੀ ਸਿਖਾ ਰਹੇ ਹਨ ਫੇਰ ਸ਼ਹਿਦ ਵੇਚਣਾ ਉਨ੍ਹਾਂ ਨੂੰ ਧੂੰਏਂ ਦੇ ਬਿਨਾਂ ਚੁੱਲ੍ਹੇ ਵੀ ਬਨਾਣੇ ਸਿਖਾਏ ਜਾ ਰਹੇ ਹਨ ਤੇ ਉਨ੍ਹਾਂ ਦੀ ਵਰਤੋਂ ਵੀ ਸਿਖਾਈ ਜਾ ਰਹੀ ਹੈ। ਸਭ ਤੋਂ ਨਵਾਂ ਕੰਮ ਜਿਹੜਾ ਕੀਤਾ ਰਿਹਾ ਸੀ ਉਹ ਸੀ ਜੜ੍ਹੀਆਂ ਬੂਟੀਆਂ ਦਾ ਉਗਾਉਣਾ ਜਿਹੜੀਆਂ ਜੜ੍ਹੀਆਂ ਬੂਟੀਆਂ ਖਤਮ ਹੋ ਰਹੀਆਂ ਹਨ ਉਨ੍ਹਾਂ ਨੂੰ ਉਗਾਉਣਾ, ਦੇਖਭਾਲ ਕਰਨੀ। ਕਈ ਰਾਜਨੀਤੀ ਵਾਲੇ ਪਹਾੜੀ ਇਲਾਕੇ ਨੂੰ ਉਤਰ ਪ੍ਰਦੇਸ਼ ਤੋਂ ਵੱਖ ਕਰਨ ਦੀ ਮੰਗ ਕਰ ਰਹੇ ਹਨ, ਉਹ ਸੋਚਦੇ ਹਨ ਜੇ ਸਾਨੂੰ ਵੱਖ ਕਰ ਦਿਤਾ ਜਾਵੇ ਅਸੀਂ ਆਰਥਿਕ ਪੱਖੋਂ ਵਧੇਰੇ ਅਮੀਰ ਹੋ ਸਕਦੇ ਹਾਂ। ਇਸ ਗੱਲ ਲਈ ਉਹ ਸਵਾਮੀ ਜੀ ਦਾ ਸਮਰਥਨ ਚਾਹੁੰਦੇ ਸੀ ਜਦੋਂ ਸਵਾਮੀ ਜੀ ਨੇ ਮਨ੍ਹਾ ਕਰ ਦਿਤਾ ਉਨ੍ਹਾਂ ਨੇ ਆ ਕੇ ਹਸਪਤਾਲ ਤੇ ਤੋੜ ਭੰਨ ਕੀਤੀ। ਉਥੇ ਖੜ੍ਹੇ ਹੈਲੀਕੋਪਟਰ ਨੂੰ ਸਾੜ ਦਿਤਾ, ਅਖਬਾਰਾਂ ਵਿਚ ਗੱਲਾਂ ਕਢਾ ਲਈਆਂ ਪਰ ਸਵਾਮੀ ਜੀ ਚੁੱਪ ਚਾਪ ਆਪਣਾ ਕੰਮ ਕਰਦੇ ਰਹੇ, ਮੁਫਤ ਲੋਕਾਂ ਦਾ ਇਲਾਜ ਤੇ ਸਿਖਿਆ ਦਿੰਦੇ ਰਹੇ।

ਸਵਾਮੀ ਜੀ ਆਰਾਮ ਨਾਲ ਆਪਣੇ ਸੋਫੇ ਤੇ ਬੈਠ ਗਏ ਤੇ ਪੁੱਛਣ ਲੱਗਾ, ਥਰੀਸਾ ਤੈਨੂੰ ਆਪਣਾ ਇਸ ਵਾਰੀ ਇਥੇ ਆਉਣਾ ਕਿਸ ਤਰ੍ਹਾਂ ਲਗ ਰਿਹਾ ਹੈ?

ਥਰੀਸਾ ਨੇ ਦੱਸਿਆ ਕਿ ਉਹ ਬਨਾਰਸ ਗਈ ਉਸ ਨੇ ਉਹ ਥਾਂ ਦੇਖੀ ਜਿਥੇ ਸਵਾਮੀ ਜੀ ਰਹਿੰਦੇ ਸੀ। ਉਸ ਨੇ ਅਯੋਗੀ ਬਾਬਾ ਦੀ ਥਾਂ ਦੇਖੀ ਤੇ ਉਹ ਅਯੋਗੀ ਬਾਬਾ ਨੂੰ ਮਿਲੀ ਵੀ ਸੀ ਤੇ ਉਸ ਛੋਟੇ ਛੋਟੇ ਭੋਲੀ ਬਾਬਾ ਦੇ ਮੰਦਰ ਵੀ ਦੇਖੇ ਸੀ, ਉਸ ਨੇ ਉਹ ਥਾਂ ਵੀ ਦੇਖੀ ਸੀ ਜਿਥੇ ਬੋਲੀ ਬਾਬਾ ਨੇ ਸਰੀਰ ਛੱਡਿਆ ਸੀ।

ਸਵਾਮੀ ਜੀ ਬੜੀ ਹੈਰਾਨੀ ਨਾਲ ਦੇਖ ਕੇ ਕਹਿਣ ਲੱਗੇ, ਉਹ ਮੈਨੂੰ ਜਾਣਦੇ ਸੀ, ਇਹ ਕਹਿ ਕੇ ਸਵਾਮੀ ਜੀ ਨੇ ਅਖਬਾਰ ਪਕੜ ਲਿਆ ਤੇ ਥਰੀਸਾ ਦੀ ਗੱਲ ਧਿਆਨ ਨਾਲ ਸੁਣਨ ਲਗ ਪਏ।

ਹਾਂ, ਸਵਾਮੀ ਜੀ ਉਹ ਤੁਹਾਨੂੰ ਜਾਣਦੇ ਹਨ, ਬਹੁਤ ਚੰਗੀ ਤਰ੍ਹਾਂ ਜਾਣਦੇ ਹਨ।

ਸਵਾਮੀ ਜੀ ਅਖਬਾਰ ਦੇ ਉਤੋਂ ਝਾਕ ਕੇ ਥਰੀਸਾ ਨੂੰ ਪੁਛ ਰਹੇ ਸੀ, ਫੇਰ ਉਹ ਕੀ ਕਹਿੰਦੇ ਸੀ।

ਥਰੀਸਾ ਕਹਿਣ ਲੱਗੀ ਉਹ ਤੁਹਾਡੇ ਲਈ ਕਹਿ ਰਹੇ ਸੀ, ਤੁਸੀਂ ਬਹੁਤ ਹੀ ਮਹਾਨ ਹੋ, ਉਹ ਤੁਹਾਡੇ ਜਗਿਆਸੂਆਂ ਬਾਰੇ, ਚੇਲਿਆਂ ਬਾਰੇ ਜਾਨਣਾ ਚਾਹੁੰਦੇ ਸੀ, ਉਹ ਇਹ ਦੇਖ ਕੇ ਬਹੁਤ ਹੀ ਹੈਰਾਨ ਹੋ ਰਹੇ ਸੀ ਕਿ ਕਈ ਤਾਂ ਸੰਸਕ੍ਰਿਤ ਵਿਚ ਗੱਲਬਾਤ ਕਰ ਸਕਦੇ ਹਨ ਫੇਰ ਉਹ ਕਹਿਣ ਲੱਗੇ ਕਿ ਤੁਸੀਂ ਭੋਲੀ ਬਾਬਾ ਦੀ ਜਗ੍ਹਾ ਦੇਖਣੀ ਹੈ।

ਸਾਰਾ ਸਮਾਂ ਸਵਾਮੀ ਜੀ ਇਹ ਹੀ ਦਸਦੇ ਰਹੇ ਜਿਵੇਂ ਕਿ ਉਹ ਅਖਬਾਰ ਪੜ੍ਹ ਰਹੇ ਹੋਣ, ਸਵਾਮੀ ਜੀ ਪੁੱਛਣ ਲੱਗੇ, ਕੀ ਤੁਸੀਂ ਦੇਖੀ ਫੇਰ?

ਹਾਂ, ਸਵਾਮੀ ਜੀ ਮੈਂ ਦੇਖਿਆ ਸੀ ਬਹੁਤ ਸਾਰਿਆਂ ਨੂੰ ਜਥੇ ਵਿਚ ਪਤਾ ਨਹੀਂ ਸੀ ਪਰ ਪੰਡਤ ਜੀ ਨੇ ਸਾਨੂੰ ਥੋੜ੍ਹਿਆਂ ਜਿਹਾ ਨੂੰ ਦਸਿਆ ਸੀ।

"ਹੂੰ" ਸਵਾਮੀ ਜੀ ਕਹਿਣ ਲੱਗੇ ਤੁਸੀਂ ਕੀ ਸੋਚਿਆ? ਸਵਾਮੀ ਜੀ ਮੈਂ ਤਾਂ ਇਹ ਜਾਨਣਾ ਚਾਹੁੰਦੀ ਸੀ ਕਿ ਤੁਸੀਂ ਜਦੋਂ ਐਨੇ ਛੋਟੇ ਸੀ, ਗੱਭਰੂ ਸੀ ਤੁਸੀਂ ਕਿਉਂ ਆਪਣਾ ਸਰੀਰ ਛੱਡਿਆ ਤੇ ਦੂਸਰੇ ਸਰੀਰ ਵਿਚ ਪ੍ਰਵੇਸ਼ ਕੀਤਾ।

ਸਵਾਮੀ ਜੀ ਕਹਿਣ ਲੱਗੇ, ਥਰੀਸਾ ਓ ਥਰੀਸਾ ਤੂੰ ਮੈਨੂੰ ਜਾਣਦੀ ਤਾਂ ਹੈਂ।

ਸਵਾਮੀ ਜੀ ਦੱਸੋ ਨਾ ਮੈਂ ਸੱਚਮੁੱਚ ਹੀ ਜਾਨਣਾ ਚਾਹੁੰਦੀ ਹਾਂ, ਥਰੀਸਾ ਕਹਿਣ ਲੱਗੀ।

ਫੇਰ ਸਵਾਮੀ ਜੀ ਨੇ ਅਖਬਾਰ ਮੇਜ਼ ਤੇ ਰੱਖਿਆ, ਥਰੀਸਾ ਮੈਂ ਤਾਂ ਕਈ ਪ੍ਰਯੋਗ ਕਰਦਾ ਰਿਹਾ ਹਾਂ ਕਈ ਕਿਸਮ ਦੇ ਐਕਸਪੈਰੀਮੈਂਟ ਮੈਂ ਕੀਤੇ। ਮੈਂ ਇਹ ਜਾਨਣਾ ਚਾਹੁੰਦਾ ਸੀ ਕਿ ਕੀ ਮੈਂ ਇਹ ਸਰੀਰ ਛੱਡ ਕੇ ਦੂਸਰਾ ਧਾਰਣ ਕਰ ਸਕਦਾ ਹਾਂ?

ਤੇ ਤੁਸੀਂ ਕਰ ਸਕੇ, ਥਰੀਸਾ ਪੁੱਛਣ ਲੱਗੀ।

ਹਾਂ ਮੈਂ ਕਰ ਸਕਿਆ ਸਵਾਮੀ ਜੀ ਕਹਿਣ ਲੱਗੇ।

ਕੀ ਤੁਸੀਂ ਇਸ ਵਾਰੀ ਵੀ ਇਸ ਤਰ੍ਹਾਂ ਹੀ ਕਰੋਗੇ? ਥਰੀਸਾ ਨੇ ਸਵਾਮੀ ਜੀ ਨੂੰ ਪੁਛਿਆ।

ਨਹੀਂ ਬਿਲਕੁਲ ਨਹੀਂ, ਇਹ ਬਿਲੁਲ ਕੋਈ ਸੋਖਾ ਕੰਮ ਨਹੀਂ ਹੈ ਕਿ ਨਦੀ ਵਿਚੋਂ ਕੋਈ ਮੁਰਦਾ ਸਰੀਰ ਲਿਆ ਜਾਵੇ ਸਰਕਾਰ ਦੇ ਆਪਣੇ ਰੂਪ ਬਣ ਗਏ ਹਨ ਤੇ ਸਰੀਰ ਏਸ ਤਰ੍ਹਾਂ ਨਦੀਆਂ ਵਿਚ ਮਿਲਣੇ ਬਹੁਤ ਹੀ ਕਠਨ ਹਨ।

ਥਰੀਸਾ ਕਹਿਣ ਲੱਗੀ, ਸਵਾਮੀ ਜੀ ਤੁਹਾਡਾ ਇਹ ਵਾਲਾ ਸਰੀਰ ਬਹੁਤ ਸੋਹਣਾ ਹੈ ਇਸੇ ਨੂੰ ਠੀਕ ਕਰਕੇ ਕਿਉਂ ਨਹੀਂ ਬਹੁਤ ਦੇਰ ਰੱਖ ਸਕਦੇ, ਜੇ ਤੁਸੀਂ ਸਰੀਰ ਬਦਲੋ ਵੀ ਆਪਣੀਆਂ ਅੱਖਾਂ ਇਹੋ ਹੀ ਰੱਖਣਾ, ਤੁਹਾਡੀਆਂ ਅੱਖਾਂ ਬਹੁਤ ਹੀ ਸੋਹਣੀਆਂ ਹਨ।

ਅੱਛਾ, ਕਹਿ ਕੇ ਸਵਾਮੀ ਜੀ ਹੱਸ ਪਏ ਤੇ ਕਹਿਣ ਲੱਗੇ, ਥਰੀਸਾ ਤੇਰਾ ਸੋਫਾ ਤਾਂ ਹੁਣ ਬਹੁਤ ਪੁਰਾਣਾ ਹੋ ਗਿਆ ਹੈ। ਮੈਨੂੰ ਲਗਦਾ ਹੈ ਮੈਂ ਇਸ ਨੂੰ ਹੁਣ ਸੁੱਟ ਹੀ ਦਿਆਂ।

ਥਰੀਸਾ ਤਾਂ ਮੁੜ ਕੇ ਸ਼ੁਰੂ ਹੋ ਗਈ ਤੇ ਕਹਿਣ ਲੱਗ ਪਈ ਨਹੀਂ ਤੁਸੀਂ ਮੇਰਾ ਸੋਫਾ ਮੈਨੂੰ ਮੋੜੋ, ਮੈਂ ਉਸ ਤੋਂ ਬਿਨਾਂ ਜੀ ਨਹੀਂ ਸਕਦੀ। ਇਹ ਗੱਲਬਾਤ ਚਲ ਹੀ ਰਹੀ ਸੀ। ਸਵਾਮੀ ਜੀ ਦਾ ਇਕ ਸਕੱਤਰ ਕੁਝ ਕਾਗਜ਼ ਲੈ ਆਇਆ ਤੇ ਪੜ੍ਹ ਕੇ ਸੁਣਾਉਣ ਲੱਗਾ ਜੋ ਕਿ ਮੈਡੀਕਲ ਕਾਲਜ ਬਾਰੇ ਅਖਬਾਰ ਵਿਚ ਆਇਆ ਸੀ। ਅਸੀਂ ਚੁੱਪ ਚਾਪ ਕੁਝ ਕੰਮ ਕਰਦੇ ਰਹੇ ਕੁਝ ਫੋਟੋ ਲਈਆਂ ਤੇ ਚੁੱਪ ਚਾਪ ਆ ਗਏ ਤਾਂ ਜੋ ਸਵਾਮੀ ਜੀ ਆਰਾਮ ਕਰ ਸਕਣ।

ਆਸ਼ਰਮ ਵਾਪਸ ਆ ਕੇ ਅਸੀਂ ਆਰਾਮ ਕਰਨ ਲਗ ਪਏ, ਸਵਾਮੀ ਜੀ ਨੇ ਕਿਹਾ ਸੀ ਸ਼ਾਂਤੀ ਵਿਚ ਰਹਿਣਾ। ਬਾਰਸ਼ਾਂ ਖਤਮ ਹੋ ਚੁਕੀਆਂ ਸੀ, ਮੌਸਮ ਥੋੜ੍ਹਾ ਠੰਢਾ ਸੀ। ਸੱਚ ਪੁਛੋਂ ਤਾਂ ਆਰਾਮ ਕਰਨ ਲਈ ਬਹੁਤ ਹੀ ਵਧੀਆ ਮੌਸਮ ਸੀ। ਅਸੀਂ ਪੜ੍ਹਦੇ, ਘਾਹ ਵਿਚੋਂ ਬੂਟੀ ਸਾਫ ਕਰਦੇ, ਗੰਗਾ ਦੇ ਕੰਢੇ ਸੈਰ ਕਰਦੇ ਮੈਡੀਟੇਸ਼ਨ ਕਰਦੇ ਜਿਨ੍ਹਾਂ ਵੱਧ ਤੋਂ ਵੱਧ ਸਮਾ ਹੋ ਸਕੇ, ਸਵਾਮੀ ਜੀ ਨਾਲ ਬਿਤਾਉਂਦੇ।

ਸਵਾਮੀ ਜੀ ਨੇ ਕਮਲ ਨੂੰ ਕਿਹਾ ਸੀ, ਉਹ ਕਬੂਤਰ ਪਾਲੇ। ਬਹੁਤ ਸਾਰੇ ਕਬੂਤਰ ਆਸ਼ਰਮ ਵਿਚ ਬਤੌਰ ਤੋਹਫੇ ਵੀ ਮਿਲੇ ਸੀ। ਸੋ ਦੂਸਰੀ ਮੰਜ਼ਲ ਦੇ ਉਪਰ ਕਾਫੀ ਸਾਰੇ ਕਬੂਤਰ ਬੈਠੇ ਰਹਿੰਦੇ ਉਹ ਸਵਾਮੀ ਜੀ ਦੇ ਕਮਰੇ ਦੇ ਬਾਹਰ ਬੈਠਦੇ ਜਦੋਂ ਕਮਲ ਉਨ੍ਹਾਂ ਨੂੰ ਖਾਣ ਨੂੰ ਦਿੰਦੀ, ਬੁਲਾਉਂਦੀ, ਉਹ ਨਚਦੇ ਕੂਕਾਂ ਮਾਰਦੇ ਕਮਲ ਨੂੰ ਜਿਵੇਂ ਪਤਾ ਹੋਵੇ ਕਿ ਹਰੇਕ ਨੂੰ ਕੀ ਚਾਹੀਦਾ ਹੈ, ਸਾਨੂੰ ਕਮਲ ਨੇ ਦੱਸਿਆ ਕਿ ਕਿਵੇਂ ਬਾਜ਼ ਇਨ੍ਹਾਂ ਦੇ ਪਿਛੇ ਪਿਆ ਰਿਹਾ, ਅਸੀਂ ਦੇਖ ਕੇ ਕਹਿ ਰਹੇ ਸੀ ਕਿ ਕਮਲ ਵੀ ਕਬੂਤਰ ਹੀ ਲੱਗਣ ਲਗ ਪਈ ਹੈ, ਸਵਾਮੀ ਜੀ ਵੀ ਸੁਣ ਕੇ ਖੁਸ਼ ਹੋਏ ਹੱਸੇ, ਕਮਲ

ਨੇ ਸਾਨੂੰ ਕਬੂਤਰਾਂ ਦੀ ਸਾਂਗ ਲਾ ਕੇ ਦਿਖਾਈ।

ਇਕ ਦਿਨ ਦੁਪਹਿਰ ਨੂੰ ਸਵਾਮੀ ਜੀ ਕਹਿਣ ਲੱਗੇ ਕਿ ਉਨ੍ਹਾਂ ਨੇ ਸਾਨੂੰ ਉਚੇਰੀ ਦੀਕਸ਼ਾ ਦੇਣੀ ਹੈ, ਅਸੀਂ ਵਰਤ ਰੱਖੀਏ, ਥਰੀਸਾ ਲਈ ਕੋਈ ਖਾਸ ਚੇਤਾਵਨੀ ਸੀ।

ਸਵਾਮੀ ਜੀ ਥਰੀਸਾ ਨੂੰ ਕਹਿਣ ਲੱਗੇ ਕਿ ਇਸ ਤੋਂ ਪਹਿਲਾਂ ਕਿ ਮੈਂ ਤੈਨੂੰ ਉਚੇਰੀ ਦੀਕਸ਼ਾ ਦਿਆਂ ਤੂੰ ਪਹਿਲਾਂ ਆਪਣਾ ਸੋਫਾ ਸਾਨੂੰ ਦੇ ਤੇ ਕਾਗਜ਼ ਦੇ ਦਸਖਤ ਕਰ ਮੈਂ ਨਹੀਂ ਚਾਹੁੰਦਾ ਕਿ ਅਗਲੇ ਜਨਮ ਮੈਨੂੰ ਹਿਸਾਬ ਚੁਕਾਣਾ ਪਵੇ, ਜੇ ਤੂੰ ਦਸਖਤ ਨਹੀਂ ਕਰੇਗੀ, ਤੈਨੂੰ ਮੈਂ ਦੀਕਸ਼ਾ ਵੀ ਨਹੀਂ ਦਿਆਂਗਾ।

ਵੀਰਵਾਰ ਸਵੇਰੇ ਸਾਰੇ ਇਕ ਪਵਿੱਤਰ ਵਾਤਾਵਰਣ ਅਧਿਆਤਮਕ ਦੇ ਵਿਚ ਜਦੋਂ ਸਾਰਾ ਕੁਝ ਬੜੇ ਹੀ ਸ਼ੁਧ ਤਰੀਕੇ ਨਾਲ ਕੀਤਾ ਜਾ ਰਿਹਾ ਸੀ ਸਵਾਮੀ ਜੀ ਨੇ ਥਰੀਸਾ ਕੋਲੋਂ ਇਕ ਕਾਗਜ਼ ਤੇ ਦਸਤਖਤ ਕਰਾ ਲਏ ਕਿ ਉਹ ਆਪਣਾ ਸੋਫਾ ਸੈਟ ਸਵਾਮੀ ਜੀ ਨੂੰ ਦਿੰਦੀ ਹੈ। ਸਵਾਮੀ ਜੀ ਜੋ ਮਰਜ਼ੀ ਉਸ ਦਾ ਕਰਨ, ਸਵਾਮੀ ਜੀ ਨੇ ਕਾਗਜ਼ ਰੱਖ ਲਿਆ ਤੇ ਸਾਡੇ ਨਾਲ ਗੰਗਾ ਵਲ ਤੁਰ ਪਏ, ਆਸ਼ਰਮ ਦੇ ਪੂਰਬ ਵਲ ਅਸੀਂ ਚੱਲ ਪਏ। ਪਾਣੀ ਦੇ ਕੰਢੇ ਖੜ੍ਹੇ ਹੋ ਕੇ ਉਨ੍ਹਾਂ ਨੇ ਮੰਤਰ ਉਚਾਰੇ, ਸਾਨੂੰ ਨਵੀਆਂ ਹਦਾਇਤਾਂ ਦਿਤੀਆਂ ਅਸੀਂ ਕੀ ਕਰਨਾ ਹੈ, ਕਿਵੇਂ ਕਰਨਾ ਹੈ, ਆਪਣਾ ਹੱਥ ਸਾਡੇ ਸਿਰਾਂ ਤੇ ਰੱਖਿਆ ਤੇ ਕਹਿਣ ਲੱਗੇ, ਛੇ ਮਹੀਨੇ ਬਾਅਦ ਮੇਰੇ ਕੋਲ ਆਉਣਾ।

ਅਗਲੇ ਦਿਨ ਅਸੀਂ ਮੁੜ ਕੇ ਆ ਜਾਣਾ, ਅਸੀਂ ਹਸਪਤਾਲ ਵਾਲੀ ਜਗ੍ਹਾ ਤੇ ਪਹੁੰਚੇ। ਸਵਾਮੀ ਜੀ ਬਾਹਰ ਹੀ ਬੈਠੇ ਸੀ ਤੇ ਆਪਣੇ ਮੈਰੂਨ ਕਮੋਨੋ ਵਿਚ ਸੋਹਣੇ ਲਗ ਰਹੇ ਸੀ, ਧੁੱਪ ਵਾਲੀ ਐਨਕ ਲਗਾਈ ਹੋਈ ਸੀ ਤੇ ਸਿਰ ਤੇ ਖਜੂਰ ਦੇ ਪੱਤਿਆਂ ਦੀ ਟੋਪੀ ਪਾਈ ਹੋਈ ਸੀ। ਸਾਨੂੰ ਦੇਖ ਕੇ ਉਨ੍ਹਾਂ ਨੇ ਇਕ ਦਮ ਆਵਾਜ਼ ਮਾਰੀ ਕਹਿਣ ਲੱਗੇ, ਬਚਿਓ ਕੀ ਤੁਸੀਂ ਹੁਣ ਜਾ ਰਹੇ ਹੋ। ਪੜ੍ਹਾਉਂਦੇ ਹੋ, ਆਪਣੇ ਕੇਂਦਰ ਵਿਚ ਪੜ੍ਹਾਉਂਦੇ ਰਹਿਣਾ ਵਿਸ਼ਵਵਿਦਿਆਲਯ ਵਿਚ ਪੜ੍ਹਾਓ ਤੁਹਾਨੂੰ ਮੇਰਾ ਅਸ਼ੀਰਵਾਦ ਹੈ।

ਸਵਾਮੀ ਜੀ ਕੋਲ ਫਲ ਪਏ ਸੀ ਉਨ੍ਹਾਂ ਨੇ ਸਾਡੇ ਦੋਨਾਂ ਵਾਸਤੇ ਲਾਲ ਸੇਬ ਕੱਢੇ ਸਾਨੂੰ ਦਿੰਦੇ ਹੋਏ ਕਹਿਣ ਲੱਗੇ, ਯਾਦ ਰੱਖੋ। ਮੈਂ ਤੁਹਾਨੂੰ ਬਹੁਤ ਪਿਆਰ ਕਰਦਾ ਹਾਂ। ਅਸੀਂ ਬਿਲਕੁਲ ਵੀ ਬੋਲ ਨਹੀਂ ਸਕੇ ਸਾਡੇ ਗਲੇ ਭਰ ਆਏ, ਅਸੀਂ ਟੈਕਸੀ ਦੀ ਖਿੜਕੀ ਤੋਂ ਹੀ ਹੱਥ ਹਿਲਾਏ ਤੇ ਟੈਕਸੀ ਚਲ ਪਈ।

ਦੂਸਰੀ ਫੇਰੀ - ਅਮਰੀਕਾ ਵਿਚ ਸਮਾਂ ਬੀਤਦਾ ਨਹੀਂ ਸੀ। ਮਨ ਦੇ ਪੱਖੋਂ ਵਾਸੇ ਪੜ੍ਹਾਦਿਆਂ ਲਿਖਦਿਆਂ ਲੈਕਚਰ ਕਰਦਿਆਂ ਸਮਾਂ ਉਡਦਾ ਜਾਂਦਾ ਸੀ ਪਰ ਮਨ ਵਿਚ ਇਹ ਹੀ ਲੱਗਾ ਰਹਿੰਦਾ ਸੀ ਕਿ ਕਦੋਂ ਸਵਾਮੀ ਜੀ ਕੋਲ ਮੁੜ ਕੇ ਜਾਈਏ। ਸਾਡੇ ਵਾਸਤੇ ਅਮਰੀਤਾ ਛੱਡ ਕੇ ਆਉਣਾ ਕਦੀ ਵੀ ਬਹੁਤ ਸੌਖਾ ਨਹੀਂ ਹੁੰਦਾ। ਕੋਈ ਪ੍ਰੋਜੈਕਟ ਚਲ ਰਹੇ ਹੁੰਦੇ, ਕੋਈ ਲੈਕਚਰਾਂ ਦੀਆਂ ਤਰੀਕਾਂ ਦਿਤੀਆਂ ਹੁੰਦੀਆਂ, ਜਦੋਂ ਮਾਰਚ ਦਾ ਅਖੀਰ ਆ ਗਿਆ। ਸਾਡੇ ਕੋਲ ਹੋਰ ਉਡੀਕ ਕਰਨੀ ਔਖੀ ਹੋ ਗਈ। ਅਸੀਂ ਕਲਾਸਾਂ ਖਤਮ ਕੀਤੀਆਂ। ਆਪਣੀਆਂ ਦਿਤੀਆਂ ਹੋਈਆਂ ਤਰੀਕਾਂ ਨੂੰ ਕੈਂਸਲ ਕੀਤਾ, ਸਾਰਾ ਦਫਤਰ ਸੈਕਟਰੀ ਦੇ ਹਵਾਲੇ ਕੀਤਾ ਤੇ ਭਾਰਤ ਤੁਰ ਪਏ, ਅਸੀਂ ਉਤਰਦਿਆਂ ਹੀ ਟੈਕਸੀ ਕੀਤੀ ਤੇ ਰਾਤੋ ਰਾਤ ਆਸ਼ਰਮ ਰਿਸ਼ੀਕੇਸ ਪਹੁੰਚ ਗਏ। ਸੂਰਜ ਚੜ੍ਹ ਰਿਹਾ ਸੀ ਜਦੋਂ ਅਸੀਂ ਪਿੰਡਾਂ ਵਿਚੋਂ ਲੰਘ ਕੇ ਰਿਸੀਕੇਸ਼ ਪਹੁੰਚੇ।

ਪ੍ਰੇਮ ਜੀ ਜਿਹੜੇ ਆਸ਼ਰਮ ਦੀ ਦੇਖਭਾਲ ਕਰਦੇ ਸੀ ਉਨ੍ਹਾਂ ਨੇ ਸਾਨੂੰ ਪਹਿਲੇ ਵਾਲਾ ਕਮਰਾ ਹੀ ਦਿਤਾ। ਸਾਡੀ ਛੁੱਟੀ ਸ਼ੁਰੂ ਹੋ ਗਈ ਪਰ ਮਨ ਅਤਿ ਦੁਖੀ ਹੋਇਆ ਜਦੋਂ ਅਸੀਂ ਸਵੇਰੇ ਸਵਾਮੀ ਜੀ ਨੂੰ ਦੇਖਿਆ, ਸਵਾਮੀ ਜੀ ਬਹੁਤ ਹੀ ਬਿਮਾਰ ਲਗ ਰਹੇ ਸੀ। ਅਤਿ ਦੁਰਬਲ ਕਮਜ਼ੋਰ ਤੇ ਐਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਉਨ੍ਹਾਂ ਨੂੰ ਬਹੁਤ ਹੀ ਤਕਲੀਫ ਹੋਵੇ, ਸਰੀਰ ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਬਹੁਤ ਹੀ ਚੰਗੇ ਉਚੇ ਲੰਮੇ ਸਰੀਰ ਦਾ ਕੋਈ ਪਰਛਾਵਾਂ ਜਾਂ ਕਹਿ ਲਵੋ ਕੋਈ ਬਾਕੀ ਰਹਿੰਦਾ ਭਾਗ ਹੋਵੇ, ਹੁਣ ਸਾਰਾ ਕੁਝ ਬਸ ਉਨ੍ਹਾਂ ਦੇ ਨੇਤਰਾਂ ਵਿਚ ਹੀ ਰਹਿ ਗਿਆ ਸੀ।

ਸਾਨੂੰ ਸਵਾਮੀ ਜੀ ਨੇ ਸਾਡੀ ਸਾਧਨਾ ਦੀ ਆਖਰੀ ਪੌੜੀ ਦੱਸੀ ਤੇ ਕਿਹਾ ਕਿ ਅਸੀਂ ਉਹ ਸਭ ਕੁਝ ਕਰਦੇ ਰਹੀਏ ਜੋ ਅਸੀਂ ਕਰ ਰਹੇ ਹਾਂ। ਹਸਪਤਾਲ ਦੇ ਡਾਕਟਰ ਕਹਿ ਰਹੇ ਸੀ ਕਿ ਸਵਾਮੀ ਜੀ ਦਿੱਲੀ ਜਾ ਕੇ ਬਾਕੀ ਦੇ ਟੈਸਟ ਕਰਾ ਲੈਣ। ਸਵਾਮੀ ਜੀ ਕਹਿੰਦੇ, ਜੋ ਤੁਸੀਂ ਚਾਹੋ, ਜੋ ਤੁਸੀਂ ਚਾਹੋ ਇਸ ਸਰੀਰ ਤੇ ਕਰੋ, ਸਾਰੇ ਟੈਸਟ ਕੀਤੇ ਗਏ ਇਕ ਤੋਂ ਬਾਅਦ ਇਕ ਕਿਸੇ ਵੀ ਟੈਸਟ ਵਿਚ ਕੁਝ ਨਹੀਂ ਆਇਆ। ਡਾਕਟਰਾਂ ਨੂੰ ਸਮਝ ਹੀ ਨਹੀਂ ਆ ਰਹੀ ਕਿ ਉਨ੍ਹਾਂ ਦਾ ਸਰੀਰ ਕਿਉਂ ਖੁਰਦਾ ਜਾ ਰਿਹਾ ਹੈ, ਅਸੀਂ ਆਪਣੀ ਅੱਖੀਂ ਦੇਖਿਆ ਹੋਇਆ ਹੈ ਕਿ ਕਿਵੇਂ ਸਵਾਮੀ ਜੀ ਆਪਣੇ ਆਪ ਨੂੰ ਰਿਸ਼ਟ ਪੁਸ਼ਟ ਕਰ ਲੈਂਦੇ ਸੀ। ਅਸੀਂ ਸੋਚਦੇ ਸੀ ਇਸ ਤਰ੍ਹਾਂ ਹੋ ਜਾਏਗਾ, ਅਸੀਂ ਸਾਰੇ ਚਾਹੁੰਦੇ ਸੀ ਇਸ ਤਰ੍ਹਾਂ ਹੋ ਜਾਏ।

ਯੂ.ਪੀ. ਵਿਚ ਬੰਦ ਚਲ ਰਹੇ ਸੀ। ਪੁਲਿਸ ਨੇ ਸਾਰੇ ਰਸਤੇ ਬੰਦੇ ਕੀਤੇ ਹੋਏ ਸੀ। ਕਈ ਦੁਕਾਨਾਂ ਸਾੜੀਆਂ ਜਾ

ਰਹੀਆਂ ਸੀ, ਕਈ ਬੱਸਾਂ ਕਿਤੇ ਕੁਝ ਹੋ ਰਿਹਾ ਸੀ ਕਿਤੇ ਕੁਛ। ਅਸੀਂ ਆਪਣਾ ਅਭਿਆਸ ਕਰਦੇ ਰਹੇ। ਸਵਾਮੀ ਜੀ ਦੀ ਦੇਹ ਅਰੋਗਤਾ ਲਈ ਅਰਦਾਸ ਕਰਦੇ ਰਹੇ ਪਰ ਅਸੀਂ ਉਨ੍ਹਾਂ ਤਕ ਪਹੁੰਚ ਨਾ ਸਕੇ।

ਜਿਸ ਦਿਨ ਅਸੀਂ ਅਮਰੀਕਾ ਮੁੜਨਾ ਸੀ ਉਸ ਦੀ ਇਕ ਦਿਨ ਦੀ ਸ਼ਾਮ ਸਵਾਮੀ ਜੀ ਆਸ਼ਰਮ ਆਏ ਤੇ ਕਹਿਣ ਲੱਗੇ, ਮੈਂ ਕੇਵਲ ਤੁਹਾਡੇ ਲਈ ਹੀ ਆਇਆ ਹਾਂ। ਐਨੇ ਕਮਜ਼ੋਰ ਸੀ ਕਿ ਖੜ੍ਹੇ ਵੀ ਹੋਣਾ ਔਖਾ ਸੀ ਜਿਸ ਹਸਤੀ ਨੇ ਸਾਡੇ ਲਈ ਸਭ ਕੁਝ ਕੀਤਾ ਸੀ ਸਾਨੂੰ ਸਭ ਕੁਝ ਦਿਤਾ ਸੀ, ਸਭ ਕਾਸੇ ਦੇ ਯੋਗ ਬਣਾਇਆ ਸੀ, ਅਸੀਂ ਉਸ ਹਸਤੀ ਲਈ ਕੁਝ ਕਰਨਾ ਚਾਹੁੰਦੇ ਸੀ ਪਰ ਕੁਝ ਵੀ ਨਹੀਂ ਸੀ ਕਰ ਸਕਦੇ। ਉਹ ਇਹ ਜਾਣਦੇ ਹੋਏ ਮੁਸਕਰਾ ਕੇ ਕਹਿਣ ਲੱਗੇ, ਸਭ ਕੁਝ ਠੀਕ ਹੈ, ਕੋਈ ਚਿੰਤਾ ਨਾ ਕਰੋ।

ਉਨ੍ਹਾਂ ਨੇ ਸਾਨੂੰ ਆਪਣੇ ਕਮਰੇ ਦੇ ਅੱਗੇ ਜੋ ਥਾਂ ਸੀ ਉਥੇ ਬੁਲਾਇਆ ਅਸੀਂ ਬੈਠੇ, ਸੂਰਜ ਅਲਵਿਦਾ ਲੈ ਰਿਹਾ ਸੀ। ਕਬੂਤਰ ਗੁਟਰਗੂੰ ਕਰ ਰਹੇ ਸੀ। ਕੁੱਤਾ ਪਹਿਰਾ ਦੇ ਰਿਹਾ ਸੀ। ਸਵਾਮੀ ਜੀ ਲਈ ਬੋਲਣਾ ਔਖਾ ਹੋ ਰਿਹਾ ਸੀ ਪਰ ਉਨ੍ਹਾਂ ਦੇ ਨੇਤਰਾਂ ਵਿਚੋਂ ਨਿਰੋਲ ਪਿਆਰ ਝਲਕ ਰਿਹਾ ਸੀ, ਅਸੀਂ ਹੌਲੀ-ਹੌਲੀ ਉਨ੍ਹਾਂ ਦੇ ਹੱਥ ਪੈਰ ਮਲੇ ਉਹ ਹੌਲੀ ਹੌਲੀ ਕਹਿ ਰਹੇ ਸੀਤੁਸੀਂ ਚਿੰਤਾ ਨਾ ਕਰੋ, ਜੋ ਕੁਝ ਅਸੀਂ ਪੁੱਛਣਾ ਚਾਹੁੰਦੇ ਸੀ ਉਨ੍ਹਾਂ ਨੇ ਹੌਲੀ-ਹੌਲੀ ਆਪ ਹੀ ਸਾਰੇ ਜਵਾਬ ਦੇ ਦਿਤੇ। ਤੁਸੀਂ ਡਰਨਾ ਨਹੀਂ। ਸੰਤਾਂ ਦਾ ਕੰਮ ਕਰ ਰਹੇ ਹੋ, ਕਰਦੇ ਰਹੋ ਨਿਰਭੈ ਹੋ ਕੇ ਕਰੋ। ਮੈਂ ਸਦਾ ਹੀ ਤੁਹਾਡੇ ਮਾਰਗ ਦਰਸ਼ਨ ਕਰਦਾ ਰਹਾਂਗਾ ਹੋਰ ਯੋਗੀ ਤੇ ਸੰਤ ਵੀ ਤੁਹਾਡਾ ਮਾਰਗ ਦਰਸ਼ਨ ਕਰ ਰਹੇ ਹਨ। ਅਸੀਂ ਫੇਰ ਮਿਲਾਂਗੇ, ਚਿੰਤਾ ਨਹੀਂ ਕਰਨੀ।

ਜਿੰਨੀ ਦੇਰ ਅਸੀਂ ਬੈਠ ਸਕਦੇ ਸੀ ਅਸੀਂ ਬੈਠੇ ਸਾਨੂੰ ਪਤਾ ਸੀ ਕਿ ਜਹਾਜ਼ ਜਾਣਾ ਹੈ ਪਰ ਉਸ ਸਮੇਂ ਜੇ ਜਹਾਜ਼ ਛੁੱਟ ਵੀ ਜਾਂਦਾ ਤਾਂ ਕੋਈ ਨਹੀਂ। ਫੇਰ ਸਵਾਮੀ ਜੀ ਉਠੇ ਤੇ ਮੁਸਕਰਾ ਕੇ ਕਹਿਣ ਲੱਗੇ, ਤੁਸੀਂ ਜਾਓ ਮੈਂ ਤੁਹਾਨੂੰ ਬਹੁਤ ਪਿਆਰ ਕਰਦਾ ਹਾਂ। ਅਸੀਂ ਦੋਨਾਂ ਨੇ ਵਾਰੀ-ਵਾਰੀ ਸਵਾਮੀ ਜੀ ਨੂੰ ਮੱਥਾ ਟੇਕਿਆ ਉਨ੍ਹਾਂ ਨੇ ਸਾਡੇ ਸਿਰ ਤੇ ਹੱਥ ਰੱਖਿਆ ਤੇ ਕਿਹਾ, God bless you

ਜਦੋਂ ਅਸੀਂ ਪੌੜੀਆਂ ਉਤਰ ਰਹੇ ਸੀ ਥਰੀਸਾ ਦਾ ਜੋ ਰੋਣਾ ਛੁਟਿਆ, ਉਹ ਕਾਬੂ ਹੀ ਨਹੀਂ ਸੀ ਆ ਰਿਹਾ, ਉਸ ਨੂੰ ਕੋਈ ਦਿਲਾਸਾ ਹੌਂਸਲਾ ਨਹੀਂ ਸੀ ਦਿਤਾ ਜਾ ਸਕਦਾ।

13 ਨਵੰਬਰ 1996 ਸਾਡਾ ਸੰਸਾਰ ਸਾਰਾ ਢਹਿ ਢੇਰੀ ਹੋ ਗਿਆ। ਭਾਰਤ ਤੋਂ ਸਵੇਰੇ ਵੇਲੇ ਟੈਲੀਫੋਨ ਆਇਆ, ਮੈਂ ਕਿੰਨੀ ਦੇਰ ਆਪਣੇ ਮੇਜ਼ ਦੇ ਅੱਗੇ ਖੜ੍ਹਾ ਰਿਹਾ ਤੇ ਇਹ ਸੋਚਦਾ ਰਿਹਾ ਕਿ ਇਹ ਝੂਠ ਹੈ। ਹੌਲੀ-ਹੌਲੀ ਮੈਂ ਟੈਲੀਫੋਨ ਰੱਖਿਆ ਤੇ ਥਰੀਸਾ ਕੋਲ ਗਿਆ, ਤੂੰ ਬੈਠਾ ਇਕ ਬਹੁਤ ਹੀ ਮਾੜੀ ਖਬਰ ਹੈ।

ਪਰ ਥਰੀਸਾ ਨੇ ਮੇਰੇ ਵਲ ਗਹਿਰੀਆਂ ਅੱਖਾਂ ਨਾਲ ਦੇਖਿਆ ਤੇ ਕਹਿਣ ਲੱਗੀ ਮੈਂ ਜਾਣਦੀ ਹਾਂ, ਸਵਾਮੀ ਜੀ ਸਾਨੂੰ ਛੱਡ ਕੇ ਚਲੇ ਗਏ ਹਨ। ਉਸ ਨੂੰ ਪਹਿਲਾਂ ਹੀ ਸੁਪਨਾ ਆਇਆ ਸੀ ਤੇ ਸਵਾਮੀ ਜੀ ਉਸ ਨੂੰ ਮਿਲ ਕੇ ਗਏ ਸੀ, ਦੱਸ ਕੇ ਗਏ ਸੀ।

ਅਸੀਂ ਦੋਨੋਂ ਕੁਝ ਦੇਰ ਰੋਂਦੇ ਰਹੇ ਤੇ ਫੇਰ ਅਸੀਂ ਚਾਰਲਸ ਨੂੰ ਟੈਲੀਫੋਨ ਕੀਤਾ। ਉਹ ਵਾਸ਼ਿੰਗਟਨ ਸੀ, ਉਸ ਨੇ ਕੁਝ ਘੰਟੇ ਪਹਿਲੇ ਟੈਲੀਫੋਨ ਕੀਤਾ ਸੀ, ਪਰ ਉਦੋਂ ਕੋਈ ਗੱਲ ਨਹੀਂ ਸੀ।

ਜਦੋਂ ਅਸੀਂ ਸਾਰੇ ਮਿਲੇ ਅਸੀਂ ਫੈਸਲਾ ਕੀਤਾ ਅਸੀਂ ਭਾਰਤ ਜਾਵਾਂਗੇ। ਸਵਾਮੀ ਜੀ ਨੇ ਕੋਈ ਅੱਧੀ ਰਾਤ ਸਮੇਂ ਜਾਗਤ ਸ਼ੁਰੂ ਹੋਣ ਤੇ ਹੀ ਸਰੀਰ ਛੱਡ ਦਿਤਾ ਸੀ। ਸਾਡਾ ਜੀ ਬਿਲਕੁਲ ਵੀ ਮੰਨਣ ਨੂੰ ਤਿਆਰ ਨਹੀਂ ਸੀ, ਅਸੀਂ ਕਹਿੰਦੇ ਸੀ ਇਹ ਹੋ ਕਿਸ ਤਰ੍ਹਾਂ ਗਿਆ ਅਸੀਂ ਤਾਂ ਉਥੇ ਨਹੀਂ। ਹੌਲੀ-ਹੌਲੀ ਮਨ ਨੂੰ ਤਸੱਲੀ ਦਿਤੀ ਕਿ ਸਵਾਮੀ ਜੀ ਇਸ ਤਰ੍ਹਾਂ ਹੀ ਚਾਹੁੰਦੇ ਸੀ ਇਸ ਤਰ੍ਹਾਂ ਹੀ ਹੋਣਾ ਸੀ, ਸਵਾਮੀ ਜੀ ਇਸ ਤਰ੍ਹਾਂ ਹੀ ਚੁੱਪ ਚਾਪ ਜਾਣਾ ਚਾਹੁੰਦੇ ਸੀ। ਸਾਰੇ ਸ਼ਿਸ਼ ਲੋਕ ਸਭਾ ਤੇ ਇਕੱਠੇ ਹੋਏ ਸੋ ਅਸੀਂ ਸਾਰਿਆਂ ਨੇ ਸਲਾਹ ਕੀਤੀ ਕਿ ਅਸੀਂ ਭਾਰਤ ਚੱਲੀਏ, ਅਸੀਂ ਆਪ ਆ ਕੇ ਹੀ ਸਵਾਮੀ ਜੀ ਨੂੰ ਸ਼ਰਧਾਂਜਲੀ ਦੇਣਾ ਚਾਹੁੰਦੇ ਸੀ। ਉਹ ਸਮਰੱਥ ਗੁਰੂ ਜਿਸ ਨੇ ਸਾਡਾ ਜੀਵਨ ਬਦਲ ਦਿਤਾ ਸਾਨੂੰ ਸਭ ਕੁਛ ਦਿਤਾ।

ਇਕ ਵਾਰੀ ਫੇਰ ਸਾਰਾ ਕੰਮ ਕੈਂਸਲ ਕੀਤਾ, ਟਿਕਟ ਖਰੀਦੇ ਪਰ ਗੱਲ ਕੁਝ ਹੋਰ ਹੀ ਸੀ ਜਿਵੇਂ ਸਵਾਮੀ ਜੀ ਸਾਨੂੰ ਦੇਖਣਾ ਚਾਹੁੰਦੇ ਸੀ। ਅਸੀਂ ਉਡੀਕ ਕੀਤੀ ਸਾਨੂੰ ਵੀਜ਼ਾ ਨਹੀਂ ਮਿਲੇ। ਸਾਨੂੰ ਲੱਗੇ ਅਸੀਂ ਸਵਾਮੀ ਜੀ ਦੀ ਅੰਤੇਸ਼ਟੀ ਤੇ ਨਹੀਂ ਪਹੁੰਚ ਸਕਾਂਗੇ। ਮੈਂ ਸ਼ਿਕਾਗੋ ਵੀਜ਼ਾ ਲੈਣ ਗਿਆ ਤੇ ਜਾ ਕੇ ਭਾਰਤੀ ਅਫਸਰ ਨੂੰ ਜਗਾਇਆ। ਥਰੀਸਾ ਨੇ ਤੇ ਚਾਰਲਸ ਨੇ ਸਮਾਨ ਪੈਕ ਕਰਕੇ ਟੈਕਸੀ ਲੈ ਕੇ ਹਵਾਈ ਅੱਡੇ ਪਹੁੰਚੇ। ਮੈਂ ਮਿਨਾ ਪੋਲੀਸ ਦੇ ਅੱਡੇ ਤੇ ਦੋ ਘੰਟੇ ਪਹਿਲਾਂ ਪਹੁੰਚਿਆ ਤੇ ਭਾਰਤ ਦਾ ਜਹਾਜ਼ ਪਕੜ ਸਕਿਆ। ਅਸੀਂ ਜਰਮਨੀ ਗਏ ਉਥੋਂ ਭਾਰਤ ਦਾ ਜਹਾਜ਼ ਪਕੜਿਆ। ਸਾਡੇ ਲਈ ਰੋਟੀ ਨਹੀਂ ਬਹੁਤ ਤੇ ਹਰ ਪ੍ਰਕਾਰ ਦੀਆਂ ਔਕੜਾਂ ਆਈਆਂ। ਲਗ ਰਿਹਾ ਸੀ ਜਿਵੇਂ ਸਵਾਮੀ ਜੀ ਸਾਡਾ ਟੈਸਟ ਲੈ ਰਹੇ ਹਨ। ਅਸੀਂ ਹੌਲੈਂਡ ਪੁੱਜੇ ਉਥੋਂ ਫੇਰ ਜਰਮਨੀ ਆਏ। ਓਥੇ ਪਤਾ ਲੱਗਾ ਕਿ ਸਾਡਾ ਨਾਂ

ਭਾਰਤ ਜਾਣ ਲਈ ਨਹੀਂ ਹੈ। ਜਦੋਂ ਅਸੀਂ ਆਖਰੀ ਜਹਾਜ਼ ਲਈ ਖੜ੍ਹੇ ਹੋਏ ਫਰ ਪਤਾ ਲੱਗਾ ਕਿ ਸਾਡਾ ਨਾਂ ਨਹੀਂ ਹੈ।

ਇਹ ਇਕ ਘੁੰਮਣ ਘੇਰੀਆਂ ਹੀ ਬਣ ਗਿਆ ਸੀ। ਫੇਰ ਵੱਧ ਪੈਸੇ ਉਹ ਕੁਝ ਹੋ ਰਿਹਾ ਸੀ, ਜਿਹੜਾ ਅੱਗੇ ਕਦੇ ਨਹੀਂ ਹੋਇਆ ਪਰ ਅਸੀਂ ਸਾਡੇ ਡਟੇ ਰਹੇ, ਮੈਂ ਅਰਦਾਸ ਕੀਤੀ। ਜੋ ਵੀ ਹੋ ਰਿਹਾ ਹੈ ਮੈਂ ਚਿੰਤਾ ਨਹੀਂ ਕਰਾਂਗਾ। ਮੈਂ ਤਾਂ ਦੇਖਗਾ ਹੀ।

ਕੋਈ ਵੀ ਸਾਡਾ ਖਾਣੇ ਦਾ ਖਰਚਾ ਦੇਣ ਲਈ ਤਿਆਰ ਨਹੀਂ ਸੀ, ਅਸੀਂ ਰਹਿਣ ਦਾ ਖਾਣ ਦਾ ਇੰਤਜ਼ਾਮ ਆਪ ਹੀ ਕਰਨਾ ਸੀ। ਅਸੀਂ ਆਪਣਾ ਸਾਮਾਨ ਲੈਣ ਗਏ ਪਤਾ ਲੱਗਾ ਉਹ ਗੁਆਚ ਗਿਆ ਹੈ, ਡੇਢ ਘੰਟੇ ਬਾਅਦ ਸਾਮਾਨ ਮਿਲਿਆ। ਅਸੀਂ ਹੋਟਲ ਗਏ ਫੇਰ ਅਸੀਂ ਸਭ ਨੇ ਮਿਲ ਕੇ ਕਿਹਾ, ਸਵਾਮੀ ਜੀ ਅਸੀਂ ਤੁਹਾਡੇ ਦਰਸ਼ਨਾਂ ਲਈ ਆ ਰਹੇ ਹਾਂ, ਆਪ ਹੀ ਕ੍ਰਿਪਾ ਕਰੋ।

ਹੋਟਲ ਵਿਚ ਇਕ ਟੁੱਟਾ ਫੁਟਾ ਕਮਰਾ ਸੀ, ਸੌਣਾ ਵੀ ਔਖਾ ਸੀ। ਅਗਲੀ ਸਵੇਰ ਅਸੀਂ ਭਾਰਤ ਲਈ ਜਹਾਜ਼ ਪਕੜਿਆ ਤੇ ਸਵੇਰੇ 3.30 ਵਜੇ ਦਿੱਲੀ ਪਹੁੰਚੇ ਜਿਹੜੀ ਟੈਕਸੀ ਕੀਤੀ ਹੋਈ ਸੀ ਉਹ ਜਾ ਚੁੱਕੀ ਸੀ ਕਿਉਂਕਿ ਅਸੀਂ ਲੇਟ ਸੀ। ਅਸੀਂ ਦੂਸਰੀ ਟੈਕਸੀ ਕੀਤੀ ਫੇਰ ਅਸੀਂ ਚੱਲੇ, ਸਾਨੂੰ ਦੋਨਾਂ ਟੈਕਸੀਆਂ ਦੇ ਪੈਸੇ ਦੇਣੇ ਪਏ, ਇਸ ਸਾਰੇ ਕੁਝ ਨਾਲ ਸਾਡੇ ਦੁਖ ਵਿਚ ਕੁਝ ਵਾਧਾ ਹੋਇਆ ਕੁਝ ਸਾਡਾ ਧਿਆਨ ਦੂਸਰੇ ਪਾਸੇ ਗਿਆ।

ਅਸੀਂ ਆਸ਼ਰਮ ਪਹੁੰਚੇ ਸਭ ਕੁਝ ਉਦਾਸ ਮੁਰਝਾਇਆ ਹੋਇਆ, ਪ੍ਰੇਮ ਜੀ ਰੋਂਦੇ ਸਾਨੂੰ ਜੱਫੀ ਪਾ ਕੇ ਮਿਲੇ। ਕਮਲ ਨੇ ਘੁੱਟ ਕੇ ਜੱਫੀ ਪਾਈ। ਉਹ ਪੀਲੀ ਹੋਈ ਪਈ ਸੀ। ਅਸੀਂ ਬੈਠ ਕੇ ਸਭ ਕੁਝ ਸੁਣਿਆ ਜੋ ਜੋ ਹੋਇਆ ਮਾਰਚ ਵਿਚ ਪਤਾ ਲਗ ਗਿਆ ਸੀ ਕਿ ਸਵਾਮੀ ਜੀ ਨੂੰ ਕੈਂਸਰ ਹੈ। ਡਾਕਟਰ ਵਾਹ ਲਗਾਉਂਦੇ ਰਹੇ। ਸਾਰਾ ਸਰੀਰ ਹੀ ਵਿੰਨਿਆ ਗਿਆ ਸੀ। ਡਾਕਟਰਾਂ ਨੂੰ ਪਤਾ ਹੀ ਨਹੀਂ ਸੀ ਲਗ ਰਿਹਾ ਕਿਹੜਾ ਕੈਂਸਰ ਹੈ। ਮੈਨੂੰ ਯਾਦ ਆਇਆ ਸਵਾਮੀ ਜੀ ਕਹਿੰਦੇ ਸੀ ਸਮਝ ਨਹੀਂ ਆ ਰਹੀ ਕਿ ਆਮ ਬੰਦਿਆਂ ਨੂੰ ਕਿਉਂ ਕੈਂਸਰ ਹੋ ਰਿਹਾ ਹੈ ਇਹ ਤਾਂ ਸੰਤਾਂ ਮਹਾਤਮਾ ਦੀ ਬਿਮਾਰੀ ਹੈ।

ਰਾਤ ਬੀਤ ਗਈ ਤੇ ਮੇਰੀ ਪਰੇਸ਼ਾਨੀ ਉਦਾਸੀ ਅਜੇ ਉਸੇ ਤਰ੍ਹਾਂ ਹੀ ਸੀ। ਮੈਨੂੰ ਗੁੱਸਾ ਸੀ, ਮੈਂ ਉਦਾਸ ਸੀ, ਮੈਂ ਅਸ਼ਾਂਤ ਸੀ ਤੇ ਆਪਣੇ ਆਪ ਨੂੰ ਲਾਵਾਰਿਸ ਮਹਿਸੂਸ ਕਰ ਰਿਹਾ ਸੀ। ਮੈਂ ਥਰੀਸਾ ਤੇ ਚਾਰਲਸ ਨਾਲ ਗੱਲਬਾਤ ਸ਼ੁਰੂ ਕਰ ਦਿਤਾ। ਮੈਂ ਗੁੱਸੇ ਵਿਚ ਬੋਲੀ ਗਿਆ, ਬੋਲੀ ਗਿਆ ਨਾਲ ਮੇਰਾ ਰੋਣਾ ਨਾ ਬੰਦ ਹੋਵੇ, ਮੈਂ ਰੋਈ ਜਾਵਾਂ ਤੇ ਬੋਲੀ ਜਾਵਾਂ। ਮੈਂ ਉਨ੍ਹਾਂ ਨੂੰ ਸਰੀਰ ਨਹੀਂ ਸੀ ਛੱਡਣ ਦੇਣਾ ਚਾਹੁੰਦਾ। ਜੇ ਛੱਡਣਾ ਵੀ ਸੀ ਤੇ ਐਨੀ ਤਕਲੀਫ ਨਾਲ ਨਹੀਂ ਸੀ ਛੱਡਣ ਦੇਣਾ ਚਾਹੁੰਦਾ, ਪਰ ਮੈਂ ਕਰ ਕੀ ਸਕਦਾ ਸੀ, ਕੁਝ ਵੀ ਨਹੀਂ। ਹੌਲੀ ਹੌਲੀ ਮੇਰਾ ਰੋਣਾ ਬੰਦ ਹੋਇਆ, ਮੈਂ ਰੋ ਕੇ ਸਵਾਮੀ ਜੀ ਨੂੰ ਕਸ਼ਟ ਨਹੀਂ ਸੀ ਦੇਣਾ ਚਾਹੁੰਦਾ। ਇਹ ਸੋਚ ਕੇ ਸਰੀਰ ਛੱਡਣ ਨਾਲ ਸਵਾਮੀ ਜੀ ਦਾ ਦੁਖ ਵੀ ਛੁਟ ਗਿਆ ਹੈ। ਮੈਂ ਆਪਣੇ ਆਪ ਨੂੰ ਤਸੱਲੀ ਦਿਤੀ। ਮੈਂ ਆਪਣੇ ਆਪ ਨੂੰ ਕਿਹਾ ਉਨ੍ਹਾਂ ਦਾ ਸਰੀਰ ਚਲਾ ਗਿਆ ਹੈ, ਉਹ ਤਾਂ ਸਦਾ ਹੀ ਰਹਿਣਗੇ, ਮੇਰਾ ਮਨ ਬਾਰ-ਬਾਰ ਇਸ ਗੱਲ ਵਲ ਜਾਣ ਲਗ ਪਿਆ। ਮੈਂ ਸਾਰਿਆਂ ਤੋਂ ਮਾਫੀ ਮੰਗੀ ਕਿ ਮੈਂ ਇਸ ਤਰ੍ਹਾਂ ਹੋਇਆ ਪਰ ਮੈਂ ਜਾਣਦਾ ਸੀ ਕਿ ਉਹ ਸਾਰੇ ਵੀ ਅੰਦਰੋਂ ਕਿੰਨੇ ਅਸ਼ਾਂਤ ਹਨ, ਕਿੰਨੇ ਵੈਰਾਗ ਵਿਚ ਹਨ।

ਚਾਰਲਸ ਨੇ ਕੁਝ ਇਕ ਪੈਰ੍ਹੇ ਪੜ੍ਹ ਕੇ ਸੁਣਾਏ ਜਿਹੜੇ ਉਸ ਨੇ ਇਕ ਰਾਤ ਪਹਿਲੇ ਹੀ ਦੇਖੇ ਸੀ। ਉਸ ਵਿਚ ਲਿਖਿਆ ਸੀ ਕਿ ਜਦੋਂ ਕੋਈ ਯੋਗੀ ਆਪਣੇ ਆਪ ਨੂੰ ਅਗਨੀ ਭੇਟ ਕਰਦਾ ਹੈ ਉਸ ਤੋਂ ਭਾਵ ਹੁੰਦਾ ਹੈ ਕਿ ਉਹ ਫੇਰ ਜਨਮ ਲਵੇਗਾ ਅਸੀਂ ਸਾਰੇ ਚੁੱਪ ਕਰਕੇ ਬੈਠ ਗਏ ਤੇ ਇਕ ਦੂਸਰੇ ਦੇ ਮੂੰਹ ਵਲ ਦੇਖਦੇ ਰਹੇ।

ਦੁਪਹਿਰ ਦਾ ਖਾਣਾ ਖਾਣ ਤੋਂ ਬਾਅਦ ਕਮਲ ਸਾਡੇ ਕਮਰੇ ਵਿਚ ਆਈ ਤੇ ਸਾਨੂੰ ਇਕ ਤਰ੍ਹਾਂ ਨਾਲ ਹੁਕਮ ਕੀਤਾ ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਸਵਾਮੀ ਜੀ ਬੋਲ ਰਹੇ ਹੋਣ ਤੇ ਕਹਿਣ ਲੱਗੀ ਤੁਸੀਂ ਸਾਰੇ ਤਾੜਕੇਸ਼ਵਰ ਚੱਲੋ, ਤੁਸੀਂ ਸਭ ਨੇ ਹੁਣ ਹੀ ਜਾਣਾ ਹੈ।

ਸਵਾਮੀ ਜੀ ਹਮੇਸ਼ਾ ਹੀ ਤਾੜਕੇਸ਼ਵਰ ਬਾਰੇ ਬੜੇ ਹੀ ਅਦਬ ਨਾਲ ਗੱਲ ਕਰਿਆ ਕਰਦੇ ਸੀ। ਉਹ ਵੀ ਉਨ੍ਹਾਂ ਦਾ ਤਪ ਸਥਾਨ ਹੈ ਜਦੋਂ ਅਸੀਂ ਆਖਰੀ ਵਾਰੀ ਮਿਲੇ ਸੀ ਤਾਂ ਸਵਾਮੀ ਜੀ ਨੇ ਕਿਹਾ ਸੀ ਮੈਂ ਤੁਹਾਨੂੰ ਤਾੜਕੇਸ਼ਵਰ ਲੈ ਕੇ ਜਾਵਾਂਗਾ। ਮੈਂ ਆਪ ਤੁਹਾਡੇ ਨਾਲ ਉਥੇ ਜਾਣਾ ਚਾਹੁੰਦਾ ਹਾਂ।

ਅਸੀਂ ਛੇਤੀ-ਛੇਤੀ ਸਾਮਾਨ ਬੰਨ੍ਹਿਆ, ਅਸੀਂ ਆਪਣੇ ਸੌਣ ਦੇ ਬੈਗ ਚੁੱਕੇ, ਟੈਕਸੀ ਬੁਲਾਈ ਤੇ ਅਗਲੇ ਪੰਜ ਘੰਟਿਆਂ ਵਿਚ ਮੋੜ ਕਟਦੇ ਸੋਹਣੇ ਪਹਾੜਾਂ ਵਿਚੋਂ ਲੰਘਦੇ ਤਾੜਕੇਸ਼ਵਰ ਪਹੁੰਚ ਗਏ, ਤਿਤਲੀਆਂ ਸਾਡੀ ਟੈਕਸੀ ਦੇ ਉਪਰ ਘੁੰਮ ਰਹੀਆਂ ਸੀ ਜਦੋਂ ਅਸੀਂ ਉਥੇ ਪਹੁੰਚੇ ਜਿਵੇਂ ਅਨੰਦ ਆ ਗਿਆ ਹੋਵੇ, ਸਾਨੂੰ ਲਗ ਰਿਹਾ ਸੀ ਅਸੀਂ ਸਵਾਮੀ ਜੀ ਦੀ ਪਿਆਰੀ ਥਾਂ ਤੇ ਹਾਂ। ਇਹ ਤਾਂ ਸ਼ੁਰੂਵਾਤ ਸੀ।

(ਬਾਕੀ ਪੰਨਾ 51 ਤੇ)

# ਸੂਰਬੀਰ ਬਚਨ ਕੇ ਬਲੀ॥ ਕਉਲਾ ਬਪੁਰੀ ਸੰਤੀ ਛਲੀ॥

## ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ

**ਸੰਤ ਵਰਿਆਮ ਸਿੰਘ ਜੀ**
**ਬਾਨੀ ਮੁਖੀ ਵਿ. ਗੁ. ਰੂਹਾਨੀ ਮਿਸ਼ਨ।**

5 ਅਗਸਤ 1905 ਨੂੰ ਸੰਸਾਰ ਵਿਚ ਪਟਿਆਲਾ ਜ਼ਿਲਾ ਵਿਚ, ਪਿੰਡ ਆਲੋਵਾਲ, ਨੰਬਰਦਾਰ ਰਾਮ ਸਿੰਘ ਜੀ ਦੇ ਗ੍ਰਹਿ ਵਿਖੇ ਇਕ ਪ੍ਰਕਾਸ਼ਮਈ ਵਜੂਦ ਬਾਲ ਰੂਪ ਵਿਚ ਪ੍ਰਗਟ ਹੋਇਆ। ਸਮਾਂ ਲੰਘਦਾ ਗਿਆ, ਮੁੱਢਲੇ ਅੱਖਰਾਂ ਦੀ ਵਿਦਿਆ ਪਿੰਡ ਆਲੋਵਾਲ ਵਿਚ ਸੁਚੱਜੇ ਅਧਿਆਪਕਾਂ ਰਾਹੀਂ ਪ੍ਰਾਪਤ ਕੀਤੀ ਅਤੇ ਛੋਟੀ ਜਮਾਤ ਤੋਂ ਆਪ ਪਟਿਆਲਾ ਮਾਡਲ ਸਕੂਲ ਵਿਚ ਦਾਖਲ ਹੋਏ। ਉਥੇ ਆਪ ਨੂੰ ਟੀ. ਐਲ. ਬਿਸਵਾਨੀ ਜੋ ਸਿੰਧੀ ਮਹਾਤਮਾ ਸਨ, ਨਾਲ ਸੰਪਰਕ ਹੋਇਆ ਜਿਨ੍ਹਾਂ ਦੀ ਪ੍ਰੇਰਨਾ ਦੇ ਸਦਕੇ ਆਪ ਨੇ 'ਜਪੁਜੀ ਸਾਹਿਬ' ਦੋ ਤਿੰਨ ਦਿਨਾਂ ਵਿਚ ਹੀ ਯਾਦ ਕਰ ਲਿਆ। ਪਿਛਲੇ ਪੂਰਬਲੇ ਜਨਮਾਂ ਦੇ ਸੰਸਕਾਰ ਆਪ ਜੀ ਨੂੰ ਮਹਾਂਪੁਰਸ਼ਾਂ ਦੇ ਦਰਸ਼ਨਾਂ ਤੇ ਨੇੜਲੇ ਮਿਲਾਪ ਲਈ ਪ੍ਰੇਰਿਤ ਕਰਦੇ ਰਹਿੰਦੇ ਸਨ। ਉਸ ਸਮੇਂ ਦੇ ਮਹਾਨ ਬੀਤ ਰਾਗ ਉਚ ਕੋਟੀ ਦੇ ਮਹਾਂਪੁਰਸ਼ਾਂ, ਮਹਾਤਮਾ ਰਾਮ ਦਾਸ ਜੀ ਅਤੇ ਹਰਨਾਮ ਦਾਸ ਜੀ ਖੇੜੇ ਪਿੰਡ ਵਾਲੇ ਅਤੇ ਤ੍ਰਿਪੜੀ ਦੇ ਬਹੁਤ ਹੀ ਸੂਖਮ ਬਿਰਤੀ ਵਾਲੇ ਸੰਤ ਸੰਤੋਖ ਦਾਸ ਜੀ ਜੋ ਬਹੁਤ ਹੀ ਸਫਾਈ ਪਸੰਦ ਸਨ, ਨਾਲ ਬਹੁਤ ਨੇੜੇ ਦਾ ਸੰਪਰਕ ਹੋਇਆ। ਬਾਬਾ ਧਿਆਨਾ ਜੀ ਪੂਰਨ ਬ੍ਰਹਮਗਿਆਨੀ ਜੋ ਉਸ ਸਮੇਂ ਸਾਰੇ ਪਟਿਆਲੇ ਸ਼ਹਿਰ ਵਿਚ ਪ੍ਰਮ ਪੂਜ ਮਹਾਂਪੁਰਸ਼ ਸਨ, ਉਨ੍ਹਾਂ ਦੀ ਕ੍ਰਿਆ ਨੂੰ ਵੀ ਆਪ ਨੇ ਬਹੁਤ ਗਹੁ ਨਾਲ ਤੱਕਿਆ। ਮੋਤੀ ਬਾਗ ਦੇ ਪਿਛਲੇ ਪਾਸੇ ਸੁਧਾਸਰ ਸਰੋਵਰ ਬਹੁਤ ਹੀ ਇਕਾਂਤ ਸਥਾਨ ਤੇ ਸਥਿਤ ਸੀ, ਉਥੇ ਪ੍ਰਮ ਸੰਤ ਸੋਹਨਦਾਸ ਜੀ ਰਹਿੰਦੇ ਸਨ। ਉਨ੍ਹਾਂ ਨਾਲ ਆਪ ਦਾ ਬਹੁਤ ਹੀ ਨੇੜਤਾ ਦਾ ਸੰਪਰਕ ਪੈਦਾ ਹੋ ਗਿਆ। ਇਸ ਬਾਲਕ ਨੂੰ ਸੰਸਾਰ ਨੇ ਗੁਲਾਬ ਸਿੰਘ ਕਹਿ ਕੇ ਪੁਕਾਰਿਆ ਜੋ ਗੁਲਾਬ ਦੀ ਸੁੰਦਰਤਾ, ਮਧੁਰਤਾ, ਭੋਲੇਪਨ ਅਤੇ ਸੁਗੰਧੀ ਭਰਿਆ ਵਜੂਦ ਸਚਮੁੱਚ ਗੁਲਾਬ ਦਾ ਫੁੱਲ ਹੀ ਸੀ। ਜੋ ਇਕ ਵਾਰੀ ਦੇਖ ਲੈਂਦਾ ਉਹ ਇਸ ਦੇ ਮਿਕਨਾਤੀਸੀ ਖਿੱਚ ਵਾਲੇ ਰੂਹਾਨੀ ਪ੍ਰਭਾਵ ਵਾਲੇ ਨੇਤਰਾਂ ਦੀ ਝਾਲ ਨਾ ਝੱਲ ਸਕਦਾ। ਸਿੱਧੀ ਅੱਖ ਮਿਲਣ ਨਾਲ ਅੰਦਰ vibration ਪੈਦਾ ਹੋ ਜਾਂਦੀ ਅਤੇ ਵੇਖਣ ਵਾਲੇ ਦੇ ਹਿਰਦੇ ਵਿਚ ਆਪ ਮਲਕੜੇ ਜਿਹੇ ਵਸ ਜਾਇਆ ਕਰਦੇ ਸਨ। ਇਸੇ ਕਰਕੇ ਇਹ ਸਾਰੇ ਸਾਧੂ ਆਪ ਜੀ ਨਾਲ ਬਹੁਤ ਹੀ ਅਪਣੱਤ ਭਰਿਆ ਹਿਤ ਰੱਖਿਆ ਕਰਦੇ ਸਨ ਅਤੇ ਅੰਦਰੋਂ ਦਰਸ਼ਨਾਂ ਦੀ ਲੋਚਾ ਰੱਖਿਆ ਕਰਦੇ ਸਨ। ਮਹਾਤਮਾ ਟੀ. ਐਲ. ਬਿਸਵਾਨੀ ਦੇ ਮਿਲਣ ਨਾਲ ਉਨ੍ਹਾਂ ਦੇ ਬਚਨ ਸੁਣ ਕੇ ਅੰਦਰ ਰੂਹਾਨੀ ਸੂਝ ਜਾਗ ਗਈ। ਪਿਛਲੇ ਜਨਮ ਵਿਚ ਆਪ ਜੀ ਨੇ ਆਪਣਾ ਆਪਾ ਭਾਵ ਪੂਰੀ ਤਰ੍ਹਾਂ ਨਾਲ ਸਮਰੱਥ ਜੋਤ ਵਿਚ ਲੀਨ ਕਰਕੇ ਪ੍ਰਵਾਨ ਰੂਹਾਂ ਦੀ ਪਦਵੀ ਪ੍ਰਾਪਤ ਕੀਤੀ ਅਤੇ ਸੰਸਾਰ ਦੇ ਕਲਿਆਣ ਲਈ ਪ੍ਰਭੂ ਨੇ ਆਪ ਨੂੰ ਸੰਤ ਅਵਤਾਰ ਦੇ ਰੂਪ ਵਿਚ ਚੁਣਿਆ। ਕਹਿਣ ਵਾਸਤੇ ਕਿਹਾ ਜਾਂਦਾ ਹੈ ਕਿ ਆਪ ਨੇ ਜਨਮ ਧਾਰਨ ਕੀਤਾ ਪਰ ਰੂਹਾਨੀ ਅਨੁਭਵ ਦੇ ਪ੍ਰਕਾਸ਼ ਵਿਚ ਪ੍ਰਵੇਸ਼ ਕਰਨ ਲਈ ਰੂਪ ਧਾਰੇ ਹੋਏ ਹਨ ਜਿਸ ਦੇ ਸਿੱਟੇ ਵਜੋਂ ਬਾਬਾ ਬੀਰਮਦਾਸ ਜੀ ਬਦੌਸ਼ੀ ਵਾਲੇ, ਜਿਨ੍ਹਾਂ ਨੂੰ ਤ੍ਰਿਕਾਲਦਰਸ਼ੀ ਕਹਿ ਕੇ ਮੰਨਿਆਂ ਤੇ ਪੂਜਿਆ ਜਾਂਦਾ ਸੀ, ਨੇ ਇਕ ਸਮੇਂ ਇਸ ਗੁਲਾਬ ਦੇ ਫੁੱਲ ਦੀ ਸੁਗੰਧੀ ਲੈਂਦਿਆਂ ਮਸਤਕ ਦੇ ਲੇਖ ਪੜ੍ਹ ਕੇ ਫੁਰਮਾਇਆ, "ਰਾਮ ਸਿੰਘਾ! ਸੰਤ ਤਾਂ ਲੋਕ ਅਸਾਨੂੰ ਵੀ ਕਹਿੰਦੇ ਹਨ ਪਰ ਤੇਰੇ ਘਰ ਵਿਚ ਇਹ ਕੁਲਾਂ ਦਾ ਤੇ ਸੰਸਾਰ ਦਾ ਤਾਰਕ ਬਾਲਕ ਰੂਪ ਪ੍ਰਗਟਿਆ ਹੈ। ਇਸ ਦਾ ਨਾਮ ਵੀ ਤੂੰ ਗੁਲਾਬ ਸਿੰਘ ਰੱਖਿਆ ਹੈ ਪਰ ਇਹ ਗੁਲਾਬ ਕਿਸੇ ਦਿਨ ਆਪਣੀ ਹੋਂਦ ਦਾ ਅਭਾਵ ਕਰਕੇ ਕਿਸੇ ਸ਼ੁੱਧ ਅਤਰ ਵਿਚ ਲੀਨ ਹੋ ਕੇ ਸੰਸਾਰ ਵਿਚ ਸੁਗੰਧੀ ਖਿਲਾਰੇਗਾ। ਅਨੇਕਾਂ ਰੂਹਾਂ ਜੋ ਪ੍ਰਭੂ ਦੇ ਮਿਲਾਪ ਲਈ ਤਾਂਘਦੀਆਂ ਹਨ, ਇਸ ਦੇ ਦਰਸ਼ਨਾਂ ਤੇ ਬਚਨਾਂ ਨਾਲ ਆਪਣਾ ਮਾਰਗ ਰੌਸ਼ਨਾਅ ਕੇ (ਚਮਕਾ ਕੇ) ਆਪਣੇ ਧੇਅ ਦੀ ਪ੍ਰਾਪਤੀ ਕਰਨਗੀਆਂ, ਸੇਵਾ ਕਰਨਗੀਆਂ ਇਸਦੀ; ਇਹਨੂੰ ਪੁੱਤਰ ਕਰਕੇ ਨਾ ਜਾਣੀ, ਇਹ ਤੇਰੀਆਂ ਕੁਲਾਂ ਤਾਰਨ ਲਈ, ਤੇਰੀਆਂ ਕੁਲਾਂ ਦੇ ਪੁੰਨ ਕਰਮ ਕਰਕੇ ਤੇਰੇ ਗ੍ਰਹਿ ਵਿਚ ਪ੍ਰਗਟ ਹੋਇਆ ਹੈ।

ਆਪ ਜੀ ਪੜ੍ਹਾਈ ਸਮੇਂ ਤੋਪਖਾਨੇ ਦੇ ਨਾਮ ਰਸੀਏ ਫੌਜੀ ਸਿੰਘਾਂ ਦੇ ਨਾਲ ਪਿਆਰ ਵਸ ਹੋ ਕੇ ਲੀਨਤਾ ਵਿਚ ਬੇਸੁਧ ਹੋਏ ਆਪਣੇ ਮਨ ਦੀਆਂ ਹੂਕਾਂ, ਕੀਰਤਨੀ ਧਾਰਨਾਵਾਂ ਰਾਹੀਂ ਪ੍ਰਗਟ ਕਰਿਆ ਕਰਦੇ ਸਨ। ਸੱਤਵੀਂ ਜਮਾਤ ਵਿਚ ਆਪ ਦਾ ਪ੍ਰਭਾਵ ਉਚ ਕੋਟੀ ਦੇ ਜਗਿਆਸੂਆਂ ਵਿਚ ਪਿਆਰ ਸੁਗੰਧੀਆਂ ਦੀਆਂ ਖਿੱਚਾਂ ਪਾਉਣ ਲੱਗਿਆ। ਆਪ ਜੀ ਦੇ ਅੰਦਰ ਕੋਈ ਅਦਿੱਖ ਸ਼ਕਤੀ ਆਪ ਜੀ ਨੂੰ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਦੀ ਅਟੁੱਟ ਲਿਵਤਾਰ ਧੁਨ ਵਿਚ ਲੀਨ ਕਰ ਰਹੀ ਸੀ ਜਿਸਦੇ ਫਲਸਰੂਪ ਆਪ ਜੀ ਆਪਣੀ ਨਿੰਦਰਾ ਨੂੰ ਖੰਡਿਤ ਕਰਕੇ ਦੋ ਵਜੇ ਉਠ ਕੇ ਮਲਕੜੇ ਜਿਹੇ ਘਰ ਤੋਂ ਬਾਹਰ ਹੋ ਜਾਂਦੇ, ਘਰ ਦੀ ਰਾਖੀ ਵਾਲੇ ਚੌਕੀਦਾਰ ਦਰਵਾਜ਼ੇ ਬੰਦ ਕਰ ਲੈਂਦੇ। ਇਹ ਛੋਟਾ ਜਿਹਾ ਕਲਜੁੱਗ ਵਿਚ ਪ੍ਰਗਟ ਧਰੂੰ ਵਜੂਦ ਹਨ੍ਹੇਰਿਆਂ, ਸੁੰਨ-ਸਾਨਾਂ ਤੇ ਚੁੱਪ ਜੰਗਲ ਦੀ ਪ੍ਰਵਾਹ ਨਾ ਕਰਦਾ ਹੋਇਆ ਸੁਧਾਸਰ ਸਰੋਵਰ ਤੇ ਜਾ ਕੇ ਇਸ਼ਨਾਨ ਕਰਦਾ ਅਤੇ ਪੂਰਨ ਯੋਗੀਆਂ ਵਾਂਗੂੰ ਰੀੜ੍ਹ ਦੀ ਹੱਡੀ ਨੂੰ 90 ਦਰਜੇ ਤੇ ਸਿੱਧਾ ਕਰਕੇ ਪਦਮ

ਆਸਣ ਬੈਠ ਕੇ ਸ਼ਬਦ ਧੁਨ ਵਿਚ ਲੀਨ ਹੋ ਜਾਂਦਾ ਅਤੇ ਪਿਛਲੇ ਜਨਮਾਂ ਵਿਚ ਪ੍ਰਾਪਤ ਹੋਏ ਰੂਹਾਨੀ ਮਾਰਗ ਦੇ ਪੈਰ ਚਿਤਰਾਂ ਉਤੇ ਚਲ ਕੇ, ਅਨਹਦ ਸ਼ਬਦ ਮੰਡਲ ਪਾਰ ਕਰਕੇ ਪ੍ਰਕਾਸ਼ ਦੀ ਦੁਨੀਆਂ ਵਿਚ ਲੀਨ ਹੋ ਜਾਂਦਾ ਅਤੇ ਪੂਰੇ ਪੰਜ ਘੰਟੇ ਉਥੇ ਬੈਠ ਕੇ ਇਕ ਅਗੰਮੀ ਤੇ ਅਕਹਿ ਰਸ ਦੇ ਫੁਹਾਰਿਆਂ ਵਿਚ ਮਖਮੂਰ ਹੋ ਜਾਂਦਾ। ਸੰਤ ਸੋਹਨ ਦਾਸ ਜੀ ਇਸ ਬਾਲ ਯੋਗੀ ਦੀ ਘਾਲ ਕਮਾਈ ਨੂੰ ਤੱਕ ਕੇ ਅੰਦਰ ਹੀ ਅੰਦਰ ਪ੍ਰਭੂ ਦਾ ਸ਼ੁਕਰ ਕਰਦੇ ਅਤੇ ਅਰਦਾਸ ਕਰਦੇ ਕਿ ਹੇ ਪ੍ਰਭੂ! ਇਸ ਬਾਲ ਯੋਗੀ ਨੂੰ ਆਪਣੇ ਨਾਲ ਜੋੜ ਕੇ ਰੱਖੀਂ ਤੇ ਤੇਰੀ ਮਾਇਆ ਦੀਆਂ ਪ੍ਰਬਲ ਥਪੇੜਾਂ ਤੋਂ ਇਹ ਬਚਿਆ ਰਹੇ।

ਸੰਤ ਮਹਾਰਾਜ ਜੀ ਇਕ ਵਾਰੀ ਮੇਰੇ ਬਹੁਤ ਜ਼ੋਰ ਦੇ ਕੇ ਪੁੱਛਣ ਤੇ ਦਸਦੇ ਸਨ ਕਿ ਅਸੀਂ ਸਤਿਸੰਗ ਵਿਚ ਸਹਿਸਾਥੀਆਂ ਤੋਂ ਸੁਣਿਆ ਸੀ ਕਿ ਜਿਸਦੀ ਤਿੰਨ ਘੰਟੇ ਅਖੰਡ ਸਮਾਧੀ ਲਗ ਜਾਵੇ, ਉਸ ਲਈ ਸੰਤ ਪਦਵੀ ਤੇ ਪੁੱਜਣਾ ਆਸਾਨ ਹੋ ਜਾਂਦਾ ਹੈ। ਅਸੀਂ ਪੂਰੇ ਪੰਜ ਘੰਟੇ ਅਫੁਰ ਅਵਸਥਾ ਵਿਚ ਬੈਠਦੇ ਸਾਂ ਅਤੇ ਅਗੰਮੀ ਸ਼ਕਤੀਆਂ ਅਸਾਨੂੰ ਇਕ ਪ੍ਰਕਾਸ਼ਮਈ ਫੁੱਲ ਉਪਰ ਬਿਠਾ ਦਿੰਦੀਆਂ। ਉਹ ਫੁੱਲ ਪਾਣੀ ਵਿਚ ਇਉਂ ਤਰਦਾ ਸੀ ਜਿਵੇਂ ਸੰਸਾਰ ਦੀ ਉਤਪਤੀ ਤੋਂ ਪਹਿਲਾਂ ਬ੍ਰਹਮਾ ਕਮਲ ਫੁੱਲ ਵਿਚੋਂ ਪ੍ਰਗਟ ਹੋ ਕੇ ਉਸ ਉਪਰ ਬੈਠਾ ਆਪਣੇ ਆਪ ਨੂੰ ਦੇਖਦਾ ਹੁੰਦਾ ਸੀ। ਆਪ ਨੇ ਫੁਰਮਾਇਆ ਕਿ ਇਸੇ ਸਮੇਂ ਵਿਚ ਅਸਾਨੂੰ ਗੁਰਬਾਣੀ ਦੇ ਪਾਠ ਦੀ ਲਗਨ ਲੱਗ ਗਈ ਅਤੇ ਪੰਜ ਘੰਟਿਆਂ ਵਿਚ ਅਸੀਂ ਸੁਰਤ ਦੀ ਪੂਰੀ ਤੇਜ਼ੀ ਨਾਲ 25 ਪਾਠ ਸੁਖਮਨੀ ਸਾਹਿਬ ਜੀ ਦੇ ਅਖੰਡ ਰੂਪ ਵਿਚ ਅੰਦਰੋਂ ਹੀ ਸਰਵਣ ਕਰ ਲਿਆ ਕਰਦੇ ਸਾਂ। ਸਕੂਲ ਵਿਚ ਆਪ ਦਾ ਵਜੂਦ ਆਪ ਦੇ class fellows ਨਾਲ ਖਿੱਚ ਦਾ ਵਿਸ਼ਾ ਸੀ। ਹਰ ਇਕ ਵਿਦਿਆਰਥੀ ਅੰਦਰੋਂ ਆਪ ਦਾ ਮਾਣ ਕਰਦਾ ਅਤੇ ਮਿੱਤਰ ਬਣਨ ਦੀ ਲੋਚਾ ਮਨ ਵਿਚ ਰਖਦਾ। ਆਪ ਸਾਰਿਆਂ ਨੂੰ ਪਿਆਰੇ ਸਨ ਅਤੇ ਪਿਆਰ ਦੀ ਖਿੱਚ ਵਿਚ ਹੀ ਜਿਉਂ ਰਹੇ ਸਨ।

1923 ਅਗਸਤ ਦੀਆਂ ਛੁਟੀਆਂ ਹੋਈਆਂ, ਆਪ ਜੀ ਦੀ ਆਤਮਕ ਪ੍ਰਾਲਬਧ ਨੇ ਉਛਾਲਾ ਮਾਰਿਆ। ਆਪ ਭਾਈ ਹੀਰਾ ਸਿੰਘ ਜੀ ਨੂੰ ਨਾਲ ਲੈ ਕੇ ਲੁਧਿਆਣੇ ਹੁੰਦੇ ਹੋਏ ਰੇਰੂ ਸਾਹਿਬ (ਰਾਮਪੁਰ) ਪਹੁੰਚ ਗਏ। ਸੰਤ ਅਤਰ ਸਿੰਘ ਜੀ ਪੂਰਨ ਬ੍ਰਹਮਗਿਆਨ ਅਤੇ ਸੇਵਾ ਦੇ ਵਜੂਦ ਨੇ ਪਹਿਲੀ ਨਿਗ੍ਹਾ ਵਿਚ ਹੀ ਹੀਰੇ ਦੀ ਪਹਿਚਾਣ ਕਰ ਲਈ। ਭੂਤ, ਭਵਿੱਖਤ, ਵਰਤਮਾਨ ਪੂਰਨ ਗਿਆਨ ਦੇ ਦਾਤੇ ਨੇ ਪਹਿਲੀ ਨਿਗ੍ਹਾ ਵਿਚ ਹੀ ਪਛਾਣ ਲਿਆ ਕਿ ਗੁਰੂ ਦਸ਼ਮੇਸ਼ ਪਿਤਾ ਜੀ ਵਲੋਂ ਭਾਈ ਦਇਆ ਸਿੰਘ ਜੀ ਨੂੰ ਬਖਸ਼ੀ ਬ੍ਰਹਮਗਿਆਨੀ ਅਤੇ ਸ਼ਕਤੀਆਂ ਦੇ ਭੰਡਾਰ ਨੂੰ ਸੰਭਾਲਣ ਵਾਲਾ ਆਪ ਹੀ ਪਹੁੰਚ ਗਿਆ ਹੈ। ਇਹ ਦਾਤ ਗੁਰੂ ਦਸ਼ਮੇਸ਼ ਜੀ ਵਲੋਂ ਭਾਈ ਦਇਆ ਸਿੰਘ ਜੀ ਨੂੰ ਪ੍ਰਾਪਤ ਹੋਈ, ਆਪ ਜੀ ਨੇ ਬਾਬਾ ਸੋਭਾ ਸਿੰਘ ਜੀ ਨੂੰ, ਉਨ੍ਹਾਂ ਨੇ ਬਾਬਾ ਸਾਹਿਬ ਸਿੰਘ ਜੀ ਨੂੰ, ਬੇਦੀ ਕੁਲ ਦੇ ਮਹਾਂਪੁਰਸ਼ਾਂ ਨੂੰ ਦਿਤੀ ਜਿਨ੍ਹਾਂ ਨੇ ਇਹ ਅਮੁੱਲ ਦਾਤ ਬਾਬਾ ਭਾਗ ਸਿੰਘ ਜੀ ਦੇ ਹਵਾਲੇ ਕੀਤੀ ਜਿਨ੍ਹਾਂ ਤੋਂ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੂੰ ਪ੍ਰਾਪਤ ਹੋਈ। ਉਨ੍ਹਾਂ ਤੋਂ ਮਹਾਨ ਆਪਾ ਵਾਰੂ ਜ਼ਿੰਦਾ ਸ਼ਹੀਦ ਬਾਬਾ ਮਹਾਰਾਜ ਸਿੰਘ ਜੀ ਤੇ ਫੇਰ ਬਾਬਾ ਰਾਮ ਸਿੰਘ ਜੀ ਵਿਰੱਕਤ ਰਾਹੀਂ ਹੁੰਦੀ ਹੋਈ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ, ਜਿਨ੍ਹਾਂ ਤੋਂ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਜੀ ਪਾਸ ਸੁਰਖਸ਼ਿਤ ਹੋਈ। ਇਸ ਮਹਾਨ ਦਾਤ ਨੂੰ ਪ੍ਰਾਪਤ ਕਰਨ ਵਾਲੇ ਇਕ ਵਿਦਿਆਰਥੀ ਦੇ ਰੂਪ ਵਿਚ ਵਿਚਰ ਰਹੇ ਪ੍ਰਮ ਸ੍ਰੇਸ਼ਟ ਗੁਲਾਬ ਸਿੰਘ ਜੀ ਪਾਸ ਪਹੁੰਚਣ ਦਾ ਸਮਾਂ ਦ੍ਰਿਸ਼ਟੀਗੋਚਰੇ ਹੋਇਆ।

ਸੰਤ ਮਹਾਰਾਜ ਜੀ ਨੇ ਆਪ ਨੂੰ ਅੰਮ੍ਰਿਤ ਛਕਾ ਕੇ ਇਸ ਮਹਾਨ ਦਾਤ ਨੂੰ ਸੰਭਾਲਣ ਦੇ ਕਾਬਲ ਬਣਾਉਣ ਲਈ ਆਪਣੇ ਚਰਨਾਂ ਵਿਚ ਨਿਵਾਸ ਦਿਤਾ। ਪੰਜ ਪਿਆਰਿਆਂ ਰਾਹੀਂ ਵਾਹਿਗੁਰੂ ਮੰਤ੍ਰ ਦੀ ਦਾਤ ਗੁਲਾਬ ਸਿੰਘ ਜੀ ਨੂੰ ਦੇ ਕੇ ਈਸ਼ਰ ਸਿੰਘ ਬਣਾ ਦਿਤਾ। ਵਾਹਿਗੁਰੂ ਮੰਤ੍ਰ ਦੀ ਦਾਤ ਪੰਜ ਪਿਆਰਿਆਂ ਤੋਂ ਮਿਲਦੇ ਸਾਰ ਇਸ ਮੰਤ੍ਰ ਦੀ ਧੁਨ ਆਪ ਦੇ ਰੋਮ-ਰੋਮ ਵਿਚ ਸਮਾ ਗਈ। ਉਸ ਵੇਲੇ ਸੰਖੇਪ ਉਪਦੇਸ਼ ਸੰਤ ਮਹਾਰਾਜ ਅਤਰ ਸਿੰਘ ਜੀ ਨੇ ਆਪ ਨੂੰ ਦਿੰਦਿਆਂ ਫੁਰਮਾਇਆ ਕਿ ਵਾਹਿਗੁਰੂ ਜੀ ਦੀ ਜੋਤ ਵਿਚੋਂ ਜਾਗ੍ਰਤ ਦੀਆਂ ਅਨੇਕ-ਅਨੇਕ ਕਿਰਨਾਂ ਦੇ ਰੂਪ ਵਿਚ ਹੋਸ਼ ਨੇ ਮਾਇਆ ਨਾਲ ਸੰਪਰਕ ਪੈਦਾ ਕੀਤਾ। ਮਾਇਆ ਨਾਲ ਛੂੰਹਦਿਆਂ ਹੀ ਇਕ ਵੱਖਰੇ ਕਿਸਮ ਦਾ ਅਨੰਦ ਅਨੁਭਵ ਕੀਤਾ। ਉਸ ਅਨੰਦ ਦਾ ਪ੍ਰਭਾਵ ਲੈਂਪ ਉਪਰ ਚੜ੍ਹਾਏ ਗਲੋਬ ਵਾਂਗੂੰ ਇਸ ਪ੍ਰਮ ਅੰਸ ਉਪਰ ਪਿਆ ਅਤੇ ਇਸਨੂੰ ਅਨੰਦ ਦਾ ਸਰਕਲ ਬਣਾ ਕੇ ਘੇਰੇ ਵਿਚ ਲੈ ਲਿਆ। ਇਹ ਮਾਇਆ ਦਾ ਪਹਿਲਾ ਕਰਿਸ਼ਮਾ ਸੀ ਜਿਥੋਂ ਚੇਤਨ ਅੰਸ ਆਪਣੇ ਅਸਲੇ ਨਾਲੋਂ ਭੁੱਲ ਕੇ ਜੀਵ ਦੀ ਉਪਾਧੀ ਧਾਰ ਕੇ ਜੀਵ ਆਤਮਾ ਬਣ ਗਈ। ਇਹ ਸੁਰਤ ਹਉਮੈ ਦੇ ਘੇਰੇ ਦੀ ਪਹਿਲੀ ਵਲਗਣ ਵਿਚ ਘਿਰ ਗਈ ਅਤੇ ਆਪਣੇ ਆਪ ਨੂੰ ਸਮੁੱਚਤਾ ਨਾਲੋਂ ਵੱਖ ਵੇਖਿਆ। ਸਿਆਣਿਆਂ ਅਨੁਭਵੀਆਂ ਨੇ ਇਸ ਅਵਸਥਾ ਦਾ ਨਾਮ 'ਅਨੰਦਮਯ ਕੋਸ਼' ਰੱਖ ਦਿਤਾ। ਪ੍ਰਕ੍ਰਿਤੀ ਦਾ ਹੋਰ ਧੱਕਾ ਲੱਗਿਆ, ਇਹ ਜੀਵ ਆਤਮਾ ਇਸ ਕੋਸ਼ ਸਮੇਤ ਇਕ ਹੋਰ ਵੱਡੇ ਗਲੋਬ ਦੇ ਘੇਰੇ ਵਿਚ ਸੀਮਤ ਹੋ ਗਿਆ। ਜਿਥੋਂ ਇਸ ਅਵਸਥਾ ਵਿਚ ਬੁੱਧੀ ਵਰਗੀ ਦਸ਼ਾ ਦੀ ਪ੍ਰਾਪਤੀ ਹੋਈ। ਇਹ ਬੁੱਧੀ ਦਾ ਮੰਡਲ ਕਹਾਇਆ ਅਤੇ

ਆਤਮਾ ਤੋਂ ਵੱਖ ਹੋ ਕੇ ਹੋਰ ਹੇਠਾਂ ਆ ਕੇ ਆਪਣੇ ਅਸਲੇ ਨੂੰ ਪੂਰੀ ਤਰ੍ਹਾਂ ਭੁੱਲ ਕੇ ਵਿਗਿਆਨਮਯ ਕੋਸ਼ ਵਿਚ ਸੀਮਤ ਹੋ ਗਈ। ਹੁਣ ਇਹ ਜਾਗ੍ਰਤ ਅਵਿਅਕਤ ਖਿਆਲੀ ਆਕਾਰ ਹੋਰ ਹੇਠਾਂ ਧੱਕਿਆ ਗਿਆ ਜਿਥੇ ਅਨੇਕ ਤਰ੍ਹਾਂ ਦੇ ਫੁਰਨੇ ਇਸ ਦੇ ਅੰਦਰ ਲਗਾਤਾਰ ਵਿਚਰਨੇ ਸ਼ੁਰੂ ਹੋਏ। ਇਹ ਸੁਰਤ ਪੂਰੀ ਤਰ੍ਹਾਂ ਨਾਲ ਭੁੱਲ ਗਈ ਕਿ ਮੈਂ ਕੀ ਸਾਂ, ਤੇ ਕੀ ਹੋ ਗਈ? ਇਸ ਅਗਿਆਨ ਦੇ ਮੰਡਲ ਵਿਚ, ਫੁਰਨਿਆਂ ਵਿਚ ਪ੍ਰਵਿਰਤ ਹੋ ਗਈ। ਬੇਅੰਤ ਫੁਰਨੇ ਕੁਝ ਬਣ ਜਾਣ ਦੇ ਉਠਣੇ ਸ਼ੁਰੂ ਹੋਏ, ਹੋਰ ਧੱਕਾ ਲੱਗਿਆ ਅਤੇ ਇਹ ਪ੍ਰਾਣ ਮੰਡਲ ਵਿਚ ਪ੍ਰਵੇਸ਼ ਕਰਕੇ ਆਪਣੇ ਅਸਲੇ ਤੋਂ ਬਹੁਤ ਦੂਰ ਪਹੁੰਚ ਗਈ। ਇਹ ਸਨ ਮਨੋਮਈ ਅਤੇ ਪ੍ਰਾਣਮਈ ਪਰਦਿਆਂ ਦੇ ਘੇਰੇ, ਜਿਨ੍ਹਾਂ ਵਿਚ ਇਹ ਸੁਰਤ ਪੂਰੀ ਤਰ੍ਹਾਂ ਨਾਲ ਭੁੱਲ ਗਈ ਕਿ ਮੈਂ ਕੀ ਹਾਂ? ਪ੍ਰਕ੍ਰਿਤੀ ਨੇ ਹੋਰ ਧੱਕਾ ਮਾਰਿਆ ਇਹ ਪੰਜਾਂ ਤੱਤਾਂ ਦੇ ਅਕਾਰ ਵਿਚ ਆਪਣੇ ਆਪ ਨੂੰ ਦੇਖਣ ਲੱਗੀ ਅਤੇ ਇਹ ਅਤਿ ਸੂਖਸ਼ਮ ਜੋਤ ਆਪਣੇ ਆਪ ਨੂੰ ਸਰੀਰਧਾਰੀ ਸਮਝਣ ਲੱਗੀ ਅਤੇ ਅਗਿਆਨ ਦੇ ਘੁੱਪ ਹਨ੍ਹੇਰ ਵਿਚ ਇਹ ਜੀਵ ਜੋਤ ਫਸ ਗਈ। ਸਮੁੱਚਤਾ ਤੋਂ ਟੁੱਟ ਕੇ ਇਕ ਇਕਾਈ ਦੇ ਰੂਪ ਵਿਚ ਆਪਣੇ ਆਪ ਨੂੰ ਸਮਝ ਕੇ ਸੁਖ-ਦੁਖ ਭੋਗਦੀ ਰਹੀ, ਕਰਮਾਂ ਦੇ ਵਸ ਹੋ ਕੇ ਅਨੇਕ ਕਿਸਮ ਦੀਆਂ ਸਜਾਵਾਂ ਭੁਗਤੀਆਂ, ਸਵਰਗਾਂ ਦੇ ਵਾਸੇ ਕੀਤੇ, ਨਰਕਾਂ ਦੀਆਂ ਅਗਨੀਆਂ ਦਾ ਸੇਕ ਸਹਿ ਕੇ ਵਿਰਲਾਪ ਕਰਦੀ ਰਹੀ। ਮਹਾਂਪੁਰਸ਼ਾਂ ਨੇ ਆ ਕੇ ਆਵਾਜ਼-ਏ-ਹੱਕ ਉਚੀ ਕੀਤੀ ਅਤੇ ਇਸਨੂੰ ਕਿਹਾ ਕਿ ਤੂੰ ਇਹ ਮਿੱਟੀ ਨਹੀਂ, ਇਹ ਪ੍ਰਾਣ ਸ਼ਕਤੀ ਨਹੀਂ, ਪੰਜਾਂ ਤੱਤਾਂ ਵਿਚੋਂ ਕੋਈ ਤੱਤ ਨਹੀਂ ਅਤੇ ਨਾ ਹੀ ਫੁਰਨੇ ਕਰਨ ਵਾਲਾ ਮਨ ਹੈਂ, ਨਾ ਹੀ ਬੁੱਧੀ ਹੈਂ, ਨਾ ਹੀ ਚਿੱਤ ਹੈਂ; ਜੋ ਕੁਝ ਤੂੰ ਆਪਣੇ ਆਪ ਨੂੰ ਵਖਰੀ ਹਸਤੀ ਸਮਝ ਕੇ ਆਪਣਾ ਚੌਗਿਰਦਾ ਚਿਤਵਿਆ ਹੈ, ਇਹ ਚਿਤਵਨੀ ਕਰਨ ਵਾਲੀ ਭੀ ਤੂੰ ਨਹੀਂ। ਤੂੰ ਜੀਵ ਨਹੀਂ, ਜੋ ਤੂੰ ਇਹ ਆਪਣੇ ਆਪ ਨੂੰ ਵੱਖਰਾ ਸਮਝਦੀ ਹੈਂ, ਉਹ ਵੀ ਨਹੀਂ। ਤੂੰ ਅਖੰਡ ਸੱਤਾ ਹੈਂ, ਅਗੰਮ ਹੈਂ, ਅਗੋਚਰ ਹੈਂ, ਅਥਾਹ ਹੈਂ, ਬੇਲੋੜ ਹੈਂ, ਅਵਿਅਕਤ ਹੈਂ, ਤੇਰੀ ਹੋਂਦ ਵਖਰੀ ਨਹੀਂ; ਤੂੰ ਇਸ ਸਮੁੱਚੇ ਸਾਕਾਰ ਜਗਤ ਦਾ ਆਪਾ ਹੈਂ, ਤੂੰ ਸਭ ਕੁਝ ਹੈਂ, ਆਪਣੇ ਆਪ ਨੂੰ ਸਮਝਣ ਦਾ ਜਤਨ ਕਰ-

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***

***ਅੰਗ - 441***

***ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ॥***
***ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ॥***

***ਅੰਗ - 1375***

ਮਾਇਆ ਦੇ ਅਸਰ ਨੇ ਤੈਨੂੰ ਪੰਜ ਤੱਤ ਦਾ ਰੂਪ ਦੇ ਕੇ ਵੱਖਰਾ ਬਣਾ ਦਿਤਾ। ਤੇਰੀ ਹਾਲਤ ਇਹ ਹੋ ਗਈ ਕਿ ਤੂੰ ਆਪਣੇ ਪ੍ਰਿਅ ਆਪੇ ਨਾਲੋਂ ਵਿਛੜ ਕੇ ਭੱਠ ਦੀ ਸੁਆਹ ਵਰਗੀ ਹੋ ਗਈ ਹੈਂ -

***ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ॥***
***ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ॥***

***ਅੰਗ - 1375***

ਪ੍ਰਿਅ ਜੋਤ ਦੇ ਮਿਲਾਪ ਤੋਂ ਬਿਨਾਂ ਤੇਰੀ ਹਾਲਤ ਭੱਠ ਦੀ ਸੁਆਹ ਵਰਗੀ ਹੋਈ ਪਈ ਹੈ। ਪੂਰਨ ਮਹਾਂਪੁਰਸ਼ ਦੇ ਮਿਲਾਪ ਤੋਂ ਬਿਨਾਂ ਤੂੰ ਆਪਣੀ ਅਸਲੀ ਹੋਂਦ ਵਿਚ ਪ੍ਰਵੇਸ਼ ਨਹੀਂ ਕਰ ਸਕਦਾ।



ਸੱਚਖੰਡਵਾਸੀ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ

ਸੋ ਇਸ ਤਰ੍ਹਾਂ ਮਹਾਂਪੁਰਸ਼ ਕਹਿਣ ਲੱਗੇ ਕਿ ਭਾਈ ਈਸ਼ਰ ਸਿੰਘ ਜੀ! ਤੁਸੀਂ ਆਪਣੀ ਪੂਰਬਲੀ ਕਿਰਤ ਕਮਾਈ ਦੇ ਸੰਜੋਗ ਕਾਰਨ ਅੱਜ ਉਸ ਆਤਮਕ ਮੰਡਲ ਦੀ ਸਾਕਾਰਤਾ ਦੇ ਸਰਕਲ ਵਿਚ ਪ੍ਰਵੇਸ਼ ਕਰ ਗਏ ਹੋਂ ਜਿਥੇ ਸਤਿ ਰੂਪ ਮਹਾਨ ਬਚਨਾਂ ਨੂੰ ਕਮਾ ਕੇ ਤੁਸੀਂ ਸਚਮੁੱਚ ਈਸ਼੍ਵਰ ਪਦਵੀ ਤੋਂ ਵੀ ਉਪਰ ਲੰਘ ਸਕਦੇ ਹੋਂ। ਤੁਹਾਨੂੰ ਅਸੀਂ ਦੱਸਦੇ ਹਾਂ ਕਿ ਵਾਹਿਗੁਰੂ ਜੀ ਨੇ ਸੰਸਾਰ ਦੇ ਜੀਵਾਂ ਦੀ ਕਲਿਆਣ ਲਈ ਮਹਾਂਪੁਰਸ਼ਾਂ ਨੂੰ ਸੋਝੀ ਦਿਤੀ ਹੈ ਜਿਨ੍ਹਾਂ ਪਾਸ ਉਸ ਸੱਚੇ ਦਰ ਦੀਆਂ ਚਾਬੀਆਂ ਸੁਰਖਸ਼ਿਤ ਹੁੰਦੀਆਂ ਹਨ। ਉਸ ਪ੍ਰਭੂ ਨੇ ਤਾਲਾ ਲਾ ਰੱਖਿਆ ਹੈ ਅਤੇ ਕੁਵਾੜ ਬਹੁਤ ਹੀ ਸਖਤ ਹਨ

ਜੋ ਭੰਨੇ-ਤੋੜੇ ਨਹੀਂ ਜਾ ਸਕਦੇ, ਕੇਵਲ ਮੰਤ੍ਰ ਦੇ ਜਾਪ ਦੀ ਸ਼ਕਤੀ ਨਾਲ ਹੀ ਖੁਲ੍ਹਦੇ ਹਨ। ਇਹ ਮੰਤ੍ਰ ਓਹੀ ਹੈ ਜੋ ਤੁਹਾਨੂੰ ਅੰਮ੍ਰਿਤ ਛਕਾਉਣ ਵੇਲੇ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੀ ਦੇ ਤਾਬਿਆ ਗੁਰਮਤਿ ਮਰਿਆਦਾ ਅਨੁਸਾਰ ਅਤੇ ਆਪਣੇ ਪੂਰਵਜ ਮਹਾਂਪੁਰਸ਼ਾਂ ਦੀ ਮਰਿਆਦਾ ਦਾ ਪਾਲਣ ਕਰਦਿਆਂ ਤੁਹਾਨੂੰ ਪ੍ਰਾਪਤ ਹੋਇਆ। ਇਸ ਦਾ ਰੂਪ 'ਵਾਹਿਗੁਰੂ' ਹੈ। ਇਹ 'ਵਾਹਿਗੁਰੂ' ਮੰਤ੍ਰ ਹੈ। ਇਸ ਦੇ ਜਾਪ ਕਰਨ ਨਾਲ ਤੁਸੀਂ ਜਿਥੋਂ ਵਿਛੜ ਕੇ ਅਨੇਕ ਜੂਨਾਂ ਜਨਮਾਂ ਵਿਚੋਂ ਹੁੰਦੇ ਹੋਏ ਮਨੁੱਖ ਜਾਮੇ ਵਿਚ ਪਹੁੰਚੇ ਹੋਂ, ਉਥੋਂ ਚੁੱਕ ਕੇ ਅਕਾਲ ਮੰਡਲ ਵਿਚ ਪ੍ਰਵੇਸ਼ ਕਰਾਉਣ ਨੂੰ ਸਮਰੱਥ ਹੈ। ਇਸ ਮੰਤ੍ਰ ਨੂੰ 'ਗੁਰਮੰਤ੍ਰ' ਆਖਿਆ ਜਾਂਦਾ ਹੈ ਜਿਸਦੀ ਪ੍ਰਾਪਤੀ ਤੋਂ ਬਿਨਾਂ ਮਨੁੱਖ ਪਸ਼ੂਆਂ ਦੇ ਤੁਲ ਹੀ ਰਹਿੰਦਾ ਹੈ ਭਾਵੇਂ ਕਿੰਨਾਂ ਹੀ ਪੜ੍ਹਿਆ ਹੈ, ਭਾਵੇਂ ਕਿੰਨੀ ਹੀ ਉਸ ਪਾਸ ਵਿਦਿਆ ਹੋਵੇ ਪਰ ਗੁਰੂ ਦੇ ਮੰਤ੍ਰ ਤੋਂ ਬਿਨਾਂ ਜਨਮ ਧਿਰਕਾਰ ਯੋਗ ਹੀ ਹੁੰਦਾ ਹੈ -

***ਗੁਰ ਮੰਤ੍ਰ ਹੀਣਸ ਜੋ ਪ੍ਰਾਣੀ***
***ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ***
***ਕਾਕਹ ਸਰਪਨਹ ਤੁਲਿ***
***ਖਲਹ॥ ਅੰਗ 1357***

ਸੋ ਮੰਤ੍ਰ ਤਾਂ ਆਪ ਨੂੰ ਪ੍ਰਾਪਤ ਹੋ ਗਿਆ। ਇਸ ਉਪਰ ਮਨ ਨੂੰ ਕੇਂਦਰਿਤ ਕਰਕੇ ਫੁਰਨਿਆਂ ਦਾ ਤਿਆਗ ਕਰਕੇ ਜਦੋਂ ਅਸੀਂ ਜਪਦੇ ਹਾਂ ਤਾਂ ਅਸੀਂ ਖਰਬਾਂ-ਖਰਬਾਂ ਸਾਲਾਂ ਦੇ ਪਏ ਹੋਏ ਵਿਛੋੜੇ ਦੇ ਪੰਧ ਨੂੰ ਬਹੁਤ ਹੀ ਤਿੱਖੀ ਰਫਤਾਰ ਨਾਲ ਕੱਟਣ ਦੇ ਸਮਰੱਥ ਹੋ ਜਾਂਦੇ ਹਾਂ। ਮੰਤ੍ਰ ਵਿਚ ਐਨਰਜੀ ਹੋਇਆ ਕਰਦੀ ਹੈ, ਇਹ ਕੇਵਲ ਅੱਖਰ ਹੀ ਨਹੀਂ ਹੁੰਦੇ, ਇਨ੍ਹਾਂ ਅੱਖਰਾਂ ਵਿਚ ਇਕ ਲੁਕੀ ਹੋਈ ਅਦਿੱਖ ਸ਼ਕਤੀ ਹੋਇਆ ਕਰਦੀ ਹੈ ਜੋ ਜਾਪ ਕਰਨ ਨਾਲ ਪ੍ਰਗਟ ਹੋ ਜਾਇਆ ਕਰਦੀ ਹੈ। ਪਹਿਲਾਂ-ਪਹਿਲਾਂ ਜਦੋਂ ਤੱਕ ਅਸਾਡਾ ਸਬੰਧ ਅੰਨਮਈ ਕੋਸ਼ ਦੇ ਸਰਕਲ ਤੋਂ ਅਛੋਹ ਨਹੀਂ ਹੁੰਦਾ, ਉਸ ਸਮੇਂ ਤਕ ਅਸੀਂ ਰਸਨਾ ਦੇ ਨਾਲ ਚਿੱਤ ਇਕਾਗਰ ਕਰਕੇ ਇਸ ਗੁਰਮੰਤ੍ਰ ਦਾ ਜਾਪ ਕਰਦੇ ਹਾਂ। ਜਾਪ ਕਰਦਿਆਂ ਰਸਨਾ ਦੇ ਵਿਚ ਇਕ ਮਹਾਨ ਰਸ ਆਉਣਾ ਸ਼ੁਰੂ ਹੋ ਜਾਇਆ ਕਰਦਾ ਹੈ। ਇਸ ਅਲੌਕਿਕ, ਅਨੰਦਿਤ ਰਸ ਨੂੰ ਅਸੀਂ ਆਪਣੇ ਅੰਦਰ ਅਨੁਭਵ ਕਰਦੇ ਹਾਂ। ਰਸਨਾ ਇਸ ਰਸ ਨਾਲ ਭਾਰੀ ਹੋ ਜਾਂਦੀ ਹੈ, ਹੁਣ ਰਸਨਾ ਦੇ ਨਾਲ ਨਾਮ ਨਹੀਂ ਜਪਿਆ ਜਾਂਦਾ। ਇਥੇ ਆ ਕੇ ਨਾਮ ਦੀ ਦੂਜੀ ਸ਼ਕਲ ਪ੍ਰਗਟ ਹੋ ਜਾਂਦੀ ਹੈ ਜਿਸਨੂੰ ਧੁਨ ਆਖਦੇ ਹਨ। ਇਹ ਧੁਨ ਸੰਗੀਤਕ ਹੋਇਆ ਕਰਦੀ ਹੈ। ਇਸ ਵਿਚ ਅਨਹਦ ਸ਼ਬਦਾਂ ਦੀ ਮਧੁਰਤਾ ਸਮਿਲਿਤ ਹੁੰਦੀ ਹੈ। ਇਸ ਧੁਨ ਵਿਚ ਅਸੀਂ ਧਿਆਨ ਲਾਉਂਦੇ ਹਾਂ ਤਾਂ ਇਹ ਧੁਨ ਅਸਾਨੂੰ ਪ੍ਰਾਣ ਸ਼ਕਤੀ ਦੇ ਮੰਡਲ ਵਿਚੋਂ ਪਾਰ ਕਰਨ ਦੀ ਸਮਰੱਥਾ ਰਖਦੀ ਹੈ।



ਸੱਚਖੰਡ ਵਾਸੀ ਸੰਤ ਈਸ਼ਰ ਸਿੰਘ ਜੀ ਮਹਾਰਾਜ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ

***ਧੁਨ ਮਹਿ ਧਿਆਨੁ***
***ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ॥***
***ਅੰਗ - 879***

ਇਸ ਧੁਨ ਦੇ ਨਾਲ ਮਨ ਸਮਿਲਿਤ ਹੋ ਕੇ ਅਨੇਕ ਕਿਸਮ ਦੇ ਸੂਖਸ਼ਮ ਅਨਹਦ ਸ਼ਬਦਾਂ ਨੂੰ ਸ੍ਰਵਣ ਕਰਦਾ ਆਪਣੇ ਆਪ ਵਿਚ ਮਸਤ ਹੋ ਜਾਂਦਾ ਹੈ। ਇਹ ਮਸਤੀ ਅਸਾਨੂੰ ਪ੍ਰਾਣ ਮੰਡਲ ਵਿਚੋਂ ਚੁੱਕ ਕੇ ਮਨ ਦੇ ਮੰਡਲ ਵਿਚ ਪ੍ਰਵੇਸ਼ ਕਰਾ ਦਿੰਦੀ ਹੈ ਜਿਥੇ ਅਸਾਡਾ ਵਾਹ ਫੁਰਨਿਆਂ ਨਾਲ ਪੈਂਦਾ ਹੈ ਪਰ ਇਹ ਨਾਮ ਧੁਨ ਐਨੀ ਮਨ ਨੂੰ ਮੋਹਣ ਵਾਲੀ ਹੁੰਦੀ ਹੈ ਅਤੇ ਇਸ ਦਾ ਰਸ ਅਤਿ ਦੀ ਖੁਮਾਰੀ ਵਿਚ ਲੀਨ ਕਰਾ ਦਿੰਦਾ ਹੈ ਕਿ ਫੁਰਨਿਆਂ ਨੂੰ ਹੁਣ ਕੋਈ ਥਾਂ ਨਹੀਂ ਰਹਿੰਦਾ। ਅੰਦਰ ਪ੍ਰਕਾਸ਼ ਹੋਣ ਕਰਕੇ ਗੁਰੂ ਦੀ ਮੂਰਤ ਪ੍ਰਤੱਖ ਭਾਸਦੀ ਹੈ। ਆਪਣਾ ਵਜੂਦ, ਸਿਮ੍ਰਤੀ ਤੋਂ ਲਹਿ ਜਾਂਦਾ ਹੈ। ਜੇ ਦਿਸਦਾ ਹੈ ਤਾਂ ਕੇਵਲ ਗੁਰੂ ਸਰੂਪ। ਅਨੇਕਾਂ-ਅਨੇਕਾਂ ਜਨਮਾਂ ਦੇ ਕੀਤੇ ਹੋਏ ਪਾਪ ਕਰਮਾਂ ਨੂੰ ਇਹ ਨਾਮ ਕੱਟ ਦਿੰਦਾ ਹੈ ਅਤੇ ਸੁਰਤ ਹਲਕੀ ਹੋ ਕੇ ਹੋਰ ਉਤੇ ਉਠਦੀ ਹੈ। ਮਨ ਦੇ ਮੰਡਲ ਨੂੰ ਪਾਰ ਕਰਕੇ ਬੁੱਧੀ ਮੰਡਲ ਵਿਚ ਪ੍ਰਵੇਸ਼ ਕਰਕੇ ਪਹਿਲੀ ਵਾਰੀ ਜਾਗਦੀ ਹੈ ਅਤੇ ਆਪਣੇ ਆਪ ਨੂੰ ਜਾਨਣ

ਦਾ ਜਤਨ ਕਰਦੀ ਹੈ ਕਿ ਮੈਂ ਕੌਣ ਹਾਂ, ਕਿਥੋਂ ਆਇਆ ਹਾਂ, ਕੀ ਮੇਰਾ ਕੋਈ ਮਾਲਕ ਹੈ ਜਾਂ ਆਪੇ ਹੀ ਪ੍ਰਗਟ ਹੋ ਗਿਆ ਹਾਂ? ਉਸ ਵੇਲੇ ਕੁਝ ਧੁੰਧਲਾ ਗਿਆਨ ਇਸ ਦੇ ਅੰਦਰ ਲਿਸ਼ਕਾਰੇ ਮਾਰਦਾ ਹੈ, ਠੀਕ ਇਸੇ ਤਰ੍ਹਾਂ ਜਿਵੇਂ ਬਿਜਲੀ ਦਾ ਲਿਸ਼ਕਾਰਾ ਹੁੰਦਾ ਹੈ। ਇਸ ਅਵਸਥਾ ਵਿਚ ਕੁਝ-ਕੁਝ ਸੋਝੀ ਪੈਂਦੀ ਹੈ ਕਿ ਮੈਂ ਸਰੀਰ ਨਹੀਂ, ਪ੍ਰਾਣ ਨਹੀਂ, ਮਨ ਵੀ ਨਹੀਂ, ਇਹ ਬੁੱਧੀ ਵੀ ਨਹੀਂ; ਇਹ ਬੁੱਧੀ ਤਾਂ ਮੇਰੀ ਹੈ, ਮੇਰੀ ਚੀਜ਼ ਮੈਂ ਨਹੀਂ ਹੋ ਸਕਦੀ। ਇਸ ਅਵਸਥਾ ਵਿਚ ਵਾਹਿਗੁਰੂ ਜੀ ਵਲੋਂ ਦਇਆ ਦੀ ਲਹਿਰ ਉਠਦੀ ਹੈ ਅਤੇ ਉਹ ਜੀਵ ਨੂੰ ਅਨੰਦ ਦੇ ਸਰਕਲ ਵਿਚ ਖਿੱਚ ਲੈਂਦੀ ਹੈ। ਤੱਤ ਬੇਤੇ ਮਹਾਂਪੁਰਸ਼ਾਂ ਦਾ ਮਿਲਾਪ ਸੰਜੋਗਵਸ ਹੋ ਜਾਂਦਾ ਹੈ ਅਤੇ ਉਸ ਦੇ ਅਮੋਘ ਬਾਣਾਂ ਰੂਪੀ ਬਚਨ ਇਸਦੇ ਅਗਿਆਨਮਈ ਅਨੰਦ ਕੋਸ਼ ਨੂੰ ਛੇਦ ਦਿੰਦੇ ਹਨ ਅਤੇ ਇਹ ਜੀਵ ਆਪਣੇ ਘਰ ਨੂੰ ਵਾਪਸ ਮੁੜਿਆ ਹੋਇਆ ਆਪਣਾ ਪੈਂਡਾ ਮੁਕਦਾ ਦੇਖਦਾ ਹੈ। ਅਨੰਦਮਈ ਕੋਸ਼ ਦੀ ਆਖਰੀ ਹੱਦ ਤੇ ਖੜ੍ਹਾ ਨਿਰਣਾ ਨਹੀਂ ਲੈ ਸਕਦਾ ਕਿ ਮੈਂ ਕੌਣ ਹਾਂ? ਉਸ ਸਮੇਂ ਪੂਰਨ ਬ੍ਰਹਮ ਬੇਤੇ ਮਹਾਂਪੁਰਸ਼ ਇਸ ਨੂੰ ਗਿਆਤ ਬਖਸ਼ਦੇ ਹਨ ਕਿ ਤੂੰ ਜੋਤ ਹੈਂ, ਤੂੰ ਆਤਮਾ ਹੈਂ, ਤੂੰ ਅਥਾਹ ਹੈਂ, ਤੇਰੇ ਅੰਦਰ ਪੂਰਨ ਗਿਆਨ ਹੈ, ਤੂੰ ਸਮੁੱਚਤਾ ਹੈਂ, ਤੂੰ ਇਕ ਸਮੁੱਚੀ ਇਕਾਈ ਹੈਂ, ਇਹ ਸਾਰਾ ਪਸਾਰਾ ਤੈਥੋਂ ਹੀ ਹੋਇਆ ਹੋਇਆ ਹੈ। ਤੂੰ ਆਤਮਾ ਹੈਂ, ਤੂੰ ਬ੍ਰਹਮ ਹੈਂ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥***
***ਅੰਗ - 846***

ਤੂੰ ਨਿਰਾ ਪ੍ਰਕਾਸ਼ ਹੈਂ, ਤੇਰੇ ਵਿਚ ਅੰਧਕਾਰ ਦੀ ਕੋਈ ਅੰਸ ਨਹੀਂ ਹੈ, ਤੂੰ ਆਪਣੇ ਆਪ ਨੂੰ ਪਛਾਣ, ਤੂੰ ਪ੍ਰੇਮ ਆਪਾ ਹੈਂ, ਪ੍ਰੇਮ ਜਿੰਦ ਹੈਂ -

***ਤੂੰ ਪੇਡੁ ਸਾਖ ਤੇਰੀ ਫੂਲੀ ॥***
***ਤੂੰ ਸੂਖਮੁ ਹੋਆ ਅਸਥੂਲੀ ॥***
***ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ***



ਸੱਚਖੰਡਵਾਸੀ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ
ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ ॥

***ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥ ਅੰਗ - 102***

ਤੇਰੀ ਕਥਾ ਬਹੁਤ ਅਨੂਪ ਹੈ, ਇਹ ਆਤਮਾ ਹੀ ਪਾਰਬ੍ਰਹਮ ਦਾ ਰੂਪ ਹੈ, ਨਾ ਤੂੰ ਕਦੇ ਬੁੱਢਾ ਹੁੰਦਾ ਹੈ, ਨਾ ਤੂੰ ਕਦੇ ਬਾਲਕ ਹੁੰਦਾ ਹੈਂ, ਨਾ ਤੈਨੂੰ ਕਦੇ ਦੁੱਖ ਹੁੰਦਾ ਹੈ, ਨਾ ਕਦੇ ਜਮਾਂ ਦਾ ਜਾਲ ਤੈਨੂੰ ਪੈ ਸਕਦਾ ਹੈ, ਨਾ ਕਦੇ ਨਾਸ਼ ਹੁੰਦਾ ਹੈ ਆਦਿ ਜੁਗਾਦਿ ਤੋਂ ਤੂੰ ਹੀ ਇਕ ਪ੍ਰਕਾਸ਼ ਹੋ ਕੇ ਸਾਰਾ ਪ੍ਰਪੰਚ ਹੈਂ; ਨਾ ਤੇਰੇ ਲਈ ਗਰਮੀ ਹੈ, ਨਾ ਸਰਦੀ ਹੈ, ਨਾ ਤੇਰੀ ਕੋਈ ਮਾਂ ਹੈ, ਨਾ ਬਾਪ ਹੈ, ਤੂੰ ਸਦਾ-ਸਦਾ ਤੋਂ ਆਪੇ ਆਪ ਹੈਂ, ਪਾਪ ਪੁੰਨ ਦਾ ਤੈਨੂੰ ਕੋਈ ਲੇਪ ਨਹੀਂ ਲਗਦਾ। ਤੈਨੂੰ ਤ੍ਰਿਗੁਣੀ ਮਾਇਆ ਭੁਲਾ ਨਹੀਂ ਸਕਦੀ, ਤੂੰ ਸਭ ਦਾ ਮਾਲਕ ਹੈਂ -

***ਅਚਰਜ ਕਥਾ ਮਹਾ ਅਨੂਪ ॥***
***ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥***
***ਨਾ ਇਹੁ ਬੂਢਾ ਨਾ ਇਹੁ ਬਾਲਾ ॥***
***ਨਾ ਇਸੁ ਦੂਖੁ ਨਹੀ ਜਮ ਜਾਲਾ ॥***
***ਨਾ ਇਹੁ ਬਿਨਸੈ ਨਾ ਇਹੁ ਜਾਇ ॥***
***ਆਦਿ ਜੁਗਾਦੀ ਰਹਿਆ ਸਮਾਇ ॥***
***ਨਾ ਇਸੁ ਉਸਨੁ ਨਹੀ ਇਸੁ ਸੀਤੁ ॥***
***ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥***
***ਨਾ ਇਸੁ ਹਰਖੁ ਨਹੀ ਇਸੁ ਸੋਗੁ ॥***
***ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥***
***ਨਾ ਇਸੁ ਬਾਪੁ ਨਹੀ ਇਸੁ ਮਾਇਆ ॥***
***ਇਹੁ ਅਪਰੰਪਰੁ ਹੋਤਾ ਆਇਆ ॥***
***ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥***
***ਘਟ ਘਟ ਅੰਤਰਿ ਸਦ ਹੀ ਜਾਗੈ ॥***
***ਅੰਗ - 868***

ਇਸ ਵਾਹਿਗੁਰੂ ਮੰਤ੍ਰ ਨੇ ਤੈਨੂੰ ਆਪਣਾ ਆਪਾ ਜਣਾ ਦੇਣਾ ਹੈ, ਤੇਰੇ ਤੇ ਪ੍ਰਮੇਸ਼ਰ ਵਿਚ ਕੋਈ ਵੀ ਭੇਦ ਨਹੀਂ ਰਹਿਣ ਦੇਣਾ -

***ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਿਛੁ ਨਾਹਿ ॥***
***ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥***

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ਅੰਗ - 273***

*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦ ਨ ਭਾਈ॥* *ਅੰਗ - 272*

*ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ॥*
*ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋੁ॥*
*ਅੰਗ - 793*

ਹੁਣ ਮੈਂ ਇਕ ਵਾਰੀ ਫੇਰ ਇਸ ਨਾਮ ਬਾਰੇ ਸੰਖੇਪ ਵਿਚ ਦਸਦਾ ਹਾਂ ਕਿ ਇਹ ਨਾਮ ਪਹਿਲਾਂ ਰਸਨਾ ਦੁਆਰਾ ਜਪਿਆ ਜਾਂਦਾ ਹੈ, ਫੇਰ ਸੁਆਸ ਦੇ ਅੰਦਰ ਅਤੇ ਬਾਹਰ ਜਾਣ ਦੇ ਨਾਲ, ਮਹਾਂਪੁਰਸ਼ਾਂ ਦੀ ਦੱਸੀ ਜੁਗਤੀ ਅਨੁਸਾਰ ਕੀਤਾ ਜਾਂਦਾ ਹੈ। ਰਸਨਾ ਦੁਆਰਾ ਬਗੈਰ -

*ਬਿਨੁ ਜਿਹਵਾ ਜੋ ਜਪੈ ਹਿਆਇ॥*
*ਕੋਈ ਜਾਣੈ ਕੈਸਾ ਨਾਉ॥*
*ਅੰਗ - 1256*

ਸੁਰਤੀ ਨਾਲ ਸਿਮਰਨ ਹੁੰਦਾ ਹੈ, ਤ੍ਰਿਕੁਟੀ ਤੋਂ ਉਪਰ ਜਾ ਕੇ ਨਾਮ ਧੁਨ ਆਪਣੇ ਆਪ ਹੀ ਬਹੁਤ ਮਿੱਠੇ ਵੇਗ ਨਾਲ ਚਲਦੀ ਹੈ ਅਤੇ ਮਹਾਨ ਰਸ ਵਿਚ ਲੀਨ ਰਹਿੰਦੀ ਲਿਵਤਾਰੀ ਹੋ ਜਾਂਦੀ ਹੈ, ਸਹਿਜ ਸਮਾਧ ਲਗ ਜਾਇਆ ਕਰਦੀ ਹੈ। ਜਿਵੇਂ ਚਸ਼ਮੇ ਵਿਚੋਂ ਪਾਣੀ ਨਿਕਲਦਾ ਹੈ, ਉਸ ਤਰ੍ਹਾਂ ਇਹ ਗੁਰਮੰਤ੍ਰ ਉਸ ਥਾਂ ਆਪਣੇ ਆਪ ਹੀ ਉਚਾਰਣ ਹੁੰਦਾ ਹੈ। ਸਾਰੇ ਸਰੀਰ ਦੇ ਰੋਮ-ਰੋਮ ਵਿਚ ਇਸ ਨਾਮ ਧੁਨ ਦੀ vibration (ਕੰਬਣੀ) ਮਹਾਂ ਅਨੰਦਿਤ ਪ੍ਰਤੀਤ ਦਿੰਦੀ ਹੈ। ਹੋਰ ਸੁਰਤ ਇਕਾਗਰ ਹੋਣ ਤੇ ਸਾਰੇ ਤੱਤਾਂ - ਪਉਣ, ਪਾਣੀ, ਬੈਸੰਤਰ, ਚੰਦ, ਤਾਰਿਆਂ ਵਿਚੋਂ ਇਕੋ ਸੰਗੀਤਕ ਧੁਨ ਸੁਣਾਈ ਦਿੰਦੀ ਹੈ ਜੋ ਇਸ ਵਾਹਿਗੁਰੂ ਮੰਤ੍ਰ ਦੀ ਹੈ। ਇਹ ਸਾਰੀਆਂ ਜੁਗਤੀਆਂ ਕਰਨੀ ਕਮਾਈ ਵਾਲੇ ਮਹਾਂਪੁਰਸ਼ਾਂ ਤੋਂ ਪ੍ਰਾਪਤ ਹੋਇਆ ਕਰਦੀਆਂ ਹਨ। ਸੋ ਇਸ ਤਰ੍ਹਾਂ ਤੁਹਾਡਾ ਨਾਮ ਗੁਰੂ ਮਹਾਰਾਜ ਜੀ ਨੇ ਈਸ਼ਰ ਹਰੀ ਬਖਸ਼ਿਆ ਹੈ, ਤੁਸੀਂ ਇਸ ਰਸਤੇ ਤੇ ਚਲ ਕੇ ਈਸ਼ਰ ਹਰੀ ਬਣਦੇ ਹੋਏ ਵਾਹਿਗੁਰੂ ਜੀ ਦੀ ਪ੍ਰਮ ਜੋਤ ਵਿਚ ਸਮਾ ਕੇ ਉਸ ਦਾ ਰੂਪ ਹੀ ਬਣ ਸਕਦੇ ਹੋਂ।

ਸੋ ਇਹ ਸੀ ਉਸ ਗੁਲਾਬ ਦੀ ਅਵਸਥਾ ਜੋ ਅਤਰ ਵਿਚ ਘੁਲ ਕੇ ਈਸ਼ਰ ਹਰੀ ਬਣ ਰਿਹਾ ਸੀ। ਮਹਾਂਪੁਰਸ਼ਾਂ ਨੇ ਕਿਹਾ ਕਿ ਇਸ ਮਾਰਗ ਤੇ ਚਲਣ ਲਈ ਪਿਆਰ ਤੇ ਬਿਰਹੋਂ ਦੀਆਂ ਤੜਫਣੀਆਂ, ਝੀਣੀ ਬਾਣਾਂ ਨਾਲ ਵਾਹ ਪੈਂਦਾ ਹੈ ਜੋ ਇਸ ਜੀਵ ਨੂੰ ਥੋੜ੍ਹੇ ਚਿਰ ਵਿਚ ਹੀ ਆਪਣੀ ਮੰਜ਼ਿਲ ਤੇ ਪਹੁੰਚਾ ਦਿੰਦੇ ਹਨ।

ਸੰਤ ਮਹਾਰਾਜ ਦੇ ਹਿਰਦੇ ਵਿਚ ਇਹ ਉਪਦੇਸ਼ ਸਚਮੁੱਚ ਹੀ ਘਾਉ ਕਰ ਗਏ ਅਤੇ ਅਜੀਬ ਹਾਲਤ ਉਨ੍ਹਾਂ ਦੇ ਅੰਦਰ ਪ੍ਰਗਟ ਹੋ ਗਈ -



ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਿਖੇ ਕੀਰਤਨ ਕਰਦੇ ਹੋਏ

*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥*
*ਅੰਗ - 1374*

ਸੋ ਪਾਰਸ ਰੂਪ ਮਹਾਂਪੁਰਸ਼ਾਂ ਨੇ ਆਪਣਾ ਹੀ ਰੂਪ ਬਣਾ ਲੈਣ ਦਾ ਸੁਗਮ ਰਸਤਾ ਦੱਸ ਦਿਤਾ। ਹੁਣ ਕੀ ਸੀ ਇਹ ਘਟਨਾ ਰੂਹਾਨੀ ਮੰਡਲ ਦੇ ਵਿਚ ਵਿਕਲੋਤਰੀ ਸੀ। ਠੀਕ ਉਸੇ ਤਰ੍ਹਾਂ ਦੀ ਜਿਸ ਤਰ੍ਹਾਂ ਦੀ ਕਬੀਰ ਸਾਹਿਬ ਦੀ ਹੋਈ।

*ਹੋਇ ਬਿਰਕਤ ਬਨਾਰਸੀ ਰਹਿੰਦਾ ਰਾਮਾਨੰਦ ਗੁਸਾਈਂ।*
*ਅੰਮ੍ਰਿਤ ਵੇਲੇ ਉਠਿ ਕੈ ਜਾਂਦਾ ਗੰਗਾ ਨ੍ਹਾਵਣ ਤਾਈਂ।*
*ਅੱਗੋਂ ਹੀ ਦੇ ਜਾਇ ਕੈ ਲੰਮਾ ਪਿਆ ਕਬੀਰ ਤਿਥਾਈਂ।*
*ਪੈਰੀਂ ਟੁੰਬਿ ਉਠਾਲਿਆ ਬੋਲਹੁ ਰਾਮ ਸਿਖ ਸਮਝਾਈ।*
*ਜਿਉਂ ਲੋਹਾ ਪਾਰਸ ਛੁਹੇ ਚੰਦਨ ਵਾਸ ਨਿੰਮ ਮਹਿਕਾਈ।*
*ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ।*
*ਅਚਰਜ ਨੋਂ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲਾਈ।*
*ਝਰਨਾ ਝਰਦਾ ਨਿੱਝਰਹੁੰ ਗੁਰਮੁਖ ਬਾਣੀ ਅਘੜ ਘੜਾਈ॥*
*ਰਾਮ ਕਬੀਰੈ ਭੇਦ ਨ ਭਾਈ॥*
*ਭਾਈ ਗੁਰਦਾਸ ਜੀ, ਵਾਰ 10/15*

ਅਖੰਡ ਜਾਪ ਸ਼ੁਰੂ ਹੋ ਗਿਆ। ਮਹਾਂਪੁਰਸ਼ (ਸੰਤ ਅਤਰ ਸਿੰਘ ਜੀ) ਕੁਝ ਸਮਾਂ ਲੰਘ ਜਾਣ ਤੇ ਸੰਸਾਰ ਤੋਂ ਪ੍ਰਮ ਜੋਤ ਲੀਨ ਹੋ ਗਏ। ਇਸ ਬਿਰਹਾ ਤੇ ਵਿਯੋਗ ਦੀਆਂ ਤੜਪਾਂ ਸਹਿੰਦਿਆਂ ਆਪ ਨੇ ਐਨੀ ਘੋਰ ਸਾਧਨਾ ਕੀਤੀ ਕਿ ਸਰੀਰ ਦੀ ਰਕਤ ਵੀ ਖਤਮ ਹੁੰਦੀ ਨਜ਼ਰ ਆਈ। ਆਪ ਜੀ ਨੇ ਲਗਾਤਾਰ ਨੌਂ ਸਾਲ ਆਪਣੀ ਪਿੱਠ ਨੂੰ ਨਾ ਮੰਜੇ ਨਾਲ, ਨਾ ਧਰਤੀ ਨਾਲ ਲਾਇਆ। ਇਸ ਭਾਰੀ ਤਪੱਸਿਆ ਦਾ ਫਲ

ਵਾਹਿਗੁਰੂ ਮਿਲਾਪ ਵਿਚ ਪ੍ਰਗਟ ਹੋਇਆ ਜਿਵੇਂ ਕਿ -

***ਪਹਿਲਾਂ ਬਾਬੇ ਪਾਯਾ ਬਖਸ਼ ਦਰ ਪਿਛੋਂ ਦੇ ਫਿਰ ਘਾਲ ਕਮਾਈ।***
***ਰੇਤ ਅੱਕ ਅਹਾਰ ਕਰ ਰੋੜਾਂ ਦੀ ਗੁਰ ਕਰੀ ਵਿਛਾਈ।***
***ਭਾਰੀ ਕਰੀ ਤਪਸਯਾ ਬਡੇ ਭਾਗ ਹਰਿ ਸਿਉ ਬਨਿ ਆਈ।***
***ਭਾਈ ਗੁਰਦਾਸ ਜੀ, ਵਾਰ 1/24***

***ਜਾਂ***
***ਏਹ ਬਿਧ ਕਰਤ ਤਪਸਿਓ ਭਇਓ***
***ਦੁਇ ਤੇ ਏਕ ਰੂਪ ਹੋ ਗਇਓ॥ ਬਚਿਤ੍ਰ ਨਾਟਕ***

ਬਖਸ਼ਸ਼ ਦਰ ਦੀ ਪ੍ਰਾਪਤੀ ਕਰਕੇ ਫਿਰ ਆਪ ਨੇ ਸੰਸਾਰ ਵਿਚ ਸਤਿ ਦਾ ਢੰਡੋਰਾ ਦਿਤਾ। ਫਿਰ ਆਪ 54 ਸਾਲ ਬਿਨਾਂ ਕੋਈ ਛੁੱਟੀ ਕੀਤਿਆਂ, ਬਿਨਾਂ ਕਿਸੇ ਆਲਸ ਨੂੰ ਅਪਨਾਇਆਂ ਦੇਸ਼ਾਂ, ਬਦੇਸ਼ਾਂ ਵਿਚ ਰੂਹਾਨੀ ਰਾਹ ਤੋਂ ਭਰਮੀਆਂ, ਟੁੱਟੀਆਂ, ਭੁੱਲ ਚੁੱਕੀਆਂ ਰੂਹਾਂ ਨੂੰ ਤਲਾਸ਼ ਕਰ-ਕਰ ਕੇ ਪ੍ਰਮ ਸਤਿ ਦੇ ਮਾਰਗ ਤੇ ਚਲਾਇਆ। ਆਪ ਨੂੰ ਕੀ ਕਿਹਾ ਜਾਵੇ; ਜੇ ਮਹਾਰਾਜ ਜੀ ਕਹਿੰਦੇ ਹਾਂ, ਇਹ ਵੀ ਕੋਈ ਉਪਮਾ ਨਹੀਂ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਜਿਸ ਨੋ ਬਖਸੇ ਸਿਫਤਿ ਸਾਲਾਹ॥***
***ਨਾਨਕ ਪਾਤਿਸਾਹੀ ਪਾਤਿਸਾਹੁ॥***
***ਅੰਗ - 5***

ਆਪ ਦੀ ਪ੍ਰਮ ਅਵਸਥਾ ਨੂੰ ਸਮਝਣਾ ਬਹੁਤ ਹੀ ਔਖਾ ਹੈ। ਅਸੀਂ ਤਾਂ ਐਨਾ ਹੀ ਕਹਿ ਸਕਦੇ ਹਾਂ ਜਿਵੇਂ ਕਬੀਰ ਸਾਹਿਬ ਨੇ ਫੁਰਮਾਨ ਕੀਤਾ -

***ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥***
***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥***
***ਅੰਗ - 1369***

ਜੇ ਅਸੀਂ ਇਹ ਕਹਿ ਦੇਈਏ ਕਿ ਆਪ ਜੀ ਦੇ ਵਜੂਦ ਵਿਚ ਵਾਹਿਗੁਰੂ ਜੀ ਆਪ ਹੀ ਕੰਮ ਕਰਦੇ ਸਨ ਤਾਂ ਇਹ ਕੋਈ ਅਤਿਕਥਨੀ ਨਹੀਂ। ਗੁਰੂ ਮਹਾਰਾਜ ਜੀ ਆਪ ਹੀ ਕਹਿੰਦੇ ਹਨ - ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥

***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਅੰਗ - 397***

ਅਨੇਕਾਂ ਪ੍ਰੇਮੀ ਇਸ ਉਚ ਭਾਵਨਾ ਦੇ ਪ੍ਰੇਰਿਤ ਕੀਤੇ ਹੋਏ ਆਪ ਨਾਲ ਜੁੜੇ ਹੋਏ ਸਨ। ਭਾਵੇਂ ਆਪ ਸਰੀਰ ਬਿਲਕੁਲ ਨਹੀਂ ਸੀ, ਅਸੀਂ ਉਸ ਅੰਦਰਲੀ ਅਵਸਥਾ ਨੂੰ ਨਾ ਸਮਝਦੇ ਹੋਏ ਸਰੀਰ ਦੀ ਲੋਚਾ ਕਰਦੇ ਸਾਂ। ਵਾਹਿਗੁਰੂ ਜੀ ਦੇ ਨਿਯਮਾਂ ਅਨੁਸਾਰ ਸਰੀਰ ਸਦੀਵ ਨਹੀਂ ਰਿਹਾ ਕਰਦਾ ਪਰ ਜੋ ਸੰਤ ਹੋਇਆ ਕਰਦਾ ਹੈ, ਉਹ ਸਰੀਰ ਦੇ ਨਾਸ਼ ਹੋਣ ਤੋਂ ਪਿਛੋਂ ਵੀ ਸਦਾ-ਸਦਾ ਜੀਵਤ ਅਵਸਥਾ ਵਿਚ ਵਿਚਰਦਾ ਹੈ ਇਹ ਅਕਾਲ ਪੁਰਖ ਦੇ ਮੰਤ੍ਰ ਦਾ ਕਰਿਸ਼ਮਾ ਹੈ ਜਿਸ ਨੂੰ ਅਸੀਂ ਅੱਖਰਾਂ ਵਿਚ ਸੀਮਤ ਨਹੀਂ ਕਰ ਸਕਦੇ ਪਰ ਅਸੀਂ ਐਸਾ ਹੀ ਕਹਾਂਗੇ -

***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥***
***ਅੰਗ - 273***

ਸੰਤ ਤੇ ਅਨੰਤ ਵਿਚ ਕੋਈ ਭੇਦ ਨਹੀਂ ਹੁੰਦਾ। ਭਾਰਤ ਵਿਚ 27 ਅਗਸਤ 1975 ਦਾ ਸੂਰਜ ਅਤਿ ਹੀ ਬ੍ਰਿਹੁ ਵਿਯੋਗ ਵਿਚ ਸੁੱਟ ਦੇਣ ਵਾਲਾ ਸੰਦੇਸ਼ ਲੈ ਕੇ ਚੜ੍ਹਿਆ। ਰੇਡੀਓ ਤੇ ਅਖਬਾਰਾਂ ਨੂੰ ਧਿਆਨ ਨਾਲ ਸੁਣਿਆਂ, ਪੜ੍ਹਿਆ, ਆਪ ਦੇ ਸਰੀਰ ਛੱਡ ਜਾਣ ਦੀ ਖਬਰ ਜੰਗਲ ਦੀ ਅੱਗ ਵਾਂਗੂ ਘਰ-ਘਰ ਪੁੱਜ ਗਈ। ਹੈਰਾਨ ਹੋਈ ਮਾਨਵਤਾ ਇਕ ਦੂਜੇ ਦੇ ਮੂੰਹ ਵਲ ਚੁੱਪ ਤੱਕਣੀ ਤੱਕ ਕੇ ਅਬੋਲ, ਕਿਸੇ ਅਸਹਿ ਪੀੜਾ ਨੂੰ ਸਹਿਣ ਦਾ ਜਤਨ ਕਰਦੀ ਪ੍ਰਤੀਤ ਦਿੰਦੀ ਸੀ। ਪੀੜਾ ਨੂੰ ਅੰਦਰ ਹੀ ਅੰਦਰ ਨੱਪਣ ਦਾ ਜਤਨ ਕੀਤਾ ਜਾ ਰਿਹਾ ਸੀ ਪਰ ਹੰਝੂ ਅੰਦਰਲੇ ਭੇਤਾਂ ਦੇ ਪੜਦਿਆਂ ਨੂੰ ਪਾੜ ਕੇ ਚਿਹਰਿਆਂ ਤੇ ਅਰਕ ਤਿਲਕ ਰਹੇ ਸਨ। ਬੋਲ ਕੇ ਦੱਸਿਆ ਵੀ ਨਹੀਂ ਜਾ ਰਿਹਾ ਸੀ ਕਿ ਕੀ ਹੋ ਗਿਆ। ਵੇਖਦੇ-ਵੇਖਦੇ ਹੀ ਪ੍ਰਵਾਨਿਆਂ ਦਾ ਇਕੱਠ ਰਾੜੇ ਸਾਹਿਬ ਪੁੱਜਣਾ ਸ਼ੁਰੂ ਹੋ ਗਿਆ। ਇਸ ਬਿਰਹੋਂ ਦ੍ਰਿਸ਼ ਦਾ ਦਰਦ ਨਾਪਿਆ ਤੋਲਿਆ ਨਹੀਂ ਜਾ ਸਕਦਾ ਸੀ। ਬੱਸ ਇਕ ਵਿਛੋੜੇ ਦੀ ਪੀੜਾ ਸੀ, ਹੈਰਾਨੀ ਸੀ। ਆਸ ਦੀ ਲਿਸ਼ਕਦੀ ਰੇਖਾ, ਬਿਰਹੁ ਦੀਆਂ

(ਬਾਕੀ ਪੰਨਾ 38 ਤੇ)



ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਅਤੇ ਪਰਮ ਸਤਿਕਾਰਯੋਗ ਬੀਜੀ 1982-83 ਦੁਰਾਨ ਦੇ ਸਮੇਂ ਵਿਚ ਜਦੋਂ ਆਪ ਜੀ ਰੋਪੜ ਦੇ ਇੱਕ ਇੱਕ ਪਿੰਡ ਵਿਚ ਜਾ ਕੇ ਕੀਰਤਨ ਕਰਦੇ।

# ਭਾਗਠੜੇ ਹਰਿ ਸੰਤ ਤੁਮਾਰੇ ਜਿਨ ਘਰਿ ਧਨੁ ਹਰਿ ਨਾਮਾ॥

## (ਸ੍ਰੀ 108 ਧੰਨ ਧੰਨ ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ)

***ਸੰਤ ਬਾਬਾ ਹਰਪਾਲ ਸਿੰਘ***
***ਰਤਵਾੜਾ ਸਾਹਿਬ***

ਭਾਰਤ ਦੀ ਮਹਾਨ ਕਰਮ ਭੂਮੀ ਉਪਰ ਸਮੇਂ-ਸਮੇਂ ਗੁਰੂ ਪੀਰ ਮਹਾਂਪੁਰਸ਼ ਅਵਤਾਰ ਸੰਸਾਰ ਦੇ ਭਲੇ ਵਾਸਤੇ ਅਵਤਾਰ ਧਾਰਨ ਕਰਦੇ ਰਹੇ ਹਨ। ਇਸੇ ਤਰ੍ਹਾਂ ਪੰਜਾਬ ਦੀ ਮਹਾਨ ਧਰਤੀ ਨੂੰ ਗੁਰ ਪੀਰਾਂ ਅਵਤਾਰਾਂ ਨੇ ਆਪਣੀ ਕਰਮ ਭੂਮੀ ਬਣਾ ਕੇ ਇਸ ਧਰਤੀ ਨੂੰ ਪਵਿੱਤਰ ਕੀਤਾ ਜਿਨ੍ਹਾਂ ਦੀ ਅਮਿਟ ਛਾਪ ਅੱਜ ਵੀ ਅਜੋਕੇ ਸਮੇਂ ਦੇ ਅੰਦਰ ਜਗਿਆਸੂਆਂ ਵਾਸਤੇ ਪ੍ਰੇਰਨਾ ਦਾ ਸਰੋਤ ਹੈ। ਪਵਿੱਤਰ ਦਿਹਾੜਾ 13 ਕੱਤਕ ਸੰਮਤ 1927 (ਨਵੰਬਰ 1872) ਨੂੰ ਮਹਾਨ ਬਖਸ਼ੀ ਪਵਿੱਤਰ ਰੂਹ ਨੇ ਬਾਬਾ ਨੰਦ ਸਿੰਘ ਜੀ ਦੇ ਰੂਪ ਵਿਚ ਪਿੰਡ ਸ਼ੇਰਪੁਰ ਤਹਿਸੀਲ ਜਗਰਾਵਾਂ ਜਿਲ੍ਹਾ ਲੁਧਿਆਣਾ ਪੰਜਾਬ ਨੇ ਸ. ਜੈ ਸਿੰਘ ਦੇ ਘਰ ਮਾਤਾ ਸਦਾ ਕੌਰ ਜੀ ਦੀ ਕੁਖ ਤੋਂ ਸਰੀਰ ਧਾਰਨ ਕੀਤਾ ਬਾਬਾ ਜੀ ਦੇ ਤਿੰਨ ਵੱਡੇ ਭਰਾ ਸਨ ਅਤੇ ਸਾਰਾ ਪਰਿਵਾਰ ਮਾਤਾ ਪਿਤਾ ਸਮੇਤ ਧਾਰਮਿਕ ਖਿਆਲਾਂ ਦੇ ਪ੍ਰੱਪਕਤਾ ਵਾਲੇ ਸਨ। ਆਪ ਜੀ ਵਰਗੇ ਮਹਾਂਪੁਰਸ਼ਾਂ ਦੇ ਵਾਰੇ ਗੁਰਬਾਣੀ ਫੁਰਮਾਨ ਹੈ -

*ਧੰਨੁ ਧੰਨੁ ਧੰਨੁ ਜਨੁ ਆਇਆ॥*
*ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥*
*ਜਨ ਆਵਨ ਕਾ ਇਹੈ ਸੁਆਉ॥*
*ਜਨ ਕੈ ਸੰਗਿ ਚਿਤਿ ਆਵੈ ਨਾਉ॥*
*ਆਪਿ ਮੁਕਤੁ ਮੁਕਤੁ ਕਰੈ ਸੰਸਾਰ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥*

***ਅੰਗ - 294***



ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਮਹਾਰਾਜ

ਆਪ ਜੀ ਨੇ ਆਪਣੇ ਜੀਵਨ ਦੀ ਰੂਹਾਨੀ ਯਾਤਰਾ 5 ਸਾਲ ਤੋਂ ਹੀ ਸ਼ੁਰੂ ਕਰ ਦਿਤੀ ਸੀ। ਇਕ ਰਾਤ ਨੂੰ ਆਪ ਅਛੋਪਲੇ ਹੀ ਉਠ ਕੇ ਖੂਹ ਦੀ ਮੌਣ ਉਪਰ ਸਮਾਧੀ ਅਸਿਥਿਤ ਹੋ ਕੇ ਦੇਸ਼ ਕਾਲ ਵਸਤੂ ਤੋਂ ਉਪਰ ਉਠ ਕੇ ਬਿਰਾਜ ਗਏ ਸਨ। ਘਰ ਦਿਆਂ ਨੂੰ ਫਿਕਰ ਹੋਇਆ ਕਿ ਇਨੀ ਛੋਟੀ ਉਮਰ ਦਾ ਬਾਲਕਾ ਰਾਤ ਨੂੰ ਕਿਥੇ ਚਲਾ ਗਿਆ ਹੈ। ਆਪ ਜੀ ਦੀ ਖੋਜ ਕਰਨ ਉਪਰੰਤ ਖੂਹ ਦੀ ਮੌਣ ਉਪਰ ਸਮਾਧੀ ਵਿਚ ਬੈਠਿਆਂ ਨੂੰ ਵੇਖ ਕੇ ਸਾਰੇ ਹੀ ਅਸਚਰਜ ਰਹਿ ਗਏ ਆਪ ਨੂੰ ਪੁਛਣ ਉਪਰੰਤ ਆਪ ਨੇ ਦੱਸਿਆ ਕਿ ਭਗਤੀ ਭੈ ਗਤੀ ਦਾ ਨਾਮ ਹੈ ਇਸ ਤਰ੍ਹਾਂ ਨੀਂਦ ਨੂੰ ਦੂਰ ਰੱਖਣ ਵਾਸਤੇ ਆਪ ਜੀ ਬਚਪਨ ਤੋਂ ਹੀ ਧਰੂ ਪ੍ਰਹਿਲਾਦ ਵਾਗੂੰ ਨਾਮ ਜਪਣਾ ਸ਼ੁਰੂ ਕਰ ਦਿਤਾ ਜਿਵੇਂ ਕਿ ਫੁਰਮਾਨ ਹੈ -

***ਰਾਮ ਜਪਉ ਜੀ ਐਸੇ ਐਸੇ॥***
***ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥***

***ਅੰਗ - 337***

ਬਚਪਨ ਤੋਂ ਹੀ ਆਪ ਦੇ ਕੌਤਕ ਨਿਰਾਲੇ ਸਨ। ਜਦੋਂ ਦੂਸਰੇ ਬੱਚੇ ਖੇਡਾਂ ਵਿਚ ਮਸਤ ਰਹਿੰਦੇ ਤਾਂ ਆਪ ਕਿਸੇ ਵੀ ਨਾਲ ਨਾ ਰਲਦੇ ਹੋਏ ਦੂਰ ਇਕਾਂਤ ਜਾ ਕੇ ਸਮਾਧੀ ਸਿਥਿਤ ਹੋ ਜਾਂਦੇ ਸਨ ਕਿਉਂਕਿ ਆਪ ਜੀ ਉਪਰ ਬਾਬਾ ਬੁਢਾ ਜੀ ਦੀ ਸਾਖੀ ਦਾ ਬਹੁਤ ਅਸਰ ਸੀ ਕਿ ਜਿਵੇਂ ਸੱਤ ਸਾਲ ਦੀ ਉਮਰ ਵਿਚ ਹੀ ਬਾਬਾ ਬੁੱਢਾ ਜੀ ਗੁਰੂ ਨਾਨਕ ਸਾਹਿਬ ਦੇ ਸਤਿਸੰਗ ਨਾਲ ਜੁੜ ਗਏ ਸਨ। ਭਰ ਜਵਾਨੀ 20 ਸਾਲ ਦੀ ਉਮਰ ਵਿਚ ਆਪ ਨੇ ਆਪਣੇ ਨਗਰ ਘਰ ਨੂੰ ਛੱਡ ਕੇ ਪਵਿੱਤਰ ਪਾਵਨ ਅਸਥਾਨ ਸੱਚਖੰਡ ਹਜੂਰ ਸਾਹਿਬ ਦੇ ਨੇੜੇ ਗੁਦਾਵਰੀ ਨਦੀ ਦੇ ਪਾਣੀ

ਅੰਦਰ ਬੈਠ ਕੇ ਨਾਮ ਜਪਣਾ ਸ਼ੁਰੂ ਕਰ ਦਿਤਾ। 12 ਸਾਲ ਸੱਚਖੰਡ ਹਜ਼ੂਰ ਸਾਹਿਬ ਬਹੁਤ ਹੀ ਕਰੜੀ ਸਾਧਨਾ ਕਰਨ ਉਪਰੰਤ ਲਹਿਰਾਗਾਗਾ ਪੰਜਾਬ ਆ ਕੇ ਸੰਤ ਵਧਾਵਾ ਸਿੰਘ ਜੀ ਤੋਂ ਗੁਰਬਾਣੀ ਸੰਥਿਆ ਪ੍ਰਾਪਤ ਕੀਤੀ ਅਤੇ ਸੰਤ ਬਾਬਾ ਵਧਾਵਾ ਸਿੰਘ ਜੀ ਨੇ ਆਪ ਜੀ ਨੂੰ 'ਰਿਖੀ ਜੀ' ਉਪਾਧੀ ਨਾਲ ਸਤਿਕਾਰਤ ਕਰ ਦਿਤਾ ਸੀ। ਆਪ ਜੀ ਦੀ ਅਮਾਨਤ ਬਾਬਾ ਮਹਾਂ ਹਰਨਾਮ ਸਿੰਘ ਜੀ ਮਹਾਰਾਜ ਭੁਚੋ ਵਾਲਿਆਂ ਕੋਲ ਸੀ ਇਸ ਲਈ ਬਾਬਾ ਵਧਾਵਾ ਸਿੰਘ ਜੀ ਨੇ ਆਪ ਨੂੰ ਭੁੱਚੋ ਵਾਲੇ ਮਹਾਂਪੁਰਸ਼ਾਂ ਕੋਲ ਭੇਜ ਦਿਤਾ ਗਿਆ। ਬਾਬਾ ਮਹਾਂ ਹਰਨਾਮ ਸਿੰਘ ਜੀ ਮਹਾਰਾਜ ਮਹਾਨ ਤਪੱਸਵੀ ਨਿਰਮਲੇ ਸੰਤ ਸਨ ਅਤੇ ਉਨ੍ਹਾਂ ਦਾ ਜੀਵਨ ਬਹੁਤ ਹੀ ਤਪ ਤਤਿਖਸ਼ਾ ਵਾਲਾ ਸੀ। ਭੁਚੋ ਵਾਲੇ ਬਾਬਾ ਜੀ ਨੇ ਆਪ ਦਾ ਤਪ ਤਤਿਖਸ਼ਾ ਸਾਧਨ ਸੰਪੰਨ ਨੂੰ ਵੇਖ ਕੇ ਆਪ ਨੂੰ ਨਾਨਕਸਰ ਠਾਠ ਜੋ ਕਿ ਉਜਾੜ ਬੀਆਵਾਨ ਜੰਗਲ ਸੀ ਵਿਖੇ ਭੇਜ ਦਿਤਾ ਗਿਆ ਜਿਥੇ ਆਪ ਨੇ ਆਪਣੇ ਇਸਟ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਕਾਰ ਪੂਜਾ ਕਰਕੇ ਪਰਤੱਖ ਗੁਰੂ ਨਾਨਕ ਜੀ ਨੂੰ ਪ੍ਰਗਟ ਕਰਕੇ ਭਗਤ ਧੰਨੇ ਵਾਂਗੂ ਭੋਜਨ ਦਾ ਭੋਗ ਲਗਵਾਇਆ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਪ੍ਰਤਿਸ਼ਠਾ ਕਰਨ ਦੀ ਅਲੌਕਿਕ ਸਿਕਖਸ਼ਾ ਜਗਤ ਲੋਕਾਈ ਨੂੰ ਪ੍ਰਤੱਖ ਕਰਕੇ ਦਰਸਾਈ ਗਈ ।



ਸੱਚਖੰਡਵਾਸੀ ਧੰਨ ਧੰਨ ਬਾਬਾ ਨੰਦ ਸਿੰਘ ਜੀ ਮਹਾਰਾਜ ਨਾਨਕਸਰ ਕਲੇਰਾਂ ਵਾਲੇ ਰੂਹਾਨੀ ਅਨੰਦ ਮਾਣਦੇ ਹੋਏ।

ਉਨ੍ਹਾਂ ਵੱਲੋਂ ਆਪਣੀ ਸਾਰੀ ਜਿੰਦਗੀ ਵਿਚ ਕੋਈ ਡੇਰਾ ਜ਼ਮੀਨ ਆਪਣੇ ਨਾਮ ਨਹੀਂ ਲਗਵਾਈ ਅਤੇ ਜਦੋਂ ਇਕ ਜਗ੍ਹਾ ਛੱਡ ਦੂਜੀ ਜਗ੍ਹਾ ਉਤੇ ਜਾਂਦੇ ਤਾਂ ਪਹਿਲੀ ਜਗ੍ਹਾ ਦਾ ਨਾਮ ਨਿਸ਼ਾਨ ਮਿਟਾ ਦਿੰਦੇ ਸਨ। ਆਪ ਜੀ ਨੇ ਗੁਰਬਾਣੀ ਦੇ ਇਸ ਫੁਰਮਾਨ ਨੂੰ ਪੂਰਨ ਤੌਰ ਤੇ ਪਰਤੱਖ ਕਰਕੇ ਦਰਸਾਇਆ ਹੈ-

***ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਅੰਗ - 10***

ਉਪਰੋਕਤ ਫੁਰਮਾਨ ਅਨੁਸਾਰ ਆਪ ਨੇ ਫੁਰਮਾਇਆ ਕਿ ਠਾਠ ਵਿਚ ਭੋਜਨ ਨਹੀਂ ਤਿਆਰ ਕਰਨਾਂ ਅਤੇ ਪਰਾਲੱਬਧ ਉਪਰ ਸ਼ਾਖਰ ਰਹਿ ਕੇ ਨਿਰੋਲ ਫੁਰਨੇ ਰਹਿਤ ਭਜਨ ਬੰਦਗੀ ਕਰਨੀ ਹੈ ਭੋਜਨ ਕਪੜਾ ਸਰੀਰ ਦੇ ਨਿਰਬਾਹ ਵਾਸਤੇ ਆਪਣੇ ਆਪ ਹੀ ਆਵੇਗਾ। ਅੱਜ ਤੱਕ ਨਾਨਕਸਰ ਠਾਠ ਜੋ ਕਿ ਦੇਸ਼ਾਂ ਵਿਦੇਸ਼ਾਂ ਵਿਚ ਕਾਇਮ ਹਨ ਉਨ੍ਹਾਂ ਮਹਾਂਪੁਰਸ਼ਾਂ ਦੇ ਬਚਨਾਂ ਦੇ ਉਪਰ ਪਹਿਰਾ ਦੇ ਰਹੇ ਹਨ। ਸਤਿਪੁਰਸ਼ਾਂ ਵੱਲੋਂ ਭਜਨ ਭੋਜਨ ਦੀ ਪੂਰੀ ਮਰਿਆਦਾ ਸਿਖਾਉਣਾ ਕੀਤੀ ਗਈ ਹੈ ਕਿ ਕਿਵੇਂ ਅਲਪ ਅਹਾਰ ਭੋਜਨ ਛੱਕ ਕੇ ਘੱਟ ਨੀਂਦ ਲੈ ਕੇ ਸੁਚੇਤ ਹੋ ਕੇ ਭਜਨ ਕਰਨਾ ਹੈ। ਆਪ ਜੀ ਭਜਨ ਦੀਆਂ ਜੁਗਤੀਆਂ ਨੂੰ ਦੱਸਦੇ ਸਨ ਜੋ ਕਿ ਸਾਰੇ ਹੀ ਸਤਿ ਪੁਰਸ਼ ਹੀ ਇਕ ਮੱਤ ਉਪਰ ਸਹਿਮਤ ਹਨ ਜਿਵੇਂ ਕਿ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਨੇ ਵੀ ਧਿਆਨ ਦੀ ਪਰਪੱਕਤਾ ਵਾਸਤੇ ਹੇਠ ਲਿਖੇ ਅਨੁਸਾਰ ਦਰਸਾਇਆ ਹੈ -

ਸਭ ਤੋਂ ਪਹਿਲਾਂ ਤਾਂ ਆਗਿਆ ਚੱਕਰ ਵਿਚ, ਜਿਥੇ ਦੋਨੋਂ ਅੱਖਾਂ ਅਤੇ ਨੱਕ ਦੀ ਜੜ੍ਹ ਵਿਚ ਸੁਰਤ ਟਿਕਾਉਣੀ ਹੈ, ਉਥੇ ਮਿਹਨਤ ਕਰਕੇ ਧਿਆਨ ਟਿਕਾਉਣਾ ਹੈ। ਜਿਵੇਂ-



***ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ॥ ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ ਪਰਿਓ ਸਾਧ ਕੀ ਸਰਨਾ॥ ਅੰਗ - 531***

ਇਥੇ ਸਾਕਾਰ ਦਾ ਧਿਆਨ ਧਰਦਿਆਂ ਹੌਲੀ-ਹੌਲੀ ਧਿਆਨ ਵਿਚ ਪ੍ਰਕਾਸ਼ ਆ ਜਾਵੇਗਾ ਅਤੇ ਸਾਕਾਰ ਸਰੂਪ ਦੇ ਪ੍ਰਕਾਸ਼ਮਈ ਰੂਪ ਵਿਚ ਦਰਸ਼ਨ ਹੋਣਗੇ। ਇਹ ਦਰਸ਼ਨ ਹੁੰਦੇ ਆਰ-ਪਾਰ ਦਿਸੇਗਾ। ਜਦੋਂ ਆਪਣਾ ਆਪ ਇਸ ਸਾਕਾਰ ਸਰੂਪ ਵਿਚ ਲੈਅ ਹੋ ਕੇ ਆਪਣਾ ਹੀ ਸਰੀਰ ਧਿਆਨ ਕੀਤੇ ਹੋਏ ਸਰੂਪ ਵਰਗਾ ਅਨੁਭਵ ਹੋਵੇ ਤਾਂ ਧਿਆਤਾ, ਧਿਆਨ, ਧੇਅ ਦੀ ਤ੍ਰਿਕੁਟੀ ਟੁੱਟ ਜਾਇਆ ਕਰਦੀ ਹੈ ਅਤੇ ਜਗਿਆਸੂ ਉਪਰਲੀਆਂ ਮੰਜ਼ਲਾਂ ਦਾ ਅਧਿਕਾਰੀ ਹੋ ਜਾਇਆ ਕਰਦਾ ਹੈ।

**Warning** - ਸ਼ਬਦ ਸੁਰਤ ਦਾ ਮਾਰਗ ਗੁਪਤ ਮਾਰਗ ਹੋਣ ਕਰਕੇ ਪ੍ਰਗਟ ਕਰਨਾ ਨਹੀਂ ਬਣਦਾ। ਮਹਾਂਪੁਰਸਾਂ ਦੀ ਜੋ ਹਦਾਇਤ ਹੈ, ਉਸ ਉਪਰ ਦ੍ਰਿੜ੍ਹ ਵਿਸ਼ਵਾਸ਼ ਕਰਨਾ ਪੈਂਦਾ ਹੈ। ਵਾਹਿਗੁਰੂ ਤਕ ਪਹੁੰਚਣ ਦੇ ਬੇਅੰਤ ਰਸਤੇ ਹਨ, ਬੇਅੰਤ ਸਾਧਨ ਹਨ ਪਰ ਜਿਸ ਫਾਰਮੂਲੇ ਦੇ ਆਧਾਰ ਤੇ ਪ੍ਰਸ਼ਨ ਦਾ ਹੱਲ ਕੱਢਿਆ ਜਾਵੇ, ਉਸ ਉਤੇ ਹੀ ਦ੍ਰਿੜ੍ਹ ਰਹਿਣਾ ਚਾਹੀਦਾ ਹੈ। ਕਈ ਅਭਿਆਸ ਤੋਂ ਹੀਣੇ ਪ੍ਰੇਮੀ ਇਸ ਮਾਰਗ ਉਪਰ ਤਰਕ ਕਰਦੇ ਹਨ ਕਿ ਇਹ ਬੁਤ



ਪ੍ਰਸਤੀ ਹੈ, ਮਨਮਤਿ ਹੈ ਪ੍ਰੰਤੂ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ -

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥***

ਧਿਆਨ ਜਗਿਆਸੂ ਦੀ ਅਵਸਥਾ ਦੇ ਮੁਤਾਬਿਕ ਤਿੰਨ ਕਿਸਮ ਦਾ ਹੋਇਆ ਕਰਦਾ ਹੈ। 1. ਪ੍ਰਤੀਕ ਧਿਆਨ 2. ਸੰਪਤ ਧਿਆਨ 3. ਅਹੰਗ੍ਰਹਿ ਧਿਆਨ।

**1. ਪ੍ਰਤੀਕ ਧਿਆਨ** - ਜਿਸ ਵਸਤੂ ਵਿਚ ਈਸ਼੍ਵਰ ਬੁਧੀ ਕਰਨੀ ਹੋਵੇ ਉਸਨੂੰ ਪ੍ਰਤੱਖ ਪ੍ਰਮਾਣ ਨਾਲ ਨਿਸ਼ਚੇ ਕਰਕੇ ਯਾਨਿ ਉਸਦਾ ਅਸਲ ਸਰੂਪ ਪ੍ਰਧਾਨ ਰੱਖ ਕੇ ਸਾਸ਼ਤ੍ਰ ਪ੍ਰਮਾਣਾਂ ਨਾਲ ਉਸ ਵਿਚ ਈਸ਼੍ਵਰ ਬੁੱਧੀ ਕਰਨੀ, ਇਸ ਦਾ ਨਾਮ ਪ੍ਰਤੀਕ ਧਿਆਨ ਹੈ। ਜਿਵੇਂ ਕਿ ਫੁਰਮਾਨ ਹੈ ਕਿ -

***ਗੁਰੁ ਪਰਮੇਸਰੁ ਏਕੋ ਜਾਣੁ॥***
***ਅੰਗ - 864***



ਗੁਰੂ ਨੂੰ ਪ੍ਰਮੇਸ਼ਰ ਦਾ ਰੂਪ ਜਾਣ ਕੇ ਉਸਦਾ ਧਿਆਨ ਕਰਨਾ ਉਸ ਵਿਚ ਬ੍ਰਹਮ ਬੁੱਧੀ ਕਰਨੀ, ਇਹ ਪ੍ਰਤੀਕ ਉਪਾਸ਼ਨਾ ਕਹਾਉਂਦੀ ਹੈ।

**2. ਸੰਪਤ ਧਿਆਨ** - ਧੇਅ ਦਾ ਜੋ ਪ੍ਰਤੱਖ ਰੂਪ ਹੈ ਉਸ ਨੂੰ ਤਿਆਗ ਕੇ ਉਸ ਵਿਚ ਈਸ਼੍ਵਰ ਬੁੱਧੀ ਕਰਕੇ ਧਿਆਨ ਕਰਨਾ ਸੰਪਤ ਉਪਾਸ਼ਨਾ ਹੈ। ਜਿਵੇਂ ਕਿ ਫੁਰਮਾਨ ਹੈ-

***ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥***
***ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ॥***
***ਅੰਗ - 53***

***ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਈ॥***
***ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ ਸੋਇ॥***
***ਅੰਗ - 49***

***ਗੁਰ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ॥***
***ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ॥***
***ਅੰਗ - 49***

***ਗੁਰੁ ਪਰਮੇਸਰੁ ਗੁਰੁ ਗੋਵਿੰਦੁ॥***

*ਗੁਰੁ ਦਾਤਾ ਦਇਆਲ ਬਖਸਿੰਦੁ॥*
*ਗੁਰ ਚਰਨੀ ਜਾ ਕਾ ਮਨੁ ਲਾਗਾ॥*
*ਨਾਨਕ ਦਾਸ ਤਿਸੁ ਪੂਰਨ ਭਾਗਾ॥*
*ਗੁਰ ਕੇ ਚਰਨ ਹਿਰਦੈ ਵਸਾਏ॥*
*ਕਰਿ ਕਿਰਪਾ ਪ੍ਰਭਿ ਆਪਿ ਮਿਲਾਏ॥*

ਸਾਕਾਰ ਦਾ ਜੋ ਧਿਆਨ ਧਰਨਾ ਹੈ ਇਹ ਉਪਾਸ਼ਨਾ ਕਾਂਡ ਵਿਚ ਬਹੁਤ ਜ਼ਰੂਰੀ ਹੈ ਕਿਉਂਕਿ ਜਗਿਆਸੂ ਦੀ ਬੁੱਧੀ ਸ਼ਬਦ ਦੇ ਭੇਦ ਨੂੰ ਨਹੀਂ ਜਾਣਦੀ ਅਤੇ ਸ਼ਬਦ ਨੂੰ ਨਹੀਂ ਫੜ ਸਕਦੀ। ਸ਼ਬਦ ਦੇ ਨਾਲ ਸੁਰਤ ਜੋੜਨੀ ਬਹੁਤ advanced ਜਗਿਆਸੂ ਦਾ ਕੰਮ ਹੋਇਆ ਕਰਦਾ ਹੈ। ਜਿਸ ਨੇ ਆਪਣੀ ਸੁਰਤ ਨੂੰ ਸੰਸਾਰ ਵਿਚੋਂ ਪੂਰੀ ਤਰ੍ਹਾਂ ਨਾਲ ਖਿਚ ਕੇ ਸਰਬ ਰਮੇ ਹੋਏ ਵਾਹਿਗੁਰੂ ਦੇ ਵਿਚ ਲੀਨ ਕੀਤਾ ਹੈ, ਉਹ ਸ਼ਬਦ ਦੇ ਧਿਆਨ ਧਰਨ ਦਾ ਅਧਿਕਾਰੀ ਹੋਇਆ ਕਰਦਾ ਹੈ। ਸ਼ਬਦ, ਅੱਖਰ ਨਹੀਂ ਹੋਇਆ ਕਰਦੇ, ਸ਼ਬਦ ਧੁਨ ਐਨਰਜੀ ਹੈ, ਪ੍ਰਭੂ ਨਾਲ ਇਕਮਿਕ ਹੈ। ਸੋ ਧੁਨ ਵਿਚ ਧਿਆਨ ਸਮੇਂ ਵਾਹਿਗੁਰੂ ਦੀ ਪਰਿਪੂਰਨਤਾ ਦਾ ਪੂਰੀ ਤਰਾਂ ਅਹਿਸਾਸ ਕਰਨਾ ਸ਼ਬਦ ਦਾ ਧਿਆਨ ਹੋਇਆ ਕਰਦਾ ਹੈ। ਬਹੁਤ ਸਾਰੇ ਪ੍ਰੇਮੀ ਗਲਤੀ ਨਾਲ ਅੱਖਰਾਂ ਦਾ ਧਿਆਨ ਕਰਨ ਲਗ ਜਾਂਦੇ ਹਨ। ਉਸ ਨਾਲ ਤਰੱਕੀ ਹੋ ਨਹੀਂ ਸਕਿਆ ਕਰਦੀ। ਦੂਸਰੀ ਇਹ ਵੀ ਗੱਲ ਹੈ ਕਿ ਜਿਸ ਸਕੂਲ ਵਿਚ ਆਪ ਦਾਖਲ ਹੋ ਗਏ ਉਸੇ ਪ੍ਰੋਫੈਸਰ ਦੇ ਦੱਸੇ ਫਾਰਮੂਲਿਆਂ ਤੇ ਚਲਣਾ ਪੈਂਦਾ ਹੈ, ਉਸ ਉਪਰ ਤਰਕ ਕਰਕੇ ਵੈਰਾਗ ਦੀਆਂ ਛੇ ਕਲਾਂ ਨਸ਼ਟ ਹੋ ਜਾਇਆ ਕਰਦੀਆਂ ਹਨ ਅਤੇ ਜਗਿਆਸੂ ਦਾ ਕੀਤਾ ਕਰਾਇਆ ਕੁਛ ਵੀ ਮੁੱਲ ਨਹੀਂ ਰਖਿਆ ਕਰਦਾ। ਇਸੇ ਤਰ੍ਹਾਂ ਨਾਲ ਕਈ ਪ੍ਰੇਮੀ ਖਾਸ ਕਰਕੇ ਅੱਜਕਲ ਆਪਣੀ ਨਾਸਤਿਕਤਾ ਦੇ ਅਧੀਨ ਹੋਏ ਹੋਏ ਬਾਰ-ਬਾਰ ਰਟ ਲਾ ਰਹੇ ਹਨ ਕਿ ਇਸ ਮਾਰਗ ਲਈ ਸਾਧ-ਸੰਤ ਦੀ ਕੋਈ ਜ਼ਰੂਰਤ ਨਹੀਂ ਹੈ। ਉਨ੍ਹਾਂ ਦੀ ਇਹ ਤਰਕ ਇਕ ਗੱਲੋਂ ਤਾਂ ਠੀਕ ਹੈ ਕਿਉਂਕਿ ਭੇਖ ਕਰਕੇ ਬਹੁਤ ਸਾਰੇ ਪ੍ਰੇਮੀ ਸਾਧੂ-ਸੰਤ ਕਹਾਉਣ ਲਗ ਜਾਂਦੇ ਹਨ ਪਰ ਉਨ੍ਹਾਂ ਦਾ ਕਿਰਦਾਰ ਅਜੇ ਮਾਇਆ ਦੀਆਂ ਖਿੱਚਾਂ ਤੋਂ ਉਪਰ ਨਹੀਂ ਉਠਿਆ ਹੁੰਦਾ, ਪਰਮਪਦ ਦੀ ਉਨ੍ਹਾਂ ਨੂੰ ਬਿਲਕੁਲ ਹੀ ਗਿਆਤ ਨਹੀਂ ਹੁੰਦੀ, ਆਪ ਵੀ ਰੂਹਾਨੀ ਤੌਰ ਤੇ ਅੰਨ੍ਹੇ ਹੁੰਦੇ ਹਨ। ਜੇ ਕੋਈ ਉਨ੍ਹਾਂ ਦੇ ਪਿਛੇ ਲਗੇਗਾ, ਉਹ ਖਾਤੇ ਵਿਚ ਗਿਰੇਗਾ -

*ਅੰਨਾ ਆਗੂ ਜੇ ਥੀਐ, ਸਭੁ ਸਾਥੁ ਮੁਹਾਵੈ॥*
*ਭਾਈ ਗੁਰਦਾਸ ਜੀ, ਵਾਰ - 35/2*

ਇਸ ਕਰਕੇ ਗੁਰਮੁਖ, ਸੰਤ, ਗੁਰਸਿੱਖ, ਭਗਤ, ਬ੍ਰਹਮਗਿਆਨੀ, ਸਾਧ ਜਨ ਆਦਿਕਾਂ ਨਾਲ ਪਿਆਰ ਕਰਕੇ ਉਨ੍ਹਾਂ ਦੇ ਪਿਆਰੇ ਸਤਿਗੁਰੂ ਅਤੇ ਵਾਹਿਗੁਰੂ ਨਾਲ ਪਿਆਰ ਪੈਂਦਾ ਹੈ। ਸੰਤ ਕਿਉਂਕਿ ਬਹੁਤ ਵਿਰਲੇ ਹਨ ਇਸ ਕਰਕੇ ਨਿਸ਼ਾਨੀ ਲਿਖੀ ਹੈ-

*ਆਵੈ ਸਾਹਿਬੁ ਚਿਤਿ ਤੇਰਿਆਂ ਭਗਤਾਂ ਡਿਠਿਆ॥*
*ਅੰਗ - 520*

ਜਿਨ੍ਹਾਂ ਦੇ ਦਰਸ਼ਨ ਕਰਕੇ ਆਪਣੇ ਆਪ ਹੀ ਚਸ਼ਮੇ ਵਿਚੋਂ ਪਾਣੀ ਨਿਕਲਣ ਵਾਂਗ ਗੁਰਮੰਤ੍ਰ ਦੀ ਰੌਂ ਚਲ ਪਵੇ, ਸੁਰਤ ਅੰਤਰਮੁਖ ਹੁੰਦੀ ਜਾਵੇ ਅਤੇ ਨਾਮ ਧੁਨ ਦੇ ਹੁਲਾਰੇ ਸ਼ੁਰੂ ਹੋ ਜਾਣ ਤਾਂ ਸਮਝੋ ਕਿ ਤੁਸੀਂ ਕਿਸੇ ਸੰਤ ਵਿਅਕਤੀ ਦੇ ਨੇੜੇ ਬੈਠੇ ਹੋ। ਫੁਰਮਾਨ ਹੈ -

*ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥*
*ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ॥*
*ਅੰਗ - 1421*

ਇਹ ਠੀਕ ਹੈ ਕਿ -

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥*

ਪ੍ਰੰਤੂ ਅਸਥੂਲ ਬੁੱਧੀ ਵਾਲਾ ਜਗਿਆਸੂ ਜਿਸ ਦੀ ਬਿਰਤੀ ਟਿਕ ਹੀ ਨਹੀ ਰਹੀ, ਉਹ ਸ਼ਬਦ ਨੂੰ ਫੜ ਹੀ ਨਹੀਂ ਸਕਦਾ। ਜਨਮਾਂ ਜਨਮਾਂਤਰਾਂ ਦੀ ਘਾਲ ਸ਼ਬਦ ਨੂੰ ਫੜ ਹੀ ਨਹੀਂ ਸਕਦਾ। ਜਨਮਾਂ-ਜਨਮਾਂਤਰਾਂ ਦੀ ਘਾਲ ਸ਼ਬਦ ਦੀ ਸੋਝੀ ਦਿੰਦੀ ਹੈ। ਐਸੇ ਜਗਿਆਸੂ ਪਿਛਲੇ ਜਨਮ ਵਿਚ ਜਿਸ ਥਾਂ ਤੋਂ ਅਭਿਆਸ ਛੱਡ ਕੇ ਹੋਰ ਸਰੀਰ ਧਾਰ ਕੇ ਸੰਸਾਰ ਵਿਚ ਆਏ ਹੁੰਦੇ ਹਨ, ਉਹ ਆਪਣੀ ਪਿਛਲੀ ਘਾਲ ਕਮਾਈ ਕਰਕੇ ਸ਼ਬਦ ਨਾਲ ਸੁਰਤ ਦਾ ਮੇਲ ਕਰਾ ਲੈਂਦੇ ਹਨ। ਪ੍ਰੰਤੂ ਜੋ ਜਗਿਆਸੂ ਵਿਸ਼ੇ-ਵਿਕਾਰਾਂ ਵਿਚੋਂ ਕੱਢ ਕੇ, ਗੁਰੂ ਵਾਲਾ ਬਣਾ ਕੇ ਨਾਮ ਮਾਰਗ ਦੀ ਪਹਿਲੀ ਦੂਜੀ ਜਮਾਤ ਵਿਚ ਚਲ ਰਿਹਾ ਹੈ, ਉਹ ਐਮ.ਏ. ਦੀ ਕਲਾਸ ਨੂੰ ਕਿਸੇ ਤਰ੍ਹਾਂ ਵੀ ਸਮਝ ਨਹੀਂ ਸਕਿਆ ਕਰਦਾ। ਜੇ ਉਸਨੇ ਆਪਣੇ ਮੰਜ਼ਿਲੇ ਮਕਸੂਦ ਤੇ ਪਹੁੰਚਣਾ ਹੈ ਤਾਂ ਉਸਨੂੰ ਇਨ੍ਹਾਂ ਤਰਕਾਂ ਤੋਂ ਪੂਰਨ ਰੂਪ ਵਿਚ ਦੂਰ ਰਹਿਣਾ ਪਵੇਗਾ ਅਤੇ ਉਸਨੂੰ ਪੂਰਨ ਮਹਾਂਪੁਰਸ਼ਾਂ ਦੇ ਦਿਤੇ ਹੋਏ ਸਬਕ ਅਸਥੂਲ ਧਿਆਨ ਵਿਚੋਂ ਲੰਘਣਾ ਹੀ ਪਵੇਗਾ। ਨਹੀਂ ਤਾਂ ਅਵਸਥਾ ਸਿਧ ਨਾ ਹੋਣ ਕਰਕੇ ਇਸੇ ਚੱਕਰ ਵਿਚ ਜਨਮ ਬੀਤ ਜਾਵੇਗਾ।

ਬਾਬਾ ਨੰਦ ਸਿੰਘ ਜੀ ਮਹਾਰਾਜ ਜੀ ਦਾ ਜੀਵਨ ਸੁਰਤਿ ਸ਼ਬਦ ਮਾਰਗ ਦੀ ਦ੍ਰਿੜਤਾ, ਪ੍ਰਪੱਕਤਾ, ਪ੍ਰਚਾਰ ਵਾਸਤੇ ਸਮਰਪਿਤ ਸੀ ਆਪ ਦਾ ਜੀਵਨ ਆਉਣ ਵਾਲੇ ਸਮੇਂ ਵਾਸਤੇ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ ਜਿਵੇਂ ਕਿ ਸਮੁੰਦਰੀ ਜਹਾਜਾਂ ਦਾ ਲਾਈਟ ਹਾਊਸ ਪਥ ਪ੍ਰਦਰਸ਼ਕ ਹੁੰਦਾ ਹੈ।

ਸਹਿਬਾਂ ਦੀ ਬਾਣੀ ਸੁਖਮਨੀ ਸਾਹਿਬ ਜੋ ਕਿ ਸੁਖਾਂ

ਦੀ ਮਣੀ ਹੈ ਇਸ ਬਾਰੇ ਆਪ ਜੀ ਬਹੁਤ ਹੀ ਮਹਿਮਾਂ ਭਰਪੂਰ ਬਚਨ ਕਰਦੇ ਸਨ। ਉਨ੍ਹਾਂ ਨੇ 1928 ਤੋਂ ਦਿਨ ਦੇ ਸਾਰੇ ਸਮੇਂ ਸੁਖਮਨੀ ਸਾਹਿਬ ਜੀ ਦੇ ਪਾਠ ਅਰੰਭ ਕਰਵਾ ਦਿਤੇ ਅਤੇ 1930 ਤੋਂ ਦਿਨ ਰਾਤ ਲਗਾਤਾਰ ਹੁਣ ਤੱਕ ਸੁਖਮਨੀ ਸਾਹਿਬ ਜੀ ਦੇ ਨਿਰੰਤਰ ਪਾਠਾਂ ਦੇ ਪਰਵਾਹ ਚਲ ਰਹੇ ਹਨ ਬਾਬਾ ਜੀ ਆਪਣੇ ਸਤਿਸੰਗ ਪ੍ਰਵਚਨਾਂ ਤੋਂ ਬਾਅਦ ਦਰਗਾਹੀ ਪ੍ਰਸ਼ਾਦ ਵੰਡਿਆ ਕਰਦੇ ਸਨ ਜੋ ਕਿ ਹੇਠ ਲਿਖੀ ਵਿਧੀ ਅਨੁਸਾਰ ਹੁੰਦਾ ਸੀ –

1. ਹਰ ਗੁਰਸਿਖ ਨੂੰ ਇਕ ਮਹੀਨੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਪਾਠ ਕਰਨਾ ਚਾਹੀਦਾ ਹੈ

ਜਾਂ

2. 50 ਸੁਖਮਨੀ ਸਾਹਿਬ ਦੇ ਪਾਠ ਇਕ ਮਹੀਨੇ ਵਿਚ ਕਰਨੇ ਚਾਹੀਦੇ ਹਨ

ਜਾਂ

3. 250 ਜਪੁਜੀ ਸਾਹਿਬ ਦੇ ਪਾਠ ਇਕ ਮਹੀਨੇ ਕਰਨੇ ਚਾਹੀਦੇ ਹਨ।

ਜਾਂ

4. ਇਕ ਮਹੀਨੇ ਵਿਚ ਮੂਲਮੰਤਰ (ੴ ਤੋਂ ਹੋਸੀ ਭੀ ਸਚੁ-ਤੱਕ) ਦੀਆਂ 180 ਮਾਲਾ (108 ਮਣਕਿਆਂ ਵਾਲੀ ਮਾਲਾ) ਕਰਨੀਆਂ। ਜੋ ਕਿ ਛੇ ਮਾਲਾ ਰੋਜ਼ ਕਰਨੀਆਂ।

ਜਾਂ

5. ਹਰ ਰੋਜ਼ ਗੁਰੁ ਮੰਤਰ 'ਵਾਹਿਗੁਰੂ' ਦੀਆਂ 80 ਮਾਲਾ ਕਰਨੀਆਂ ਜੇ ਇਕ ਮਣਕੇ ਨਾਲ 4 ਵਾਰ ਵਾਹਿਗੁਰੂ ਨਾਮ ਜਪਿਆ ਤਾਂ 20 ਮਾਲਾ ਕਰਨੀਆਂ।

1924 ਦੇ ਗਰਮੀਆਂ ਦੇ ਦਿਨਾਂ ਵਿਚ ਬਾਬਾ ਜੀ ਨਗਰ ਝੋਰੜਾ ਵਿਖੇ ਆਪਣੇ ਮੁਬਾਰਕ ਚਰਨ ਪਾਉਣ ਗਏ। ਓਥੇ ਹੀ ਅੱਧੀ ਰਾਤ ਇਕ ਨੌਜਵਾਨ ਜਿਸ ਦਾ ਨਾਮ ਭਾਈ ਇੰਦਰ ਸਿੰਘ ਸੀ ਬਾਬਾ ਜੀ ਦੇ ਕੋਲ ਆਇਆ ਅਤੇ ਪਹਿਲੀ ਹੀ ਮਿਲਣੀ ਵਿਚ ਬਾਬਾ ਜੀ ਨੂੰ ਆਪਣਾ ਆਪਾ ਸਮਰਪਿਤ ਕਰ ਦਿਤਾ। ਜਿਨ੍ਹਾਂ ਨੇ ਬਾਅਦ ਵਿਚ ਇੰਦਰ ਸਿੰਘ ਤੋਂ ਬਾਬਾ ਈਸ਼ਰ ਸਿੰਘ ਜੀ ਦੇ ਨਾਮ ਨਾਲ ਬਾਬਾ ਨੰਦ ਸਿੰਘ ਜੀ ਦੇ ਪੂਰਨ ਉਤਰਾ ਅਧਿਕਾਰੀ ਦੇ ਰੂਪ ਵਿਚ ਪ੍ਰਸਿਧਤਾ ਪ੍ਰਾਪਤ ਕੀਤੀ ਅਤੇ ਨਾਨਕਸਰ ਠਾਠ ਕਲੇਰਾਂ ਵਿਖੇ ਆਲੀਸ਼ਾਨ ਸੁੰਦਰ ਗੁਰਦੁਆਰਾ ਸਾਹਿਬ ਇਮਾਰਤ ਦੀ ਕਾਰਸੇਵਾ ਕਰਵਾਈ ਅਗਸਤ 1943 ਵਿਚ ਆਪ ਨੇ ਆਪਣੇ ਪੰਜ ਭੂਤਕ ਸਰੀਰਕ ਚੋਲੇ ਦਾ ਪਰਿਤਿਆਗ ਕਰਕੇ ਹੇਠ ਲਿਖੇ ਗੁਰਬਾਣੀ ਫੁਰਮਾਨ ਨੂੰ ਪੂਰਾ ਕੀਤਾ –

***ਜਿਉ ਜਲ ਮਹਿ ਜਲੁ ਆਇ ਖਟਾਨਾ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮ॥***
***ਨਾਨਕ ਪ੍ਰਭ ਕੈ ਸਦ ਕੁਰਬਾਨ॥*** ***ਅੰਗ – 278***

ਆਪ ਜੀ ਦੀ ਬਰਸੀ ਸਮੇਂ ਹਰ ਸਾਲ ਹੀ ਨਾਨਕਸਰ ਕਲੇਰਾਂ ਦੀ ਪਵਿੱਤਰ ਪਾਵਨ ਭੂਮੀ ਉਪਰ ਲੱਖਾਂ ਹੀ ਸ਼ਰਧਾਲੂ ਆਪਣੀ ਸ਼ਰਧਾ ਅਕੀਦਤ ਭਾਵਨਾਂ ਨਾਲ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਸਮਰਪਿਤ ਕਰਨ ਵਾਸਤੇ ਪਹੁੰਚਦੇ ਹਨ।

---

(ਪੰਨਾ 33 ਦੀ ਬਾਕੀ)

ਕਾਲੀਆਂ ਘਟਾਵਾਂ ਵਿਚ ਗੁੰਮ ਹੋ ਗਈ। ਕੋਈ ਗਿਆਨ ਮਨ ਨੂੰ ਧੀਰਜ ਨਹੀਂ ਦੇ ਰਿਹਾ ਸੀ। ਅੱਜ ਕਿੰਨੇ ਹੀ ਸਾਲ ਲੰਘ ਚੁੱਕੇ ਹਨ ਪਰ ਇਸ ਬਿਰਹੋਂ ਘਾਵ ਦੀ ਪੀੜਾ ਘੱਟ ਹੋਣ ਦੀ ਥਾਂ ਵਧਦੀ ਹੀ ਜਾਂਦੀ ਹੈ। ਕੀ ਕਦੇ ਵੀ ਮੁੜ ਕੇ ਇਸ ਮਹਾਨ ਪਵਿੱਤਰ ਵਜੂਦ ਨਾਲ ਮੇਲ ਨਹੀਂ ਹੋਣਾ? ਬੱਸ ਇਹ ਇਕ ਸਵਾਲ ਹੈ ਜੋ ਕਿਸੇ ਤਰੀਕੇ ਨਾਲ ਵੀ ਹੱਲ ਹੁੰਦਾ ਨਜ਼ਰ ਨਹੀਂ ਆ ਰਿਹਾ। ਕੀ ਕਰਿਆ ਜਾਵੇ, ਹਾਲ ਇਹ ਹੈ –

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥***
***ਅੰਗ – 83***

ਪਰ ਬ੍ਰਿਹੋਂ ਵਿਚ ਮਰੇ ਹੋਏ ਫੇਰ ਜਿਉਂਦੇ ਹਾਂ। ਹੁਣ ਸਰੀਰਕ ਮਿਲਾਪ ਦੀ ਆਸ ਮਧਮ ਪੈ ਚੁਕੀ ਇਸ ਦੀ ਥਾਂ ਇਕ ਉਠੀ ਹੈ ਸੂਝ! ਕਿ ਉਹ ਤਾਂ ਸਰੀਰ ਦੇ ਅੰਦਰ ਇਕ-ਇਕ ਕਣ ਵਿਚ ਬਿਰਾਜ ਰਹੇ ਹਨ ਮੇਰੀ ਮੈਂ ਮਰ ਕੇ ਤੂੰ ਵਿਚ ਬਦਲ ਰਹੀ ਹੈ ਸਦੀਵੀ ਦਰਸ਼ਨ ਢਾਰਸ ਦੇ ਰਹੇ ਹਨ। ਹੁਣ ਲਗਦਾ ਹੈ ਕਿ ਪਿਆਰਾ ਤਾਂ ਨਿਕਟ ਖੜੋਤਾ ਪਿਆਰ ਮੁਸਕਾਨਾਂ ਦੇ ਰਿਹਾ ਹੈ ਅਤੇ ਅਵਿਛੜ ਹੈ, ਉਹ ਸਾਰੇ ਸੰਸਾਰ ਦਾ ਆਪਾ ਹੈ ਅਤੇ ਮੇਰੀ ਸੌੜੀ ਮੈਂ ਨੂੰ ਮਾਰ ਕੇ ਪ੍ਰਮ ਜਿੰਦ, ਪ੍ਰਮ ਆਪੇ ਵਿਚ ਬਦਲਣਾ (convert) ਚਾਹ ਰਿਹਾ ਹੈ। ਹੇ ਪ੍ਰੀਤਮ! ਕਿਤੇ ਭੀ ਰੱਖ ਪਰ ਅਨੁਭਵ ਮੰਡਲ ਵਿਚੋਂ ਅਲੋਪ ਨਾ ਹੋਈਂ। ਤੇਰੇ ਪਿਆਰ ਵਿਚ ਜਿਓਂ ਰਹੇ ਹਾਂ। ਤੂੰ ਸਾਰੇ ਵਿਆਪਕ ਹੈਂ – ਆਤਮਾ ਹੀ ਪ੍ਰਮਾਤਮਾ ਹੈ, ਪ੍ਰਮਾਤਮਾਂ ਆਤਮਾਂ ਨਾਲ ਘੁਲ ਮਿਲ ਰਿਹਾ ਹੈ, ਇਕ ਹੀ ਹੈ। ਆਦਿ ਹੋਂਦ ਹੈ, ਅਸੀਂ ਹੀ ਭੁਲੇਖੇ ਵਿਚ ਤੈਨੂੰ ਪਛਾਣ ਨਾ ਸਕੇ ਅਤੇ ਤੈਨੂੰ ਸਰੀਰਧਾਰੀ ਸਮਝ ਕੇ ਸਰੀਰ ਰੂਪ ਵਿਚ ਹੀ ਦੇਖਦੇ ਰਹੇ। ਸੂਝ ਬਖਸ਼, ਇਸ 'ਮੈਂ' ਨੂੰ 'ਤੂੰ' ਵਿਚ ਬਦਲ ਲੈ। ਮੈਂ ਨਾ ਹੋਵਾਂ, ਇਕ ਤੂੰ ਹੀ ਹੋਵੇਂ –

***ਸੰਤ ਅਨੰਤਹਿ ਅੰਤਰੁ ਨਾਹੀ॥*** ***ਅੰਗ – 486***

# ਸੰਤ ਬਿਮਲਾ ਸਿੰਘ

*ਡਾ. ਭਾਈ ਵੀਰ ਸਿੰਘ ਜੀ*

## 'ਪੀੜਾ-ਹਰਨ' ਦਾਤਾ

੧

(ਅਰਦਾਸ)

..........ਤੂ ਭਰਪੂਰਿ ਜਾਨਿਆ ਮੈ ਦੂਰਿ॥ ਜੋ ਕੁਛ ਕਰੀ ਸੁ ਤੇਰੇ ਹਦੂਰਿ॥ ਹਾਂ, ਮੇਰੇ ਦਾਤਾ! ਤੂੰ ਹਾਜਰਾ ਹਜੂਰ ਹੈਂ, ਮੈਂ ਦੂਰ ਕਰਿ ਜਾਤਾ ਹੈ.........ਜਾਨਿਆ ਮੈਂ ਦੂਰਿ, ਦੂਰ, ਦੂਰ, ਦੂਰ। ਤੂੰ ਹਦੂਰ ਹੈਂ, ਹਾਜਰਾ ਹਜੂਰ, ਜ਼ਾਹਿਰਾ ਜ਼ਹੂਰ। ਬਖਸ਼ ਮੇਰੇ ਦਾਤਾ! ਅਕਾਲ ਪੁਰਖ ਵਾਹਿਗੁਰੂ! ਦੀਨਾ ਬੰਧੂ, ਕਰੁਣਾਮਯ ਜਗਦੀਸ਼੍ਵਰ!..........ਰਾਖੁ ਸਦਾ ਪ੍ਰਭ ਅਪਨੈ ਸਾਥ॥ ਤੂੰ ਹਮਰੋ ਪ੍ਰੀਤਮ ਮਨਮੋਹਨੁ ਤੁਝ ਬਿਨੁ ਜੀਵਨ ਸਗਲ ਅਕਾਥ॥ ਹੇ ਸਾਥੀ! ਪਾਰਬ੍ਰਹਮੁ ਭਇਓ ਸਾਥੀ, ਹੇ ਮੇਰੇ ਸਦਾ ਦੇ ਸਾਥੀ, ਮੇਰਾ ਸਾਥੀ ਹੋ! ਤੁਧ ਬਿਨ ਇਹ ਜੀਵਨ ਬਿਰਥਾ ਹੈ। ਦਾਤਾ! ਤੂੰ ਤਾਂ ਅੰਗਸੰਗ ਹੈਂ, ਮੈਨੂੰ ਸਦਾ ਸਾਥ ਦਿਸ ਪਉ। ਤੇਰੇ ਸਾਥ ਦੀ ਪ੍ਰਤੀਤੀ ਮੇਰੇ ਅੰਦਰ ਹੋ ਆਵੇ। ਤੂੰ ਮੇਰਾ ਸਾਥਈ ਹੈਂ, ਹਾਂ ਤੇਰੀ ਮਿਹਰ ਨਾਲ ਮੈਂ ਸਾਥੀ ਜਾਤਾ ਹੈ, ਪਰ ਹੇ ਬਖਸ਼ਿੰਦ ਭੁੱਲ ਕਿਉਂ ਆ ਵਾਪਰਦੀ ਹੈ?

ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ॥ ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣ ਤਾਸ॥ ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ॥ ਹੇ ਗੋਬਿੰਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ॥ ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ॥ ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ॥ ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨਗੁਨੁ ਨਹੀ ਕੋਇ॥ ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥

ਦੇਹੁ ਆਪਨਾ ਨਾਉ, ਦਾਤਾ ਦੇਹੁ ਆਪਨਾ ਨਾਉ॥.......ਦਿਤਾ ਹੋਇਆ ਨੇ, ਦੇਂਦੇ ਹੋ, ਨਿਤ ਦੇਵਹਿ ਚੜਹਿ ਸਵਾਇਆ॥ ਪਰ ਕਿਉਂ ਮੈਨੂੰ ਭੁੱਲ ਆ ਵਾਪਰਦੀ ਹੈ?.......ਹਾਇ ਮਿਹਰਾਂ ਦੇ ਸਾਈਂ.......! ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ ਗੁਣ ਗਾਵਉ ਰੰਗਿ ਰਾਤਾ॥ ਗੁਣ ਗਾਵਉ ਰੰਗਿ ਰਾਤਾ ਸਦਾ, ਸਦਾ ਦਾਤ! ਸਦਾ ਤੇਰੇ ਰੰਗ ਰੱਤਾ ਰਹਾਂ.......'ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥ ਗੁਣ ਗਾਵਾ ਦਿਨ ਰਾਤਿ ਨਾਨਕ ਚਾਉ ਏਹੁ॥ ਏਹ ਚਾਉ ਚੜਿਆ ਰਹੇ, ਚਾਉ ਚੜੇ ਤੇਰੇ ਗੁਣ ਗਾਵਾਂ। ਹੇ ਦਾਤਾ! ਚਾਉ ਵਿਚ ਗੁਣ ਗਾਵਾਂ।......ਪ੍ਰਭ ਜੀ ਮਿਲ ਮੇਰੇ ਪ੍ਰਾਨ॥ ਬਿਸਰੁ ਨਹੀ ਨਿਮਖ ਹੀਅਰੇ ਤੇ ਅਪਨੇ ਭਗਤ ਕਉ ਪੂਰਨ ਦਾਨ॥ ਰਹਾਉ॥ ਖੋਵਹੁ ਭਰਮੁ ਰਾਖੁ ਮੇਰੇ ਪ੍ਰੀਤਮ ਅੰਤਰਜਾਮੀ ਸੁਘੜ ਸੁਜਾਨ॥ ਕੋਟਿ ਰਾਜ ਨਾਮ ਧਨੁ ਮੇਰੈ ਅੰਮ੍ਰਿਤ ਦ੍ਰਿਸਟਿ ਧਾਰਹੁ ਪ੍ਰਭ ਮਾਨ॥ ਆਠ ਪਹਰ ਰਸਨਾ ਗੁਨ ਗਾਵੈ ਜਸੁ ਪੂਰਿ ਅਘਾਵਹਿ ਸਮਰਥ ਕਾਨ॥ ਤੇਰੀ ਸਰਣਿ ਜੀਅਨ ਕੇ ਦਾਤੇ ਸਦਾ ਸਦਾ ਨਾਨਕ ਕੁਰਬਾਨ॥........ਹਾਂ ਜੀਉ ਜੀ, ਮੇਰੇ ਸਾਂਈਆਂ ਜੀਓ!! ਮੇਰੇ ਪ੍ਰਭੂ ਜੀਓ! ਮਿਲੁ ਮੇਰੇ ਪ੍ਰਾਨ! ਪ੍ਰਭ ਜੀ ਮਿਲੁ ਮੇਰੇ ਪ੍ਰਾਨ। ਇਕ ਨਿਮਖ ਨਾ ਬਿਸਰੋ। ਰਸਨਾ ਗੁਨ ਗਾਵੈ, ਗੁਨ ਗਾਵੈ। ਮਿਹਰ, ਮਿਹਰ, ਮਿਹਰ। ........ਨਮਸਕਾਰ, ਡੰਡਉਤ ਬੰਦਨਾ। ਮੇਰੇ ਦਾਤਾ! ਮੇਰੇ ਪ੍ਰਭੂ! ਨਮਸਕਾਰ। ਡੰਡਉਤ ਬੰਦਨਾ। ਹਾਂ ਮੇਰੇ, ਮੇਰੇ ਪ੍ਰਭ ਜੀਉ! ਪ੍ਰਭ ਜੀ ਤੂੰ ਮੇਰੇ ਪ੍ਰਾਨ ਅਧਾਰੈ॥ ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ॥ ਰਹਾਉ।। ਉਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ॥ ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ॥ ਤੂ ਮੇਰੇ ਓਟ ਬਲ ਬੁਧਿ ਧਨੁ ਤੁਮਹੀ ਤੁਮਹਿ ਮੇਰੈ ਪਰਵਾਰੈ॥ ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ॥ ਚਰਨਾਰਬਿੰਦ ਦਾ ਸੁਖ ਇਸ ਲੋਭੀ ਭਵਰ ਵਰਗੇ ਮਨ ਨੂੰ ਚਰਨਾਰਬਿੰਦ ਦਾ ਸੁਖ ਬਖਸ਼ੋ, ਬਖਸ਼ੀ ਰਖੋ ਸਾਈਆਂ ਜੀਓ, ਬਖਸ਼ੀ ਰੱਖੋ। ਹੇ ਮਿੱਠੇ, ਹੇ ਮਿੱਠ ਬੋਲੇ, ਬਚਨ ਨਾਦ ਮੇਰੇ ਸ੍ਵਨਾਂ ਵਿਚ ਭਰ ਦਿਓ। 'ਬਚਨ ਨਾਦ ਮੇਰੇ ਸ੍ਰਵਨਹੁ ਪੂਰੇ ਦੇਹਾ ਪ੍ਰਿਅ ਅੰਕਿ ਸਮਾਨੀ॥' ਦਾਤਾ! ਬਚਨ ਨਾਦ,.....ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ। ਅਤਿ ਸੁੰਦਰ ਮਨਮੋਹਨ ਪਿਆਰੇ ਸਭਹੂ ਮਧਿ ਨਿਰਾਰੇ॥ ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥ ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ॥ ਦੀਨੁ ਦੁਆਰੈ ਆਇਓ ਠਾਕੁਰ ਸਰਨਿ ਪਰਿਓ ਸੰਤ ਹਾਰੇ॥ ਕਹੁ ਨਾਨਕ ਪ੍ਰਭ ਮਿਲੇ ਮਨੋਹਰ ਮਨੁ ਸੀਤਲ ਬਿਗਸਾਰੇ॥ .......ਮਨੁ ਸੀਤਲ ਬਿਗਸਾਰੇ। ਇਸੇ ਤਰ੍ਹਾਂ ਦਾਤਾ! ਬਿਗਸਿਆ ਰਹੇ ਮਨ, ਸੀਤਲ ਰਹੇ, ਤੇਰੇ ਪ੍ਰੇਮ ਵਿਚ ਪ੍ਰਵੇਧਿਆ ਰਹੇ।.......ਦਾਤਾ! ਹਜੂਰੀ ਦਾਨ ਰਹੇ।

ਇਹ ਅਰਦਾਸ ਹੋ ਰਹੀ ਹੈ, ਕਿਤਨੇ ਚਿਰ ਤੋਂ ਸੰਤ ਜੀ ਇਸ ਬੇਨਤੀ ਦੇ ਭਾਵ ਵਿਚ ਨਿਮਗਨ, ਕਦੇ ਚੁੱਪ ਲੀਨਤਾ ਵਿਚ, ਕਦੇ ਬੋਲ ਕੇ ਦ੍ਰਵੇ ਹੋਏ ਰੰਗ ਵਿਚ ਬਿਨੈ ਉਚਾਰ ਵਿਚ, ਲਗ ਰਹੇ ਸੇ।

ਗੰਗਾ ਦਾ ਨਿਰਮਲ ਨੀਰ ਵਹਿ ਰਿਹਾ ਸੀ, ਆਪ ਇਕ ਨਿਰਜਨ ਟਿਕਾਣੇ ਇਕ ਭਾਰੀ ਪੱਥਰ ਸ਼ਿਲਾ ਤੇ ਬੈਠੇ ਪਹਿਲਾਂ ਰਹਿਰਾਸ ਦਾ ਪਾਠ ਕਰਦੇ ਰਹੇ ਸੇ, ਫੇਰ ਅਰਦਾਸਾ ਸੋਧਿਆ, ਮਗਰੋਂ ਜਿਉਂ ਇਸ ਪ੍ਰਕਾਰ ਦ੍ਰਵ ਕੇ ਬੇਨਤੀ ਪ੍ਰਾਰਥਨਾ ਵਿਚ ਲੱਗੇ ਕਿ ਕਿੰਨਾ ਚਿਰ ਹੀ ਇਸ ਸੁਆਦ ਤੇ ਪਿਆਰ ਵਿਚ ਬੀਤ ਗਿਆ। ਸੰਧਿਆ ਦਾ ਸਮਾਂ ਸੀ, ਨਿੱਕੀ ਨਿੱਕੀ ਪਉ ਰੁਮਕ ਰਹੀ ਸੀ, ਮਿੱਠੀ ਮਿੱਠੀ ਤਰੇਲ ਪੈ ਰਹੀ ਸੀ, ਅਦਬ ਵਾਲਾ, ਪਰ ਸਹਿਮਵਾਂ ਹਨ੍ਹੇਰਾ ਛਾ ਰਿਹਾ ਸੀ, ਜਿਸ ਵਿਚ ਆਕਾਸ਼ਾਂ ਤੇ ਨਿਕਲ ਰਹੇ ਤਾਰਿਆਂ ਦੀ ਲੋ ਆਪਣਾ ਪ੍ਰਕਾਸ਼ ਪਾ ਪਾ ਕੇ ਵਧ ਰਹੇ ਹਨ੍ਹੇਰੇ ਨੂੰ ਘਟਾ ਘਟਾ ਕੇ ਸੁਆਦਲਾ ਬਣਾ ਰਹੀ ਸੀ। ਸੰਤਾਂ ਦੀ ਨਜ਼ਰ ਵਗ ਰਹੇ ਪਾਣੀਆਂ ਤੇ ਪਈ ਤਾਂ ਅੰਬਰਾਂ ਤੇ ਡਲ੍ਹਕ ਰਹੇ ਤਾਰੇ ਪਾਣੀ ਵਿਚ ਅਠਖੇਲੀਆਂ ਕਰਦੇ ਨਜ਼ਰ ਪਏ – ਹੈਂ, ਇਹ ਸੰਸਾਰ ਕੀਹ ਹੈ? ਇਹੋ ਅਰਸ਼ਾਂ ਦੇ ਚਾਨਣਿਆਂ ਦਾ ਪ੍ਰਤਿਬਿੰਬ? ਆਪਹਿ ਕਉਤਕ ਕਰੈ ਅਨੰਕ ਚੋਜ॥ ਆਪਹਿ ਰਸ ਭੋਗਨ ਨਿਰਜੋਗ॥ ਨੈਣ ਭਰ ਆਏ ਤੇ ਸੁਆਦ ਵਿਚ ਹੀ ਬੰਦ ਹੋ ਗਏ। ਥੋੜ੍ਹੀ ਦੇਰ ਮਗਰੋਂ ਪੈਖੜ ਹੋਈ, ਸੰਤਾਂ ਦੇ ਨੈਣ ਖੁਲ੍ਹ ਗਏ, ਦੇਖਣ ਤਾਂ ਇਕ ਸਜਣ ਆ ਰਿਹਾ ਹੈ। ਨੇੜੇ ਆ ਕੇ ਉਸਨੇ ਸੀਸ ਝੁਕਾਇਆ, ਫਤਹ ਬੁਲਾਈ, ਸੰਤਾਂ ਨੇ ਆਦਰ ਦੇ ਬਚਨ ਕਹੇ ਤੇ ਫੇਰ ਬੋਲੇ – ਸੱਜਣਾਂ! ਏਥੇ ਤਾਂ ਬੈਠਣ ਦੀ ਜਗ੍ਹਾ ਨਹੀਂ, ਆਓ ਕੁਟੀ ਨੂੰ ਚੱਲੀਏ। ਇਹ ਕਹਿ ਕੇ ਆਪ ਉਠੇ ਤੇ ਕੁਟੀ ਨੂੰ ਟੁਰ ਪਏ ਤੇ ਆਇਆ ਸੱਜਣ ਬੀ ਨਾਲ ਟੁਰ ਪਿਆ। ਥੋੜ੍ਹੀ ਵਾਟ ਜਾ ਕੇ ਆਪ ਦੀ ਕੁਟੀ ਆ ਗਈ, ਜਿਸ ਦੇ ਬਾਹਰ ਇਕ ਫੂੜ੍ਹੀ ਜੇਹੀ ਵਿਛੀ ਹੋਈ ਸੀ, ਇਕ ਪਰ ਆਏ ਸੱਜਣ ਨੂੰ ਬਿਠਾ ਲਿਆ ਤੇ ਆਪ ਸੰਤ ਜੀ ਇਕ ਕੁਸ਼ਾ ਦੇ ਬਣੇ ਆਸਣ ਜੇਹੇ ਤੇ ਟਿਕ ਗਏ। ਫੇਰ ਬੋਲੇ –

ਆਓ, ਜੀਉ ਆਇਆਂ ਨੂੰ, ਐਸ ਵੇਲੇ ਹਨ੍ਹੇਰੇ ਵਿਚ ਆਏ?

ਚਾਨਣ ਸਿੰਘ – ਮਹਾਰਾਜ ਜੀਓ! ਮੈਂ ਦੇਰ ਦਾ ਆਇਆ ਹਾਂ। ਆਪ ਜਦ ਪਾਠ ਕਰ ਰਹੇ ਤੇ ਪਾਠ ਦਾ ਰੂਪ ਹੋ ਰਹੇ ਸੇ, ਤਦੋਂ ਮੈਂ ਆਇਆ ਸੀ ਤੇ ਆਪ ਨੂੰ ਸੁਖ ਵਿਚ ਵੇਖ ਕੇ ਦੂਰ ਹੀ ਬੈਠ ਗਿਆ ਸੀ। ਆਪ ਦਾ ਅਰਦਾਸਾ ਸੁਣਦਾ ਰਿਹਾ ਹਾਂ ਤੇ ਇਸ ਵਗ ਰਹੇ ਪਾਣੀਆਂ ਦੀ ਸਹੁੰ ਹੈ ਕਿ ਇਨ੍ਹਾਂ ਹੀ ਵਾਂਙੂ ਦ੍ਰਵਦਾ ਰਿਹਾ ਹਾਂ ਤੇ ਸੁਖੀ ਹੁੰਦਾ ਰਿਹਾ ਹਾਂ। ਪਹਿਲਾਂ ਮੇਰਾ ਵੀਚਾਰ ਸੀ ਕਿ ਚੁੱਪ ਕਰਕੇ ਦਬੇ ਪੈਰ ਮੁੜ ਜਾਵਾਂ ਤੇ ਆਪ ਦੇ ਇਸ ਸ਼ਾਂਤੀ ਨਾਲ ਸੁਖੀ ਹੋ ਰਹੇ ਮਨ ਵਿਚ ਆਪਣੇ ਆਉਣ ਦਾ ਪਤਾ ਦੇ ਕੇ ਹਿਲਾਉ ਨਾ ਪੈਦਾ ਕਰਾਂ, ਪਰ ਅਸਾਂ ਲੋਕਾਂ ਕੋਲ ਜੋ ਸਦਾ ਡੋਲਣੀ ਬੇੜੀ ਚੜ੍ਹੇ ਰਹਿੰਦੇ ਹਾਂ ਡੋਲ ਹੀ ਡੋਲ ਹੈ। ਸੋ ਖਿਮਾ ਕਰਨੀ, ਜੋ ਮੈਂ ਆਪਦਾ ਕੋਈ ਰਸ ਭੰਗ ਕਰ ਦਿਤਾ ਹੋਵੇ ਯਾ ਕਰ ਰਿਹਾ ਹੋਵਾਂ ਤਾਂ।

ਸੰਤ – ਰਸਦਾਤਾ ਰਸ ਦਿੰਦਾ ਹੈ, ਰਸਦਾਤਾ ਰਸ ਲੈਂਦਾ ਹੈ ਤੇ ਰਸ ਦਾਤਾ ਰਸ ਵੰਡਵਾ ਦੇਂਦਾ ਹੈ, ਉਸਦੇ ਕੌਤਕ ਹਨ। 'ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥ ਅਸੀਂ ਭਾਈ! ਜੋਗੀ ਕਿ ਤਪੀਸਰ ਨਹੀਂ ਹਾਂ ਕਿ ਸਾਡਾ ਤਪ ਯਾ ਹਠ ਯਾ ਸਮਾਧੀ ਕੁਛ ਭੰਗ ਹੁੰਦਾ ਹੈ ਤੇ ਕ੍ਰੋਧ ਆ ਕੇ ਸ੍ਰਾਪ ਬ੍ਰਿਤੀ ਵਲ ਜਾਈਏ। ਸਾਡੇ ਸਤਿਗੁਰ ਨੇ ਸਾਨੂੰ ਦਾਤ ਆਪ ਬਖਸ਼ੀ ਹੈ ਤੇ ਆਗਿਆ ਕੀਤੀ ਹੈ – ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥ ਜੋ ਕੁਛ ਹੈ ਗੁਰੂ ਦਾ ਹੈ, ਸਾਡਾ ਕੁਛ ਹੈ ਨਹੀਂ, ਨਾ ਸਮਾਧੀ, ਨਾ ਤਪ, ਨਾ ਰਸ, ਨਾ ਸ਼ਾਂਤੀ। ਸਭ ਕੁਛ ਓਸੇ ਦੀ ਦਾਤ ਹੈ। ਉਸ ਦਾਤ ਦਾ ਜਗਤ ਸਾਂਝੀਵਾਲ ਹੈ। ਸਾਰੇ ਜੋ ਉਸਦੇ ਬੱਚੇ ਹੋਏ। ਤੁਸੀਂ ਆਏ, ਸੁੱਖ ਹੋਇਆ, ਕੋਈ ਇਛਿਆ ਹੋਵੇ ਤਾਂ ਉਸ ਦੇ ਪੂਰਨ ਦਾ ਜਤਨ ਕਰੀਏ। ਦੂਰੋਂ ਆਏ ਹੋ, ਜਲ ਹੈ, ਸ੍ਰੂਰ ਦੇ ਟੁੱਕਰ ਬੀ ਹੈਨ, ਕੁਛ ਛਕੋ, ਹੋਰ ਕੋਈ ਕੁਛ ਸੇਵਾ ਦੱਸੋ?

ਚਾਨਣ ਸਿੰਘ – ਹਨ੍ਹੇਰਾ ਹੈ ਤੇ ਚਾਨਣ ਦੀ ਲੋੜ ਹੈ। ਨਾਉਂ ਚਾਨਣ ਸਿੰਘ ਹੈ ਪਰ ਅੰਦਰ ਬਾਹਰ ਭੁਲੇਵੇ ਹਨ ਤੇ ਹਨ੍ਹੇਰੇ ਹਨ। ਕੁਛ ਹੋ ਸਕੇ ਤਾਂ ਦੂਰ ਕਰ ਦਿਓ।

ਸੰਤ – ਕੋਈ ਸ਼ੰਕਾ ਨਵਿਰਤ ਕਰਨੀ ਹੈ?

ਚਾਨਣ ਸਿੰਘ – ਜੀ ਪਹਿਲੋਂ ਸ਼ੰਕਾ ਨਵਿਰਤ ਹੋਵੇ ਤਾਂ ਟੁਰਿਆ ਜਾਵੇ। ਟੁਰ ਪੈਨਾ ਹਾਂ, ਸੁਖੀ ਹੋ ਜਾਨਾ ਹਾਂ, ਪਰ ਸਮਾਂ ਹੈ ਚੰਚਲਤਾਈਆਂ ਦਾ। ਮੇਲ ਗੇਲ ਵਾਲੇ ਥਾਓਂ ਉਤਰ ਪ੍ਰਸ਼ਨ ਹੋ ਪੈਂਦੇ ਹਨ। ਜਦੋਂ ਰੁਕ ਜਾਈਦਾ ਹੈ ਤਾਂ ਮਨ ਕੱਚਾ ਹੋਣ ਕਰਕੇ ਆਪ ਹੀ ਸੰਸੇ ਦੀ ਨੈਂ ਰੁੜ੍ਹ ਪਈਦਾ ਹੈ। ਪ੍ਰਤੱਖ ਦੇਖੀਦਾ ਹੈ, ਸੁਖੀ ਹੋਈਦਾ ਹੈ, ਫੇਰ ਸੰਸਾ ਬੁਰੀ ਬਲਾ ਹੈ। ਸੰਸਾਰ ਵਿਚ ਮੈਂ ਤਾਂ ਉਨ੍ਹਾਂ ਨੂੰ ਇਸਦੇ ਭਾਰੇ ਵੈਰੀ ਸਮਝਦਾ ਹਾਂ ਜੋ ਆਪਣੇ ਸੰਸਿਆਂ ਨਾਲ ਲੱਗੇ ਹੋਏ ਦਿਲਾਂ ਨੂੰ ਡੁਲਾ ਦਿੰਦੇ ਹਨ।

ਸੰਤ – ਭਾਈ, ਸੰਸਾ ਹੀ ਸੰਸਾਰ ਹੈ। ਸੰਸਾ ਦੁਖ ਦਾ ਹੇਤੁ ਹੈ, ਪਰ ਜੇ ਨੀਯਤ ਨੇਕ ਦਾ ਸੰਸਾ ਹੋਵੇ ਤਾਂ ਤਲਾਸ਼ ਦਾ ਉਸਨੂੰ ਫੁੱਲ ਪੈਂਦਾ ਹੈ, ਤਲਾਸ਼ ਦੇ ਅੰਤ ਉਸਨੂੰ ਨਿਹਚੇ ਦਾ ਫਲ ਲਗਦਾ ਹੈ। ਸੋ ਸੰਸੇ ਨਾਲ ਡੋਲੋ ਨਹੀਂ। ਸੰਸਾ ਕਰੋ, ਸੰਸਾ ਹਰੋ, ਅਡੋਲ ਹੋ ਜਾਓ। ਨਿਸਚਾ ਨਾਮ ਸੰਸੇ ਤੋਂ ਪਾਰ ਹੋ ਕੇ ਅਡੋਲ ਹੋ ਜਾਣ ਦਾ ਹੈ।

ਚਾਨਣ ਸਿੰਘ – ਹੁਣ ਹਨ੍ਹੇਰਾ ਪੈ ਗਿਆ ਤੇ ਦੇਰ ਹੋ ਗਈ ਹੈ, ਆਪ ਬੀ ਆਰਾਮ ਕਰੋ ਤੇ ਮੈਂ ਬੀ ਦੂਰ ਜਾਣਾ ਹੈ, ਜੇ ਆਗਿਆ ਦਿਓ ਤਾਂ ਸਵੇਰੇ ਹਾਜ਼ਰ ਹੋਵਾਂ। ਜੋ ਸੰਸਾ ਲੈ ਕੇ ਆਇਆ ਸਾਂ ਉਸ ਦਾ ਘਬਰਾ ਸ਼ਮਨ ਹੋ ਗਿਆ ਹੈ। ਆਪ ਦੇ ਪਾਠ ਤੇ ਅਰਦਾਸ ਨੇ ਠੰਢ ਪਾ ਦਿਤੀ ਹੈ, ਸੁਖੀ ਹੋ ਰਿਹਾ ਹਾਂ, ਫੇਰ ਸੰਸੇ ਦਾ ਕੰਟਕ ਜੋ ਅੰਦਰ ਵੜ ਗਿਆ ਹੈ ਕਿਸੇ ਕਰਾਰੇ ਬੇਧਕਾਰ ਨੇ ਵਾੜਿਆ ਹੈ, ਸੋ ਚੁਭ ਰਿਹਾ ਹੈ, ਇਸਦੀ ਨਵਿਰਤੀ ਆਪ ਦੇ ਬਚਨਾਂ ਨਾਲ ਹੋਣੀ ਹੈ, ਇਸ ਕਰਕੇ ਆਗਿਆ ਦਿਓ ਤਾਂ ਸਵੇਰੇ ਆਵਾਂ।

ਸੰਤ – ਸਤਿ ਬਚਨ ਜੀਉ।

੨

ਸੰਤ ਕੁਟੀ ਦੇ ਬਾਹਰ ਬੈਠੇ ਸਨ, ਮਨ ਮਨ ਵਿਚ ਜੁੜ ਰਿਹਾ ਸੀ, ਸੰਕਲਪ, ਫੁਰਨੇ ਦੀ ਨੈਯਾ ਅਡੋਲ ਹੋ ਰਹੀ ਸੀ, ਅੰਤਰ ਆਤਮੇ ਪਰਮਾਤਮਾ ਦਾ ਅਨੁਭਵ ਹੋ ਰਿਹਾ ਸੀ ਕਿ ਸੂਰਜ ਨਿਕਲ ਆਇਆ। ਇਸਨੇ ਕਿਰਨਾਂ ਛੱਡੀਆਂ ਜੋ ਸੰਤਾਂ ਦੇ ਚਿਹਰੇ ਤੇ ਪਈਆਂ, ਨੈਣ ਖੁਲ੍ਹ ਆਏ ਤੇ ਫੁਰਨੇ ਨੇ ਬੀ ਆਪਣੀਆਂ ਕਿਰਨਾਂ ਛੱਡੀਆਂ – ਹੈਂ ਦਿਨ ਚੜ੍ਹ ਆਇਆ? ਸ਼ੁਕਰ ਹੈ ਪਰਮ ਪੁਰਖ ਦਾ, ਜਿਸਦੇ ਪਿਆਰ ਵਿਚ ਅੰਮ੍ਰਿਤ ਵੇਲਾ ਸਫਲ ਹੋ ਗਿਆ। ਇਹ ਕਹਿੰਦਿਆਂ ਆਪ ਦੇ ਅੰਦਰ ਸ਼ੁਕਰ ਦੇ ਭਾਵ ਨਾਲ ਇਕ ਸੰਗੀਤਕ ਲਹਿਰ ਫਿਰੀ ਤੇ ਰਾਮਕਲੀ ਦੀ ਡਾਢੀ ਮਿੱਠੀ ਤੇ ਟਿਕਵੀਂ ਸੁਰ ਵਿਚ ਇਹ ਉਚਾਰ ਹੋਇਆ –

***ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ***
***ਤਾ ਤੂ ਜਗ ਮਹਿ ਆਇਆ॥***
***ਹਰਿ ਜੋਤਿ ਰਖੀ ਤੁਧੁ ਵਿਚਿ***
***ਤਾ ਤੂ ਜਗ ਮਹਿ ਆਇਆ॥***
***ਹਰਿ ਆਪੇ ਮਾਤਾ ਆਪੇ ਪਿਤਾ***
***ਜਿਨਿ ਜੀਉ ਉਪਾਇ ਜਗਤੁ ਦਿਖਾਇਆ॥***
***ਗੁਰਪਰਸਾਦੀ ਬੁਝਿਆ ਤਾ ਚਲਤੁ ਹੋਆ***
***ਚਲਤੁ ਨਦਰੀ ਆਇਆ॥***
***ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ***
***ਜੋਤਿ ਰਾਖੀ ਤਾ ਤੂ ਜਗ ਮਹਿ ਆਇਆ॥***

ਕੁਛ ਦੇਰ ਫੇਰ ਚੁੱਪ ਛਾ ਗਈ। ਸੋਹਣੇ 'ਸਾਂਈ-ਦਰਸ਼ਨਾਂ' ਦੀ ਦ੍ਰਵਣਤਾ ਨਾਲ ਸਜਲ ਨੇਤ੍ਰ ਬੰਦ ਹੋ ਗਏ, ਫੇਰ ਨੈਣ ਖੁਲ੍ਹੇ। ਫੇਰ ਸੰਗੀਤਕ ਲਹਿਰ ਉਠੀ ਤੇ ਉਸੇ ਸੁਰ ਤਾਰ, ਲਯ ਵਿਚ ਇਹ ਉਚਾਰ ਹੋਇਆ –

***ਮਨ ਚਾਉ ਭਇਆ ਪ੍ਰਭ ਆਗਮੁ ਸੁਣਿਆ॥***
***ਹਰਿ ਮੰਗਲ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ॥***
***ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ॥***
***ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ॥***
***ਅਨਹਦ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ॥***
***ਕਹੈ ਨਾਨਕ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ॥***

ਇਹ ਉਚਾਰ ਕੇ ਸੰਤ ਫੇਰ ਚੁਪ ਹੋ ਗਏ। ਕੁਛ ਸਮਾਂ ਬੀਤ ਗਿਆ ਕਿ ਚਾਨਣ ਸਿੰਘ ਹੁਰੀਂ ਆ ਪਹੁੰਚੇ। ਅਡੋਲ ਟਿਕੇ ਸਰੋਵਰ ਵਿਚ ਮਿੱਠੇ ਠੰਢੇ, ਤਾਜ਼ੇ ਤਾਜ਼ੇ, ਆਪੇ ਦੇ ਰਸ ਨਿਮਗਨ ਸਰੋਵਰ ਵਿਚ ਨਾਉਣ ਨੂੰ, ਆਪਣੀ ਮਲ ਧੋਣ ਨੂੰ ਠੰਢਾ ਥੀਣ ਨੂੰ, ਰਜ ਰਜ ਪੀਣ ਨੂੰ ਮਾਨੋਂ ਇਕ ਥਕਿਆ, ਘਬਰਾਇਆ ਪਰ ਲੋੜਵੰਦ ਪੰਛੀ ਆ ਗਿਆ ਹੈ। ਸੰਤ ਦਾ ਮਨ ਹੁਣ ਰਜ਼ਾ ਦੇ ਦੇ ਦਰਜੇ ਵਿਚ ਅੱਪੜ ਚੁੱਕਾ ਹੋਇਆ ਸੀ, ਜਾਣਦੇ ਸਨ ਕਿ ਇਹ ਮੇਰੇ ਪ੍ਰੀਤਮ ਦੇ ਹੁਕਮ ਵਿਚ ਹੈ, ਉਸ ਦੀ ਇਸ ਵਿਚ ਇਸ ਵੇਲੇ ਖੁਸ਼ੀ ਹੈ ਕਿ ਅਵਰਹ ਨਾਮੁ ਜਪਾਵੈ॥ ਅੰਮ੍ਰਿਤ ਵੇਲੇ ਤੋਂ ਹੁਣ ਤੱਕ ਉਸ ਮਿਹਰ ਪੁੰਜ ਦੀ ਖੁਸ਼ੀ ਇਸ ਵਿਚ ਸੀ 'ਆਪਿ ਜਪੈ' ਸੋ ਵਾਹੁ ਵਾਹੁ। ਸਾਵਧਾਨ ਹੋ ਕੇ ਚੜ੍ਹਦੇ ਰੰਗ ਵਿਚ ਆ ਕੇ ਬੋਲੇ – ਆਓ ਸਿੰਘ ਜੀ! ਜੀਉ ਆਇਆਂ ਨੂੰ। ਚਾਨਣ ਸਿੰਘ ਅਦਬ ਨਾਲ ਫਤਹਿ ਬੁਲਾ ਕੇ, ਸਿਰ ਨਿਵਾ ਕੇ ਵਿਛੀ ਸਫ ਤੇ ਬਹਿ ਗਿਆ। ਕੁਸ਼ਲ ਆਨੰਦ ਪੁਛਣ ਦੇ ਬਾਅਦ ਵਾਰਤਾ ਛਿੜ ਪਈ।

ਚਾਨਣ ਸਿੰਘ – ਮੈਨੂੰ ਜਾਪਦਾ ਹੈ ਕਿ ਆਪ ਇਸ ਵੇਲੇ ਆਪੇ ਦੇ ਰਸ ਝੂਮ ਰਹੇ ਸੇ, ਠੰਢ ਠੰਢ ਸੁਆਉ ਏਥੇ ਭਰ ਰਿਹਾ ਹੈ, ਮੈਂ ਘਬਰਾ ਲੈ ਕੇ ਆ ਵਿਘਨ ਪਾਇਆ ਹੈ, ਖਿਮਾ ਕਰਨੀ, ਜਗਤ ਖੁਦਗਰਜ਼ ਹੈ ਤੇ ਮੈਂ ਬੀ ਜਗਤ ਦਾ ਬੰਦਾ ਹਾਂ।

ਸੰਤ – ਸੱਜਣਾਂ! ਉਚੀ ਨਜ਼ਰ ਕਰ, ਜਿਸ ਨੇ ਹੁਣ ਤਕ ਆਪਣੇ ਰੰਗ ਰੰਗੀ ਰਖਿਆ, ਉਹ ਹੁਣ ਤੈਨੂੰ ਓਸੇ ਰੰਗ ਰੰਗਣਾ ਚਾਹੁੰਦਾ ਹੈ ਤੇ ਮੈਂ ਉਸ ਪਿਆਰੇ ਦੀ ਰਜ਼ਾ ਵਿਚ – ਖੁਸ਼ੀ ਵਿਚ – ਆਪਣੀ ਮਰਜ਼ ਦੀ ਤਰਬ ਮੇਲੀ ਹੈ। ਬੋਲਣਹਾਰ ਬਾਜ਼ ਸੁਰ ਦਾਤਾ ਹੈ, ਉਸ ਨਾਲ ਥਰਰਾਵਣਹਾਰ ਥਰਰਾ ਕੇ ਉਹੋ ਸੁਰ ਉਚਾਰਨਹਾਰ ਇਕ ਨਿੱਕੀ ਤਰਬ ਮੈਂ ਹਾਂ। ਸੋ ਮੈਂ ਕੀਹ ਤੇ ਮੇਰਾ ਕੀਹ, ਵਿਘਨ ਕੀਹ ਤੇ ਨਾ ਵਿਘਨ ਕੀਹ। 'ਬੁਰਾ ਨਹੀਂ ਸਭ ਭਲਾ ਹੀ ਹੈ ਰੇ ਹਾਰ ਨਹੀਂ ਸਭ ਜੇਤੈ॥ ਹੈਂ ਜੀਓ ਜੀ!........ਸੁਣ ਭਾਈ, ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥ ਹੋਰ ਸੁਣ ਭਾਈ, ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ॥ ਹਾਂ ਜੀਉ! ਬੁਰਾ ਨਹੀਂ ਸਭ ਭਲਾ ਹੀ ਹੈ ਰੇ ਹਾਰ ਨਹੀਂ ਸਭ ਜੇਤੈ॥

ਚਾਨਣ ਸਿੰਘ - ਧੰਨ ਹੋ! ਫਿਰਤ ਫਿਰਤ ਨਾਨਕ ਦਾਸੁ ਆਇਓ ਸੰਤ ਹੀ ਸਰਨਾਇ॥ ਕਾਟੈ ਅਗਿਆਨ ਭਰਮ ਮੋਹ ਮਾਇਆ ਲੀਓ ਕੰਠਿ ਲਗਾਇ॥

ਸੰਤ - ਵਾਹਿਗੁਰੂ ਦਾ ਬਿਰਦ ਇਹੀ ਹੈ।

ਚਾਨਣ ਸਿੰਘ - ਜੀਓ ਜੀ, ਮੈਂ ਸ਼ਰਮਿੰਦਾ ਹਾਂ ਕਿ ਰਾਹੇ ਪੈ ਕੇ, ਚੋਖਾ ਟੁਰ ਕੇ, ਸਾਰੇ ਨਿਸ਼ਾਨ ਦਰੁਸਤ ਰਸਤੇ ਟੁਰੇ ਜਾਣ ਦੇ ਤੱਕ ਤੱਕ ਫੇਰ ਭਰਮ ਖਲੋਂਦਾ ਹਾਂ ਕਿ ਕਿਤੇ ਮੈਂ ਗਲਤ ਰਸਤੇ ਤਾ ਨਹੀਂ ਪੈ ਗਿਆ, ਪਰ ਏਨਾਂ ਸ਼ੁਕਰ ਹੈ ਕਿ ਫੇਰ ਆਪ ਪਾਸ ਆਕੇ ਭਰਮ ਨਿਵਿਰਤੀ ਕਰ ਲੈਂਦਾ ਹਾਂ ਤੇ ਧੰਨ ਹੋ ਆਪ, ਜੋ ਮੁਹੁ ਮੈਲਾ ਕਰੈ ਨ ਭੰਗੁ ਦਾ ਗੁਣ ਰਖਦੇ ਹੋ। ਅੱਜ ਜੇ ਮੈਂ ਆਪਣੀ ਗੱਲ ਦੱਸੀ ਤੁਸੀਂ ਹੱਸੋਗੇ ਕਿ ਇਸ ਨਾਮ ਦੇ ਮੁਤਲਾਸ਼ੀ ਨੇ ਕਿਸ ਟੱਕਰੇ ਜਾ ਠੁਹਕਰ ਖਾਧੀ ਹੈ।

ਸੰਤ - ਮਾਯਾ ਪ੍ਰਬਲ ਹੈ, ਜਗਤ ਵਿਚ ਕੁਸੰਗ ਪ੍ਰਧਾਨ ਹੈ, ਅਸੀਂ ਆਪਣੇ ਮਨ ਦੀਆਂ ਆਪਣੇ ਨਾਲ ਹੀ ਪਹੇਮਾਨਗੀਆਂ ਤੋਂ ਅਣਜਾਣ ਹਾਂ। ਸੱਚ ਜਾਣ ਸੱਜਣਾਂ! ਮਨ ਦੂਸਰਿਆਂ ਨਾਲ ਧੋਖਾ ਪਿਛੋਂ ਕਰਦਾ ਹੈ, ਪਹਿਲੋਂ ਆਪਣੇ ਆਪ ਨਾਲ ਕਰਦਾ ਹੈ। ਇਸ ਤਰ੍ਹਾਂ ਮਨ ਆਪਣੇ ਧੋਖੇ ਆਪ ਖਾਂਦਾ ਹੈ, ਫੇਰ ਇਹ ਦੂਜਿਆਂ ਦੇ ਧੋਖੇ ਵਿਚ ਆਉਂਦਾ ਹੈ ਤੇ ਆਪੇ ਤੋਂ ਉਖੜ ਖੜੋਂਦਾ ਹੈ। ਫੇਰ ਦੋਸ਼ ਕਰਮਾਂ ਨੂੰ, ਕਿਸਮਤ ਨੂੰ ਤੇ ਸਦਾ ਦੇ ਦਾਤੇ 'ਪਿਆਰ ਪੁੰਜ' ਨੂੰ ਦਿੰਦਾ ਹੈ। ਸੋ ਕਹੁ ਭਾਈ, ਤੇ ਸੰਗ ਨਾ ਕਰ। ਸਾਰੇ ਇਸੇ ਤਰ੍ਹਾਂ ਡਿੱਗ ਡਿੱਗ ਕੇ ਸਵਾਰ ਹੋਏ ਹਨ। ਜੋ ਆਪ 'ਕਦੇ ਨਾ ਡਿਗੇ ਹੋਣ ਦੀ' ਡੀਂਗ ਮਾਰੇ ਉਹ ਆਪੇ ਨੂੰ ਅਜੇ ਸਮਝਦਾ ਨਹੀਂ। ਕਹੁ ਨਿਸੰਗ ਹੋ ਕੇ ਜੋ ਸੰਸਾ ਅੰਦਰ ਚੁਭ ਰਿਹਾ ਹੈ।

ਚਾਨਣ ਸਿੰਘ - ਸੰਤ ਜੀ, ਆਪ ਨੇ ਆਗਿਆ ਕੀਤੀ ਸੀ ਕਿ ਸਿਮਰਨ ਦੇ ਨਾਲ ਅਰਦਾਸ ਦੀ ਬੜੀ ਲੋੜ ਹੈ। ਮੈਂ ਅਰਦਾਸ ਵਿਚ ਬਹੁਤ ਸੁਖ ਪਾਇਆ ਭੀ ਹੈ, ਪਰ ਦੇਖੋ ਜੀ, ਇਕ ਦਿਨ ਮੈਨੂੰ ਕਿਸੇ ਨੇ ਮਖੌਲ ਨਾਲ, ਨਹੀਂ ਜੀਓ, ਤਨਜ਼ ਨਾਲ..........ਹਾਂ ਜਿਸਨੂੰ ਫਾਰਸੀ ਵਾਲੇ 'ਤਨਜ਼' ਕਹਿੰਦੇ ਹਨ, ਨਫਰਤ ਭਰੇ ਚੋਭਵੇਂ ਮਖੌਲ ਨਾਲ ਆਖਿਆ 'ਅਰਦਾਸ ਦਾ ਕੀ ਲਾਭ ਹੈ? ਕੀਹ ਰੱਬ ਅੰਤਰਜਾਮੀ ਨਹੀਂ? ਉਹ ਜਾਣਦਾ ਨਹੀਂ? ਉਹ ਆਪਣੀ ਕੁਸ਼ਾਮਤ ਕਰਵਾ ਕੇ ਕਿਉਂ ਖੁਸ਼ ਹੁੰਦਾ ਤੇ ਦਾਤਾਂ ਦੇਂਦਾ ਹੈ? ਰੱਬ ਕੀਹ ਤੇ ਖੁਸ਼ਾਮਤਾਂ ਸਿਫਾਰਸ਼ਾਂ ਕੀਹ? ਆਪ ਕਿਉਂ ਨਹੀਂ ਉਹ ਕਰਦਾ ਜੋ ਅਸੀਂ ਲੋੜਦੇ ਹਾਂ? ਪਤਾ ਨਹੀਂ ਕਿਉਂ, ਪਰ ਇਹ ਗੱਲ ਮੇਰੇ ਅੰਦਰ ਘਾਉ ਕਰ ਗਈ ਕਿ ਹੈਂ, ਰੱਬ ਕਿਉਂ ਅਰਦਾਸਾਂ ਤੇ ਕੁਸ਼ਾਮਤਾਂ ਦਾ ਲੋੜਕੂ ਹੈ? ਮੈਂ ਸੋਚਾਂ ਭੀ ਕੀਤੀਆਂ, ਪਾਠ ਭੀ ਕੀਤੇ, ਪਰ ਮਨ ਥਹੁ ਸਿਰ ਨਹੀਂ ਲੱਗਾ।

ਸੰਤ ਸੁਣ ਕੇ ਹੱਸ ਪਏ ਤੇ ਕਹਿਣ ਲੱਗੇ, ਭਾਈ ਵਾਦੀ ਦੀ ਇਹ ਗੱਲ ਸੁਣ ਕੇ ਤੁਸੀਂ ਘਬਰਾ ਗਏ, ਇਹੋ ਗੱਲ ਤਾਂ ਗੁਰੂ ਜੀ ਨੇ ਆਪ ਆਖੀ ਹੈ, ਸੁਣ -

***ਹਰਿ ਅੰਤਰਜਾਮੀ ਸਭ ਬਿਧਿ ਜਾਣੈ***
***ਤਾ ਕਿਸੁ ਪਹਿ ਆਖਿ ਸੁਣਾਈਐ॥***
***ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ***
***ਪੈਜ ਰਖਾਈਐ॥***

ਚਾਨਣ ਸਿੰਘ ਘਬਰਾ ਕੇ ਬੋਲਿਆ ਫੇਰ ਤਾਂ ਜੀ ਵਾਦੀ ਦੀ ਗੱਲ ਸੱਚੀ ਹੋ ਗਈ ਨਾ, ਤੁਸਾਂ ਮੈਨੂੰ ਅਰਦਾਸ ਵਿਚ ਕਿਉਂ ਜੋੜਿਆ?

ਸੰਤ ਫੇਰ ਹੱਸੇ ਤੇ ਕਹਿਣ ਲੱਗੇ ਭਾਈ ਵਾਦੀ ਨੇ ਕਿੱਕਰ ਦੀ ਸੂਲ ਲੈ ਕੇ ਤੈਨੂੰ ਚੋਭ ਦਿਤੀ ਹੈ ਤੇ ਵਿਚੇ ਛੱਡ ਦਿਤੀ ਹੈ, ਉਹ ਨਟਸਾਲ ਦੀ ਤਰ੍ਹਾਂ ਪੀੜ ਲਾ ਰਹੀ ਹੈ ਤੇ ਲਹੂ ਵਗ ਰਿਹਾ ਹੈ, ਸਤਿਗੁਰ ਦੇ ਹੱਥ ਭੀ ਸੂਲ ਹੈ ਉਹ ਇਸ ਨਾਲ ਤੈਨੂੰ ਚੁਭੀ ਹੋਈ ਸੂਲ ਕੱਢ ਦੇਣਗੇ ਤੇ ਠੰਢ ਪਾ ਲੈਣਗੇ। ਏਤਨਾ ਕੁ ਫਰਕ ਹੈ ਵਾਦੀ ਦੇ ਵਾਕ ਦਾ ਤੇ ਗੁਰੂ ਵਾਕ ਦਾ।

ਚਾਨਣ ਸਿੰਘ - ਜੀਉ ਮੈਂ ਨਹੀਂ ਸਮਝਿਆ।

ਸੰਤ - ਭਾਈ ਸੁਣ, ਬਚਪਨੇ ਵਿਚ ਜਦ ਤੈਨੂੰ ਕੋਈ ਸੋਝੀ ਨਹੀਂ ਸੀ, ਤੂੰ ਬੇਬਸ ਤੇ ਪਰਵਸ ਸੈਂ, ਕੀਹ ਤੈਨੂੰ ਭੁੱਖ ਲੱਗੇ ਤੇ ਤੇਰੀ ਮਾਂ ਤੈਨੂੰ ਆਪੇ ਦੁੱਧ ਨਹੀਂ ਸੀ ਪਿਲਾਉਂਦੀ? ਫੇਰ ਤੂੰ ਭੁੱਖ ਲਗਦੇ ਸਾਰ ਹੀ ਕਿਉਂ ਬੁੱਲ੍ਹੀਆਂ ਅਟੇਰਦਾ ਤੇ ਰੋ ਰੋ ਪੈਂਦਾ ਸੈਂ? ਕੀਹ ਤੇਰੀ ਮਾਂ ਨੂੰ ਤੇਰੇ ਰੋਣ ਵਿਚ ਕੋਈ ਦਿੱਬ ਰਾਗ ਦਿਸਦਾ ਸੀ, ਜਿਸਦੀ ਉਸਨੂੰ ਲੋੜ ਸੀ? ਕੀਹ ਤੇਰੇ ਰੋਣ ਵਿਚ ਕੁਸ਼ਾਮਤ ਸੀ ਜਿਸਦੀ ਮਾਂ ਨੂੰ ਭੁੱਖ ਸੀ? ਤੂੰ ਜਾਣਦਾ ਹੈਂ ਕਿ ਮਾਂ ਨੂੰ ਤੇਰੇ ਰੋਣ ਦੀ ਯਾ ਇਉਂ ਕਹੋ ਕਿ ਤੇਰੀ ਉਸ ਵੇਲੇ ਦੀ ਬੋਲੀ ਵਿਚ ਤੇਰੀ ਵਲੋਂ ਅਰਦਾਸ ਸੁਣਨ ਦੀ ਲੋੜ ਨਹੀਂ ਸੀ। ਉਹ ਜਾਣਦੀ ਸੀ ਕਿ ਤੈਨੂੰ ਕਿਸ ਵੇਲੇ ਦੁੱਧ ਦੇਣਾ ਹੈ, ਕਿਸ ਵੇਲੇ ਦਾ ਦਿਤਾ ਸੁਖ ਦੇਵੇਗਾ, ਕਿਸ ਵੇਲੇ ਦਾ ਦੁਖ ਦੇਵੇਗਾ। ਤੇਰੇ ਨਾਲੋਂ ਉਹ ਸਰਬ ਗਿਆਤਾ ਸੀ ਤੇ ਆਪ ਸਭ ਕੁਛ ਆਪਣੀ ਦਾਨਾਈ ਨਾਲ ਦੇਂਦੀ ਸੀ, ਪਰ ਤੂੰ ਅਰਦਾਸ ਕਰਦਾ ਹੀ ਕਰਦਾ ਸੈਂ। ਸਾਂਈ ਕਰਤਾ ਪੁਰਖ ਸਭ ਕੁਝ ਜਾਣਦਾ ਹੈ ਤੇ ਆਪੇ ਦਿੰਦਾ ਹੈ, 'ਤੁਮ ਬਚਨ ਦਾਤੇ ਦੇ ਰਹੇ। ਜੀਅ ਪ੍ਰਾਣ ਮਹਿ ਰਵਿ ਰਹੇ॥ ਪਰ ਭਾਈ ਮਾਨੁਖ ਦਾ ਸੁਭਾਵ ਹੈ ਮੰਗਣਾ। ਜਦੋਂ

ਲੋੜ ਪੈਂਦੀ ਹੈ, ਮਾਨੁਖ ਦਾ ਮੂੰਹ ਮੰਗੇ ਨਾ ਮੰਗੇ, ਅੰਦਰਲੇ ਸਰੀਰ ਦੇ ਅਵੈਵ ਮੰਗਦੇ ਹਨ। ਭੁੱਖ ਲਗਦੀ ਹੈ ਤਾਂ ਮਿਅਦਾ ਮੰਗਦਾ ਹੈ, ਉਸ ਵਿਚ ਇਕ ਪ੍ਰਕਾਰ ਦਾ ਮਾਨੋਂ ਹਿਲਾਉ ਹੁੰਦਾ ਹੈ। ਉਸ ਦੇ ਇਸ ਮੰਗ ਥਣੀਕ ਹਿਲਾਉ ਨੂੰ ਲਖ ਕੇ ਮਨ ਸਮਝਦਾ ਹੈ ਕਿ ਕੁਛ ਮਿਲੇ, ਤਦ ਮਨ ਮੰਗਦਾ ਹੈ ਪਹਿਲਾਂ, ਫੇਰ ਜੀਭ ਕਹਿੰਦੀ ਹੈ - ਮਾਂ ਰੋਟੀ ਦੇਹ। ਸੋ ਮੰਗ ਤਾਂ ਸਾਡੇ ਅੰਗ ਅੰਗ ਵਿਚ ਵਸਦੀ ਹੈ। ਮੰਗ ਮਨ ਵਿਚ ਵਸਦੀ ਹੈ। ਮੰਗਣਾ ਸਾਡਾ ਸੁਭਾਵ ਹੈ। ਸਾਂਈ ਦਰੋਂ ਜੋ ਕੁਛ ਮੰਗੀਦਾ ਹੈ ਉਸਦਾ ਨਾਉਂ ਅਰਦਾਸ ਹੈ। ਉਹ ਦਾਤਾ ਆਪੇ ਦੇ ਰਿਹਾ ਹੈ, ਪਰ ਮੰਗ ਸਾਡਾ ਸੁਭਾਵ ਹੈ, ਸੋ ਇਉਂ ਅਰਦਾਸ ਭਾਈ ਸਾਡਾ ਸੁਭਾਵ ਹੈ, ਆਪੇ ਦੇਣਾ ਤੇ ਦੇ ਕੇ ਨਾ ਥਕਣਾ ਇਹ ਉਸਦਾ ਸੁਭਾਵ ਹੈ। 'ਦੇਦਾ ਦੇ ਲੈਦੇ ਥਕਿ ਪਾਹਿ।"

ਚਾਨਣ ਸਿੰਘ (ਲੰਮਾ ਸਾਹ ਲੈ ਕੇ) ਚੁਭਕ ਘਟੀ ਹੈ, (ਕਲੇਜੇ ਤੇ ਹੱਥ ਰੱਖ ਕੇ) ਸੂਲ ਕਿਵੇਂ ਸੂਲ ਕੱਢਦੀ ਹੈ! ਸ਼ੁਕਰ ਹੈ।

ਸੰਤ - ਭਾਈ, ਵਾਦੀ ਨੇ ਜੋ ਸੂਲ ਚੋਭੀ ਵੈਰ ਭਾਵ ਨਾਲ, ਨਫਰਤ ਦੇ ਘਰ ਆਪਣੀ ਸੁਰਤ ਲਿਜਾ ਕੇ ਚੋਭੀ, ਉਸ ਨੇ ਪੀੜਾ ਕੀਤੀ। ਸਤਿਗੁਰ ਬੀ ਆਖਦੇ ਹਨ ਕਿ ਪ੍ਰਭੂ ਅੰਤਰਜਾਮੀ ਹੈ, ਸਭ ਕੁਛ ਜਾਣਦਾ ਹੈ, ਸਾਡੀ ਮੰਗ ਦੀ ਲੋੜ ਤੋਂ, ਸਾਡੀ ਅਰਦਾਸ ਦੀ ਲੋੜ ਤੋਂ ਯਾ ਜਿਵੇਂ ਵਾਦੀ ਕਹਿ ਕੇ ਪ੍ਰਸੰਨ ਹੋਇਆ ਹੈ ਸਾਡੀ 'ਕੁਸ਼ਾਮਤ' ਹਾਂ ਇਕ ਕੁਸ਼ਾਮਤ ਦੀ ਲੋੜ ਤੋਂ ਗਨੀ ਹੈ, ਮਤ ਜਾਨਿ ਕਿ ਤੇਰੀ ਕਥਨੀ ਨਾਲ ਹੀ ਦ੍ਰਵ ਕੇ ਕੁਛ ਦੇ ਰਿਹਾ ਹੈ। ਉਹ ਦਾਤਾ ਹੈ, ਆਪਣੇ ਆਪ ਦੇ ਰਿਹਾ ਹੈ, ਪਰ ਸਾਡਾ ਸੁਭਾਵ ਅਰਦਾਸ ਹੈ, ਅਸਾਂ ਕਰਨੀ ਹੈ। ਚਾਹੇ ਉਹ ਸਾਡੇ ਕਹਿਣ ਤੇ ਨਾ ਦੇਵੇ, ਉਹ ਆਪੇ ਦਿੰਦਾ ਹੈ, ਪਰ ਉਹ ਸਰਬੱਗ ਹੈ, ਇਸ ਲਈ ਸਾਡੀ ਅਰਦਾਸ ਸੁਣਦਾ ਜ਼ਰੂਰ ਹੈ। ਜੇ ਕਹੋ ਕਿ ਸੁਣਦਾ ਹੀ ਨਹੀਂ ਤਾਂ ਸਰਬੱਗ ਕਿਵੇਂ। ਜੇ ਸੁਣਦਾ ਹੈ ਤਾਂ ਸਾਡੀ ਅਰਦਾਸ ਦਾ ਉਹ ਲੋੜਕੂ ਹੈ ਤੇ ਕੁਸ਼ਾਮਤ ਪਸੰਦ ਹੈ, ਵਾਦੀ ਦਾ ਇਹ ਮਖੌਲ ਯਥਾਰਥ ਕਿਵੇਂ ਬਣ ਗਿਆ? ਜੋ ਸ਼ੈ ਯਥਾਰਥ ਨਹੀਂ ਉਸ ਦੀ ਪੀੜ ਕਿਉਂ ਹੋਈ। ਮਾਂ ਦਾ ਸੁਭਆਵ ਦੇਣਾ ਹੈ। ਬੱਚੇ ਨੂੰ ਆਪੇ ਦਿੰਦੀ ਹੈ ਤੇ ਉਸ ਦੀ ਅਕਲ ਤੋਂ ਵਧੀਕ ਦਾਨਾਈ ਨਾਲ ਦਿੰਦੀ ਹੈ, ਪਰ ਬੱਚੇ ਦੇ ਰੋਣ ਨੂੰ ਸੁਣਦੀ ਹੈ, ਮਿਹਰ ਵਿਚ ਬੀ ਆਉਂਦੀ ਹੈ, ਇਉਂ ਮੇਹਰ ਵਿਚ ਆ ਕੇ ਬੀ ਦਿੰਦੀ ਹੈ, ਪਰ ਦਿੰਦੀ ਹੈ ਆਪਣੇ ਵਿਚਾਰੇ ਅਨੁਸਾਰ। ਤਿਵੇਂ ਸਾਈਂ ਸੁਣਦਾ ਹੈ ਤੇ ਪਿਆਰਿਆਂ ਦੇ ਪਿਆਰ ਨੂੰ ਪਿਆਰ ਸਮਝਦਾ ਹੈ, ਦਿੰਦਾ ਹੈ, ਪਰ ਦਿੰਦਾ ਆਪਣੀ ਸਰਬੱਗ ਗਿਆਤਾ ਨਾਲ ਹੈ ਤੇ ਦੇਂਦਾ ਹੈ ਆਪੇ। ਇਹ ਹੈ ਸੂਲ ਨਾਲ ਸੂਲ ਕੱਢ ਦੇਣਾ, ਕਿਉਂਕਿ ਅਗਲੀ ਤੁਕ ਵਿਚ ਫੁਰਮਾਉਂਦੇ ਹਨ - 'ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰ ਆਪੇ ਸੁਣੈ ਬੇਨੰਤੀ॥' ਉਹ ਜੋ ਆਪੇ ਦੇ ਰਿਹਾ ਹੈ ਅਰਦਾਸ ਨੂੰ ਸੁਣਦਾ ਹੈ ਤੇ ਦਿਆਲੂ ਭੀ ਹੁੰਦਾ ਹੈ।

ਚਾਨਣ ਸਿੰਘ - ਠੀਕ ਫੁਰਮਾਇਆ ਨੇ, ਪਰ ਵਾਹਿਗੁਰੂ ਜੀ ਦੀ ਮਿਹਰ ਤੇ ਨਿਆ ਦਾ ਕੁਛ ਭੇਤ ਦੱਸੇ ਨਾ? ਮਿਹਰਬਾਨ ਹੈ ਤਾਂ ਨਿਆਇ ਕਰਤਾ ਨਹੀਂ ਤੇ ਜੇ ਨਿਆਇ ਕਰਤਾ ਹੈ ਤਾਂ ਮਿਹਰਬਾਨ ਨਹੀਂ।

ਸੰਤ (ਹੱਸ ਕੇ) ਤੁਹਾਡੇ ਇਨਸਾਨੀ ਪ੍ਰਬੰਧ ਵਿਚ ਰਾਜਿਆਂ, ਦੇਸਾਂ ਦੇ ਹੁਕਮਰਾਨਾਂ ਨੇ ਜੱਜ ਥਾਪੇ ਹੋਏ ਹਨ ਨਿਆਂ ਕਰਨ ਵਾਸਤੇ, ਫੇਰ ਕਿੰਗ (king) ਜਾ ਰਾਜਾ ਜਾ ਪ੍ਰੈਜ਼ੀਡੈਂਟ ਯਾ ਵਾਇਸਰਾਇ ਰਹਿਮ ਕਰਮ ਦਾ ਵਸੀਕਾਰ (Prerogative of mercy) ਕਿਉਂ ਰੱਖਦਾ ਹੈ। ਅਦਲ ਤੇ ਰਹਿਮ ਤੁਹਾਡੇ ਪ੍ਰਬੰਧ ਵਿਚ ਤਾਂ ਹੈਨ ਜੋ ਅੰਸ਼ ਹੋ, ਪਰ ਜਿਸ ਦੀ ਅੰਸ਼ ਹੋ, ਉਸ ਵਿਚ ਅਕਲ ਤੇ ਨਿਆਂ ਤੁਹਾਨੂੰ ਕਿਉਂ ਸੰਭਵ ਨਹੀਂ ਦਿਸਦਾ? ਫੇਰ ਦੇਖੋ ਜਿਹੜੇ ਲੋਕ ਜੇਹੇ ਇਤਰਾਜ਼ ਕਰਕੇ ਤੁਹਾਨੂੰ ਉਖੇੜਦੇ ਹਨ, ਉਹ ਆਪ ਭੁੱਲਾਂ ਕਰਦੇ ਹਨ। ਭੁੱਲਾਂ ਕਰਕੇ ਮਾਫੀਆਂ ਮੰਗਦੇ ਹਨ। ਮਾਫ ਨਾ ਕੀਤੇ ਜਾਣ ਤਾਂ ਇਸਨੂੰ ਇਖਲਾਕੀ ਕਮਜ਼ੋਰੀ ਦਸਦੇ ਹਨ। ਜਿਸ ਤੋਂ ਸਾਬਤ ਹੋਇਆ ਕਿ ਉਹ ਮਾਫੀ ਕਹੋ, ਬਖਸ਼ਿਸ਼ ਕਹੋ, ਰਹਿਮ ਕਹੋ, ਇਸਨੂੰ ਇਖਲਾਕੀ ਖ਼ੂਬੀ ਤੇ ਯੁਕਤੀ ਤੇ ਨਿਆਏ ਸਿੱਧ ਬਾਤ ਸਮਝਦੇ ਹਨ, ਫੇਰ ਦੱਸੋ ਇਹ ਸ਼ੁਭ ਗੁਣ ਪ੍ਰਮਾਤਮ ਦੇਵ ਵਿਚ ਉਨ੍ਹਾਂ ਨੂੰ ਕਿਉਂ ਅਯੁਕਤ ਯਾ ਅਵਗੁਣ ਯਾ ਬੇਲੋੜਾ ਦਿਸਦਾ ਹੈ?

ਚਾਨਣ ਸਿੰਘ (ਲੰਮਾ ਸਾਹ ਲੈ ਕੇ) - ਸੁੱਤੇ ਨੂੰ ਜਗਾ ਦਿਤਾ ਨੇ।

ਫੇਰ ਸੰਤ ਗੰਭੀਰ ਸੁਰ ਵਿਚ ਹੋ ਕੇ ਬੋਲੇ - ਭਾਈ, ਇਹ ਜੋ ਗੱਲ ਤੂੰ ਵਾਦੀ ਤੋਂ ਸੁਣੀ ਹੈ ਤੇ ਨਵੀਂ ਤੇ ਅਨੋਖੀ ਸਮਝੀ ਹੈ ਇਹ ਨਵੀਂ ਨਹੀਂ, ਇਹੋ ਜਿਹੀਆਂ ਤਰਕਾਂ ਹੋ ਬੀਤੀਆਂ ਦੀਆਂ ਉਗਾਹੀਆਂ ਹਨ। ਸ਼ੰਕਰਾਚਾਰਯ ਜੀ ਦੇ ਸਮੇਂ ਉਨ੍ਹਾਂ ਤੇ ਸ਼ੰਕਾ ਹੋਈ ਸੀ ਇਹੋ, ਇਸ ਰੂਪ ਵਿਚ ਕਿ ਵਾਹਿਗੁਰੂ ਭਗਤਾਂ ਤੇ ਤਰੁੱਠਦਾ ਹੈ ਤੇ ਦੂਸਰਿਆਂ ਤੇ ਨਹੀਂ, ਉਹ ਨਿਆਈਂ ਤੇ ਸਮਤੁਲਨਾ ਤੇ ਸਮਦ੍ਰਿਸ਼ਟੀ ਵਾਲਾ ਕੀਕੂੰ ਹੋਇਆ? ਹੈ ਨਾ ਤੇਰੇ ਵਾਦੀ ਦੀ ਤਰਕ ਇਸੇ ਤਰਕ ਦੀ ਉਗਾਹੀ।

ਚਾਨਣ ਸਿੰਘ (ਹੱਸ ਕੇ) - ਠੀਕ ਫੁਰਮਾਇਆ ਹੈ।

ਸੰਤ - ਲੈ ਸੁਣ, ਹੁਣ ਜੋ ਸ਼ੰਕਰ ਜੀ ਨੇ ਜਵਾਬ

ਦਿਤਾ ਸੀ – ਅੱਗ ਬਲ ਰਹੀ ਹੈ, ਉਹ ਸਭ ਕਿਸੇ ਨੂੰ ਨਿੱਘ ਦਾਨ ਕਰ ਰਹੀ ਹੈ, ਜੋ ਉਸਦੇ ਨੇੜੇ ਆਉਂਦੇ ਹਨ ਉਹ ਪਾਲੇ ਦੇ ਕਸ਼ਟ ਤੋਂ ਬਚਦੇ ਹਨ ਤੇ ਨਿੱਘ ਦਾ ਸੁਖ ਲੈਂਦੇ ਹਨ, ਜੋ ਦੂਰ ਬੈਠਦੇ ਹਨ ਉਹ ਅੱਗ ਦੇ ਹੁੰਦਿਆਂ ਸੁੰਦਿਆਂ ਪਾਲੇ ਦਾ ਕਸ਼ਟ ਸਹਾਰਦੇ ਹਨ। ਦੱਸ ਨਿਕਟ ਬੈਠਿਆਂ ਨੂੰ ਜੋ ਅਗਨੀ ਨਿੱਘ ਦਾਨ ਕਰ ਰਹੀ ਹੈ। ਇਹ ਉਸਦੀ ਸਮਦ੍ਰਿਸ਼ਟੀ ਵਾਲਾ ਕੀਕੂੰ ਹੋਇਆ? ਹੈ ਨਾ ਤੇਰੇ ਵਾਦੀ ਦੀ ਤਰਕ ਇਸੇ ਤਰਕ ਦੀ ਉਗਾਹੀ।

ਚਾਨਣ ਸਿੰਘ (ਹੱਸ ਕੇ) – ਠੀਕ ਫੁਰਮਾਇਆ ਨੇ।

ਸੰਤ – ਲੈ ਸੁਣ, ਹੁਣ, ਜੋ ਸ਼ੰਕਰ ਜੀ ਨੇ ਜਵਾਬ ਦਿਤਾ ਸੀ – ਅੱਗ ਬਲ ਰਹੀ ਹੈ, ਉਹ ਸਭ ਕਿਸੇ ਨੂੰ ਨਿੱਘ ਦਾਨ ਕਰ ਰਹੀ ਹੈ, ਜੋ ਉਸਦੇ ਨੇੜੇ ਆਉਂਦੇ ਹਨ ਉਹ ਪਾਲੇ ਦੇ ਕਸ਼ਟ ਤੋਂ ਬਚਦੇ ਹਨ ਤੇ ਨਿੱਘ ਦਾ ਸੁਖ ਲੈਂਦੇ ਹਨ, ਜੋ ਦੂਰ ਬੈਠਦੇ ਹਨ ਉਹ ਅੱਗ ਦੇ ਹੁੰਦਿਆਂ ਸੁੰਦਿਆਂ ਪਾਲੇ ਦਾ ਕਸ਼ਟ ਸਹਾਰਦੇ ਹਨ। ਦੱਸ ਨਿਕਟ ਬੈਠਿਆਂ ਨੂੰ ਜੋ ਅਗਨੀ ਨਿੱਘ ਦਾਨ ਕਰ ਰਹੀ ਹੈ, ਇਹ ਉਸਦੀ ਸਮਦ੍ਰਿਸ਼ਟੀ ਸਮਵਰਤਨ ਵਿਚ ਨੁਕਸ ਪਾ ਰਹੀ ਹੈ। ਸੋਚ ਕੇ ਹਛੂੰ ਤਰ੍ਹਾਂ ਦੱਸ ਭਾਈ!

ਚਾਨਣ ਸਿੰਘ ਤ੍ਰਬ੍ਹਕਿਆ, ਜਿਵੇਂ ਕੋਈ ਸੁੱਤਾ ਪਿਆ ਅਚਾਨਕ ਖੜਾਕ ਨਾਲ ਤ੍ਰਬ੍ਹਕ ਉਠਦਾ ਹੈ, ਬੋਲਿਆ – ਅਗਨੀ ਦਾ ਕੀਹ ਦੋਸ਼ ਹੈ, ਉਹ ਤਾਂ ਸਮਵਰਤ ਰਹੀ ਹੈ।

ਸੰਤ – ਤਿਵੇਂ ਭਾਈ, ਜੋ ਪ੍ਰਮਾਤਮਾ ਦੇ ਨੇੜੇ ਜਾਂਦੇ ਹਨ, ਉਹ ਸਰਬ ਗੁਣਾਂ ਦੇ ਸੂਰਜ ਤੋਂ ਸ਼ੁਭ ਗੁਣਾਂ ਦੀ ਨਿੱਘ, ਉਸਦੇ ਚਾਨਣੇ ਤੋਂ ਉਤਮ ਗਿਆਨ, ਉਸ ਦੇ ਤੇਜ ਸਰੂਪ ਦੀ ਸੁੰਦਰਤਾ ਤੋਂ ਰਸਮਯਤਾ ਪ੍ਰਾਪਤ ਕਰਦੇ ਹਨ। ਜੋ ਉਸ ਤੋਂ ਦੂਰ ਰਹਿੰਦੇ ਹਨ ਉਹ ਵਿਰਵੇ ਰਹਿੰਦੇ ਹਨ। ਭਗਤੀ ਨਾਮ ਹੈ ਉਸਦੇ ਨੇੜੇ ਹੋਣ ਦਾ, ਇਸ ਵਿਚ ਕੁਸ਼ਮਤ ਆਦਿ ਪਦ ਵਰਤਣੇ ਜ਼ਿੰਦਗੀ ਦੇ ਮਹਾਨ ਗੰਭੀਰ ਅਸੂਲਾਂ ਨੂੰ ਮਖੌਲ ਕਰਨ ਦੇ ਸਿਵਾ ਕੀ ਹੈ। ਜਿਵੇਂ ਕਿਸੇ ਸਾਇੰਸਵੇਤਾ ਦੇ 'ਪੁਟਾਸ਼ੀਣ' ਨੂੰ ਬਿਨਾਂ ਅੱਗ ਲਾਏ ਬਾਲ ਕੇ ਦਿਖਾ ਦੇਣ ਨੂੰ ਕੋਈ ਆਖੇ ਇਹ ਮਦਾਰੀ ਬਹੁਤ ਅੱਛਾ ਹੈ। ਸਾਡਾ ਜੀਵਨ ਕੀਹ ਵਸਤੂ ਹੈ? ਇਹ ਇਨਸਾਨ ਦੀ ਜ਼ਿੰਦਗੀ ਦਾ ਇਕ ਅਹਿਮ ਸੁਆਲ ਹੈ, ਜਿਸ ਪਰ ਜਗਤ ਦੇ ਮਹਾਨ ਦਾਨੇ ਅਦਬ ਨਾਲ ਤੇ ਗਹਿਰੀਆਂ ਕੋਸ਼ਿਸ਼ਾਂ ਵਿਚ ਉਮਰਾ ਲਾਉਂਦੇ ਹਨ, ਇਨ੍ਹਾਂ ਅਤਿ ਅਹਿਮੀਅਤ ਦੇ ਮਾਮਲਿਆਂ ਨੂੰ ਇਸ ਤਰ੍ਹਾਂ ਮਖੌਲ ਬਣਾ ਦੇਣਾ ਸਰਬ ਸਾਧਾਰਣ ਦੀ ਵਿਚਾਰ ਸ਼ਕਤੀ (Consciousness) ਨਾਲ ਧਰੋਹ ਕਰਨਾ ਹੈ, ਕਿਉਂਕਿ ਸਰਬ ਸਾਧਾਰਣ ਨੂੰ ਯਾ ਇਉਂ ਕਹੋ ਕਿ ਆਮ ਲੋਕਾਂ ਨੂੰ ਫੁਰਸਤ ਕਿੱਥੇ, ਵਿਦਿਆ ਕਿੱਥੇ, ਸਾਮਾਨ ਕਿੱਥੇ ਕਿ ਉਹ ਇਨ੍ਹਾਂ ਦੀ ਖੋਜ ਕਰਕੇ ਅਸਲੀਅਤ ਨੂੰ ਲੱਭਣ, ਹਾਲਾਂਕਿ ਸਾਰੇ ਮਾਮਲੇ ਖੋਜੇ ਜਾ ਚੁੱਕੇ ਹੋਏ ਹਨ, ਸਾਰੇ ਅਸੇ ਪ੍ਰਸ਼ਨ ਹੋ ਚੁੱਕੇ ਤੇ ਸਾਰੇ ਉਤਰ ਪਾ ਚੁੱਕੇ ਹਨ ਤੇ ਗ੍ਰੰਥਾਂ ਪੋਥੀਆਂ ਵਿਚ ਲਿਖੇ ਪਏ ਹਨ ਤੇ ਵਿਦਵਾਨਾਂ ਨੂੰ ਪਤਾ ਹਨ। ਸੋ ਬਰਖੁਰਦਾਰ ਜੀ! ਹਰ ਅਹਮ ਗੱਲ ਨੂੰ ਵਿਚਾਰਸ਼ੀਲ ਤਰੀਕੇ ਨਾਲ, ਅਦਬ ਨਾਲ ਹੱਲ ਕਰਨਾ ਚਾਹੀਏ।

੩

ਚਾਨਣ ਸਿੰਘ – ਫੇਰ ਜੀ ਇਹ ਗੱਲ ਅਜੇ ਭੀ ਨਹੀਂ ਜੇ ਸਮਝੇ ਪਈ ਕਿ ਭਗਤੀ ਰੱਬ ਦੇ ਨੇੜੇ ਹੋਣਾ ਕਿਵੇਂ ਹੈ ਤੇ ਨਾ ਭਗਤੀ ਦੂਰ ਰਹਿਣਾ ਕਿਵੇਂ ਹੈ?

ਸੰਤ ਫੇਰ ਮੁਸਕਰਾਏ ਤੇ ਕਹਿਣ ਲੱਗੇ – ਬਹੁਤ ਠੀਕ ਕਿਹਾ ਹੇ। ਤੁਸੀਂ ਵਿਦਿਆ ਪਾਈ ਹੈ ਸਾਇੰਸ ਤੇ ਫਿਲਾਸਫੀ ਪੜ੍ਹੀ ਹੈ। ਤੁਸੀਂ ਸਮਝਦੇ ਹੋ ਕਿ ਦੇਸ਼ ਕਿਸਨੂੰ ਆਖਦੇ ਹਨ?

ਚਾਨਣ ਸਿੰਘ – ਦੇਸ਼?.....ਮੁਲਕ ਨੂੰ।

ਸੰਤ (ਮੁਸਕਰਾ ਕੇ) ਹਾਂ ਭਾਈ, ਠੀਕ ਹੈ ਪਰ ਦਾਰਸ਼ਨਿਕ ਵਿਦਿਆ ਵਿਚ, ਫਿਲਾਸਫੀ ਵਿਚ, ਦੇਸ਼ ਉਸਨੂੰ ਕਹਿੰਦੇ ਹਨ ਜਿਸਨੂੰ ਤੁਸੀਂ (Space) ਸਪੇਸ ਆਖਦੇ ਹੋ। ਇਹ ਜੋ ਪਹਿਨਾਉ ਹੈ, ਜਿਸ ਵਿਚ ਚੁੜਾਣ ਲੰਮਾਣ ਡੂੰਘਾਣ ਗਣਤ ਵਿਦਿਆ ਦੱਸਦੀ ਹੈ ਦੇਸ਼ ਹੈ। ਫਿਰ ਦੂਸਰੀ ਚੀਜ਼ ਹੈ ਕਾਲ ਜਿਸਨੂੰ ਤੁਸੀਂ ਟਾਈਮ ਆਖਦੇ ਹੋ। ਇਹ ਜੋ ਦ੍ਰਿਸ਼ਟਮਾਨ ਜਗਤ ਹੈ, ਦੇਸ਼ ਕਾਲ ਵਿਚ ਹੈ। ਇਹ ਗੱਲ ਸਮਝਦੇ ਹੋ?

ਚਾਨਣ ਸਿੰਘ – ਜੀ ਹਾਂ, ਆਪ ਦੀ ਕ੍ਰਿਪਾ ਨਾਲ ਸਮਝਦਾ ਹਾਂ। ਅਸੀਂ ਤਾਂ ਜੋ ਕੁਛ ਬੀ ਸੋਚਦੇ ਸਮਝਦੇ ਹਾਂ ਦੇਸ਼ ਕਾਲ ਦੇ ਪਹਿਨਾਉ ਵਿਚ ਹੀ ਸੋਚਦੇ ਹਾਂ, ਸਾਡਾ ਮਨ ਦੇਸ਼ ਕਾਲ ਵਿਚ ਹੀ ਸਮਝਦਾ ਤੇ ਸੋਚਦਾ ਹੈ।

ਸੰਤ – ਭਲਾ ਹੋਵੇ ਨੇ। ਹੁਣ ਅਸੀਂ ਜੇ ਕਿਸੇ ਦੇ ਨੇੜੇ ਜਾਣਾ ਹੋਵੇ ਯਾ ਦੂਰ ਹੋਣਾ ਹੋਵੇ ਤਾਂ ਦੋ ਗੱਲਾਂ ਵਾਪਰਨਗੀਆਂ, ਦੇਸ਼ ਵਿਚ ਉਰੇ ਪਰੇ ਹੋਵਾਂਗੇ ਅਤੇ ਐਸਾ ਕਰਨ ਵਿਚ ਕਾਲ ਖਰਚ ਹੋਵੇਗਾ ਸਮਾਂ ਲੱਗੇਗਾ। ਕੀਹ ਇਹ ਗੱਲ ਸਿੱਧ ਹੋ ਗਈ ਕਿ ਸਾਡਾ ਨੇੜੇ ਦੂਰ ਹੋਣਾ ਦੇਸ਼ ਕਾਲ ਵਿਚ ਹੁੰਦਾ ਹੈ? ਜੋ ਕੁਛ ਰੂਪਧਾਰੀ ਇਹ ਜਗਤ ਹੈ, ਇਹ ਸਾਰਾ ਦੇਸ਼ ਕਾਲ ਵਿਚ ਹੈ, ਸੋ ਇਸ ਵਿਚ ਨੇੜੇ ਦੂਰ ਹੋਣਾ ਦੇਸ਼ ਕਾਲ ਵਿਚ ਹੀ ਹੁੰਦਾ ਹੈ। ਜੇ ਅੱਗ ਬਲ ਰਹੀ ਹੈ ਤਾਂ ਅਸੀਂ ਲੱਤਾਂ ਨਾਲ ਟੁਰ ਕੇ ਯਾ ਸਵਾਰੀ ਤੇ ਬੈਠ ਕੇ

ਅਰਥਾਤ ਦੇਸ਼ ਵਿਚ ਟੁਰ ਕੇ ਉਸ ਨੇੜੇ ਜਾਵਾਂਗੇ, ਪਰ ਪ੍ਰਮਾਤਮਾ ਅਗਨੀ ਵਾਂਙੂ ਦੇਸ਼ ਕਾਲ ਵਿਚ ਰੂਪ ਧਾਰ ਕੇ ਕਿਤੇ ਲਟ ਲਟ ਨਹੀਂ ਪ੍ਰਜੁਲਤ ਹੋ ਰਿਹਾ ਜੋ ਲੱਤਾਂ ਨਾਲ ਟੁਰ ਕੇ ਉਸਦੇ ਨੇੜੇ ਜਾ ਪਹੁੰਚਾਂਗੇ। ਉਹ ਰੂਪ ਤੋਂ ਰਹਿਤ ਯਾ ਦੇਸ਼ ਕਾਲ ਤੋਂ ਪਰ੍ਹੇ ਹੈ, ਉਸਦੇ ਨੇੜੇ ਜਾਣਾ ਦੇਸ਼ ਵਿਚ ਕਿਸੇ ਹਰਕਤ ਦੇ ਕਰਨ ਨਾਲ ਨਹੀਂ ਹੋ ਸਕਦਾ। ਉਹ ਰੂਹ ਹੈ, ਆਤਮ ਵਸਤੂ ਹੈ, ਸਾਡਾ ਅਸਲ ਆਪਾ ਜੋ ਸਾਡੇ ਅੰਦਰ ਅਤਿ ਸੂਖਮ ਰੂਪ ਵਾਲਾ ਹੈ, ਜੋ ਬਿਨਾਂ ਸਰੀਰ ਦੀ ਹਰਕਤ ਦੇ ਅੱਖ ਫੋਰ ਵਿਚ ਜਿੱਥੇ ਚਾਹੇ ਚਲਾ ਜਾਂਦਾ ਹੈ, ਉਹ ਬੀ ਸੂਖਮ ਰੂਪ ਵਾਲਾ ਹੈ, ਜੋ ਬਿਨਾਂ ਸਰੀਰ ਦੀ ਹਰਕਤ ਦੇ ਅੱਖ ਫੋਰ ਵਿਚ ਜਿੱਥੇ ਚਾਹੇ ਚਲਾ ਜਾਂਦਾ ਹੈ, ਉਹ ਬੀ ਸੂਖਮ ਹੈ ਰੂਹ-ਆਤਮ-ਵਸਤੂ ਹੈ। ਸੋ ਸਾਡੇ ਆਪੇ ਨੂੰ ਸਾਂਈ ਦੇ ਨੇੜੇ ਹੋਣ ਲਈ ਤੁਰਨ ਦੀ ਲੋੜ ਨਹੀਂ, ਉਸ ਨੇ ਤਾਂ ਆਪਣੇ ਸੰਕਲਪ ਵਿਚ ਜਿਸ ਸੈ ਦੇ ਨੇੜੇ ਹੋਣਾ ਹੈ ਹੋ ਜਾਣਾ ਹੈ। ਇਥੇ ਜਿਸ ਦੇ ਨੇੜੇ ਹੋਣਾ ਹੈ ਉਹ ਦੇਸ਼ ਕਾਲ ਵਿਚ ਨਹੀਂ, ਪਰ ਰੂਹ ਹੈ। ਰੂਹ ਦੇਸ਼ ਕਾਲ ਵਿਚ ਨਹੀਂ, ਇਸ ਕਰਕੇ ਸਾਡਾ ਆਪਾ ਹੁਣ ਕੀਕੂੰ ਉਸਦੇ ਨੇੜੇ ਹੋਵੇ? ਸਾਫ ਹੈ ਕਿ ਉਹ ਆਪਣੇ ਭਾਵ ਮਾਤ੍ਰ ਨਾਲ ਪ੍ਰਮਾਤਮਾ ਦੇ ਨੇੜੇ ਹੋ ਸਕਦਾ ਹੈ। ਇਸ ਲਈ ਅਸਾਂ ਆਪਣੇ ਅੰਦਰਲੇ ਨੂੰ ਉਸ ਦੇ ਵੱਲ ਰੁਖ ਦੇਣਾ ਹੈ। ਆਪੇ ਨੂੰ ਜੋ ਇਹ ਰੁਖ ਦੇਣਾ ਹੈ, ਇਸ ਨੂੰ ਗੁਰਬਾਣੀ ਵਿਚ ਨਾਮ ਕਿਹਾ ਹੈ। ਇਸ ਰੁਖ ਦੇਣ ਦੇ ਕਈ ਤਰੀਕੇ ਹਨ। ਜਿਨ੍ਹਾਂ ਵਿਚੋਂ ਇਕ ਕੀਰਤਨ ਹੈ ਤੇ ਇਕ ਹੈ ਅਰਦਾਸ। ਸਾਡੇ ਸਰੀਰ ਵਿਚ ਮੈਂ ਦੱਸਿਆ ਸੀ ਕਿ ਮੰਗ ਹੈ। ਇਸੀ ਤਰ੍ਹਾਂ ਸਾਡੇ ਮਨ ਵਿਚ ਮੰਗ ਹੈ। ਸਭ ਤੋਂ ਵੱਡੀ ਮੰਗ ਹੈ ਜੀਵਨ ਦਾ ਭੇਤ ਖੁਲ੍ਹੇ ਸੁਖ ਮਿਲੇ, ਇਸ ਲਈ ਅਰਦਾਸ ਕਰੀਦੀ ਹੈ -

*ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ॥*
*ਕਰਿ ਕਿਰਪਾ ਪ੍ਰਭ ਦੀਨ ਦਇਆਲਾ*
*ਗੁਣ ਗਾਵਉ ਰੰਗਿ ਰਾਤਾ॥*

ਇਹ ਅਰਦਾਸ ਕਰਨੀ ਉਸਦੇ ਨੇੜੇ ਹੋਣ ਦਾ ਜਤਨ ਹੈ, ਆਪੇ ਦੇ ਭਾਵ ਨੂੰ ਉਸ ਪ੍ਰਮਾਤਮ ਦੇਵ ਵਲ ਝੁਕਾਉ ਵਾਲਾ, ਉਸ ਵੰਨੇ ਰੁਖ ਵਾਲਾ ਬਨਾਉਣਾ ਹੈ, ਉਸ ਪਵਿੱਤਰਤਾ ਰੂਪੀ ਅਗਨੀ ਦੇ ਅਲਾਂਭੇ ਦੇ ਨੇੜੇ ਹੋਣਾ ਹੈ। ਜਦ ਇਉਂ ਕਰਦਿਆਂ ਉਸਦੀ ਸਮੀਪਤਾ ਵਿਚ ਜਾਈਦਾ ਹੈ ਤਾਂ ਉਸਦਾ ਅਸਰ ਸਾਡੇ ਤੇ ਪੈਂਦਾ ਹੈ ਤੇ ਅੰਦਰਲਾ ਟਿਕਾਉ ਵਿਚ ਆਉਣ ਲਗ ਪੈਂਦਾ ਹੈ, ਉਸਦੀ ਹੋਂਦ ਦੀ, ਉਸਦੀ ਹੈ ਦੀ ਪ੍ਰਤੀਤੀ ਸਾਡੇ ਆਪੇ ਵਿਚ ਨਿਸਚਿਤ ਹੋਣ ਲਗ ਜਾਂਦੀ ਹੈ। ਯਾ ਇਉਂ ਕਹੋ ਕਿ ਅਰਦਾਸ ਤੋਂ ਬਾਅਦ ਜਦੋਂ ਹੋਰ ਪਾਸਿਆਂ ਵਿਚ ਵਿਚਰੀਦਾ ਹੈ ਤਾਂ ਅੰਦਰ ਵਾਹਿਗੁਰੂ ਜੀ ਦੀ ਹੋਂਦ ਦਾ ਭਾਵ ਇਕ ਹੈ ਦੀ ਪ੍ਰਤੀਤੀ ਵਿਚ ਕਾਇਮ ਹੋ ਜਾਂਦਾ ਹੈ, ਅਰਥਾਤ ਸਾਨੂੰ ਪ੍ਰਮਾਤਮਾ ਹਰ ਵੇਲੇ ਯਾਦ ਰਹਿਣ ਲਗ ਪੈਂਦਾ ਹੈ। ਸਾਡੀ ਸਿਮ੍ਰਿਤੀ (ਯਾਦ ਸ਼ਕਤੀ) ਵਿਚ ਉਸਦਾ ਇਹ ਨਿਵਾਸ ਨਾਮ ਸਿਮਰਨ ਕਹੀਦਾ ਹੈ। ਆਪੇ ਦੇ ਇਸ ਰੰਗ ਵਿਚ ਫੇਰ ਰਸ ਪੈਂਦਾ ਹੈ - ਉਇ ਸੁਖ ਕਾਸਿਉ ਬਰਨਿ ਸੁਨਾਵਤ। ਉਸ ਰਸ ਤੋਂ ਸ਼ੁਕਰ ਦੇ ਭਾਵ ਉਪਜਦੇ ਹਨ, ਉਨ੍ਹਾਂ ਭਾਵਾਂ ਦਾ ਰਸ ਆਪਣਾ ਹੁੰਦਾ ਹੈ। ਇਉਂ ਅੰਦਰਲੇ ਆਪੇ ਨੂੰ ਭਾਵ ਨਾਲ ਪ੍ਰਮਾਤਮ ਦੇਵ ਦੀ ਨਿਕਟਤਾ ਪ੍ਰਾਪਤ ਹੁੰਦੀ ਹੈ ਤੇ ਉਸਦੇ ਗੁਣਾਂ ਦਾ, ਉਸਦੇ ਸਰੂਪ ਦਾ, ਉਸਦੇ ਆਨੰਦ ਦਾ ਪ੍ਰਭਾਉ ਪ੍ਰਾਪਤ ਹੁੰਦਾ ਹੈ ਤੇ ਸਾਨੂੰ ਜੀਵਨ ਕੀਹ ਹੈ ਦਾ ਪਤਾ ਲੱਗਦਾ ਹੈ। ਜੀਵਨ ਫਿਰ ਰਸ ਮਯ ਹੋ ਜਾਂਦਾ ਹੈ ਤੇ ਉਸ ਰਸ ਦਾ ਫੇਰ ਦਾਤਾ ਬਣ ਜਾਈਦਾ ਹੈ, ਜੀਉ ਕਰਦਾ ਹੈ ਕਿ ਜਗਤ ਨੂੰ ਸੁਖੀ ਕਰੀਏ, ਫਿਰ ਆਪਣਾ ਜੀਵਨ ਜਗਤ ਦੇ ਹਰ ਤਰ੍ਹਾਂ ਦੇ ਉਪਕਾਰ ਲਈ ਨਿਰ-ਯਤਨ ਸਮਰਪਨ ਹੋ ਜਾਂਦਾ ਹੈ।

ਚਾਨਣ ਸਿੰਘ - ਆਪ ਦਾ ਇਹ ਮਤਲਬ ਹੈ ਕਿ ਜਿਵੇਂ ਰੂਪਧਾਰੀ ਜਗਤ ਵਿਚ ਰੂਪਧਾਰੀ ਰੂਪਧਾਰੀ ਕੋਲ ਜਾਵੇ ਤਾਂ ਟੁਰ ਕੇ ਯਾ ਕਿਸੇ ਸਵਾਰੀ ਤੇ ਚੜ੍ਹ ਕੇ ਜਾਂਦਾ ਹੈ, ਐਉਂ ਵਾਹਿਗੁਰੂ ਜੀ ਕੋਲ ਨਹੀਂ ਜਾ ਸਕੀਦਾ, ਉਹ ਅਰੂਪ ਹੈ, ਸੂਖਮ ਤੋਂ ਸੂਖਮ ਹੈ, ਦੇਸ਼ ਤੇ ਕਾਲ ਦੀ ਬੰਨ੍ਹ ਵਿਚ ਨਹੀਂ ਹੈ, ਪਰ ਹੈ ਵਜੂਦ ਵਾਲਾ ਚੇਤਨ ਤੇ ਸੁਖ ਸਰੂਪ। ਉਸ ਦੇ ਨੇੜੇ ਹੋਣਾ ਹੋਵੇ ਤਾਂ ਅੰਦਰਲੇ ਦੇ ਭਾਵ ਨਾਲ ਹੋਈਦਾ ਹੈ। ਸੋ ਅਗਨੀ ਵਾਲਾ ਦ੍ਰਿਸ਼ਟਾਂਤ ਤਾਂ ਢੁਕਿਆ ਪਰ ਨੇੜੇ ਜਾਣਾ ਸਾਂਈ ਦੇ ਹੋਰ ਤਰ੍ਹਾਂ ਦਾ ਹੈ, ਉਹ ਹੈ ਭਾਵ ਨਾਲ, ਸੋ ਭਾਵ ਨਾਲ ਜੋ ਸਾਂਈ ਵਲ ਰੁਖ ਕਰਦਾ ਹੈ ਉਹ ਨੇੜੇ ਹੁੰਦਾ ਹੈ ਤੇ ਸੁਖ ਲੈਂਦਾ ਹੈ। ਇਹ ਜੋ ਅਰਦਾਸ ਹੈ, ਸ਼ੁਕਰ ਹੈ, ਉਸਦੇ ਗੁਣ ਗਾਇਨ ਕਰਨਾ ਹੈ ਤੇ ਉਸਨੂੰ ਪਿਆਰ ਨਾਲ ਯਾਦ ਕਰਨਾ ਹੈ, ਇਹ ਹੈ ਅੰਦਰਲੇ ਦੇ ਭਾਵ ਨੂੰ ਉਸ ਪਾਸੇ ਲਾ ਲੈਣਾ। ਕੀਹ ਜੀ ਮੈਂ ਠੀਕ ਸਮਝ ਲਿਆ ਹੈ?

ਸੰਤ - ਹਾਂ ਭਾਈ, ਤੂੰ ਉਂਞ ਬੀ ਸੋਚ ਲੈ ਕਿ ਉਥੇ ਤਾਂ ਅਗਨੀ ਜੜ੍ਹ ਪਦਾਰਥ ਸੀ ਨਾ, ਤੇ ਇਥੇ ਵਾਹਿਗੁਰੂ ਜੀ ਚੇਤਨ ਹੋਏ ਤੇ ਅਸੀਂ ਬੀ ਚੇਤਨਤਾ ਵਾਲੇ ਹੋਏ। ਇਸੇ ਗੱਲ ਨੂੰ ਮਨੁੱਖਾਂ ਮਨੁੱਖਾਂ ਵਿਚ ਘਟਾ ਕੇ ਦੇਖ ਲੈ। ਮਨੁੱਖ ਟੁਰ ਕੇ ਇਕ ਮਨੁੱਖ ਦੇ ਨੇੜੇ ਜਾ ਬੈਠਾ। ਦੁਇ ਓਪਰੇ ਦੇ ਬ੍ਰਿਛਾਂ ਵਾਂਗੂੰ ਨੇੜੇ ਨੇੜੇ ਖੜੇ ਰਹੇ। ਪਰ ਜਦ ਦਿਲ ਵਿਚ ਕੋਈ ਭਾਵ ਲੈ ਕੇ ਜਾਓ ਤਾਂ ਅਸਲ ਨੇੜੇ ਹੋਈਦਾ ਹੈ, ਦੁਇ ਫਿਰ ਪਰਸਪਰ ਸਬੰਧ ਪ੍ਰਤੀਤ ਕਰਦੇ ਹਨ। ਜੇ ਪਿਆਰ

ਦਾ ਭਾਵ ਹੋਵੇ ਤਾਂ ਆਪੋ ਵਿਚ ਅਸਰ ਕਰਦਾ ਤੇ ਸੁਖ ਦਿੰਦਾ ਹੈ।

ਚਾਨਣ ਸਿੰਘ (ਤ੍ਰਬਕ ਕੇ) - ਠੀਕ ਦੱਸਿਆ ਨੇ, ਬਹੁਤ ਖ਼ੂਬ.......।

ਸੰਤ - ਫੇਰ ਦੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ - ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ। ਮੀਂਹ ਜਦ ਵਰਦਾ ਹੈ ਤਾਂ ਟੋਏ ਭਰੀਂਦੇ ਹਨ, ਟਿੱਬੇ ਸੱਖਣੇ ਰਹਿ ਜਾਂਦੇ ਹਨ, ਸੋ ਜਿਨ੍ਹਾਂ ਦੇ ਮਨ ਸਾਂਈ ਦੇ ਸਦਾ ਸਦਾ ਵਸ ਰਹੇ ਪਿਆਰ ਤੇ ਮਿਹਰ ਦੇ ਮੀਂਹ ਅੱਗੇ ਟਿੱਬੇ ਬਣੇ ਹਨ ਉਹ ਲਹ ਲਹ ਕਰਦੇ ਸੁਭਰ ਭਰਦੇ ਹਨ। ਮੀਂਹ ਦੀ ਸਮਵਰਤਨਾਂ ਵਿਚ ਕੋਈ ਫਰਕ ਨਹੀਂ। ਕੀ ਤੁਸੀਂ ਸਮਝਦੇ ਹੋ ਟੋਏ ਬਣਨ ਦਾ ਕੀਹ ਭਾਵ ਹੈ?

ਚਾਨਣ ਸਿੰਘ - ਨਹੀਂ ਜੀ।

ਸੰਤ - ਭਾਈ, ਅਧਿਕਾਰੀ ਬਣਨਾ। ਆਪਣੇ ਆਪ ਨੂੰ ਇਸ ਜੋਗ ਬਨਾਉਣਾ ਕਿ ਮਿਲੀ ਦਾਤ ਨੂੰ ਸਾਂਭ ਸਕੇ। ਤੁਸੀਂ ਸ਼ਾਇਦ ਅੰਗ੍ਰੇਜ਼ੀ ਵਿਚ ਉਸ ਨੂੰ 'ਰੀਸੀਪੀਅੰਟ' ਆਖਦੇ ਹੋਸੋ। ਭਗਤੀ ਭਾਵ ਨਾਲ, ਪਿਆਰ ਦੇ ਅੰਤ੍ਰੀਵ ਭਾਵ ਨਾਲ ਜੋ ਵਾਹਿਗੁਰੂ ਜੀ ਵਲ ਰੁਖ ਕਰਨਾ ਹੈ ਇਹ ਰੀਸੀਪੀਅੰਟ ਬਣਨਾ ਹੈ। ਜੇ ਟਿੱਬੇ ਰੀਸੀਪੀਅੰਟ ਬਣ ਕੇ ਲਾਭ ਲੈਣੋਂ ਵਿਰਵੇ ਹਨ ਤਾਂ ਮੀਂਹ ਦੀ ਵੰਡ ਨੂੰ ਕਿਉਂ ਉਲਾਂਭਾ ਕਿ ਉਹ ਕੁਸ਼ਾਮਤ ਦੀ ਲੋੜ ਰੱਖਦਾ ਹੈ। ਮੀਂਹ ਤਾਂ ਸਮੁੰਦਰ ਤੇ ਭੀ ਵਰਦਾ ਹੈ, ਰੇਤ ਥੱਲੇ ਤੇ ਭੀ, ਟਿੱਬੇ ਤੇ ਵੀ, ਪਰਬਤ ਤੇ ਭੀ ਤੇ ਛੱਪੜ ਤੇ ਭੀ, ਖੇਤਾਂ ਤੇ ਭੀ ਘਰਾਂ ਤੇ ਭੀ। ਜੋ ਜੋ ਉਸਦੇ ਬਖਸ਼ੇ ਪਾਣੀ ਨੂੰ ਲੈਣ ਲਈ ਆਪ ਨੂੰ ਰੀਸੀਪੀਅੰਟ ਬਣਾਉਂਦਾ ਹੈ ਉਹ ਉਹ ਵਰੋਸਾਉਂਦਾ ਹੈ, ਫਰਕ ਕੇਵਲ ਇੰਨਾ ਹੈ ਕਿ ਮੀਂਹ ਤੇ ਅਗਨੀ ਨਿਰਜਿੰਦ ਹਨ, ਦਾਤਾ ਅਸਲੀ ਜਿੰਦ ਤੇ ਪੂਰਨ ਚੇਤਨਤਾ ਹੈ, ਉਹ ਵੱਡਾ ਦਾਤਾ ਸਭ ਕਿਸੇ ਨੂੰ ਦੇਂਦਾ ਹੈ, ਜੋ ਰੀਸੀਪੀਅੰਟ ਹੈਨ, ਸੋ ਲਾਭਵੰਦ ਹੁੰਦੇ ਹਨ ਜੋ ਨਹੀਂ ਸੋ ਨਹੀਂ ਹੁੰਦੇ।

ਚਾਨਣ ਸਿੰਘ - ਹੁਣ ਸਾਰੀ ਗੱਲ ਦੀ ਸਮਝ ਆਈ ਜੇ। ਸ਼ੁਕਰ ਹੈ ਆਪ ਦਾ ਤੇ ਆਪ ਦੇ ਦਾਤਾ ਜੀ ਦਾ।

ਸੰਤ - ਇਕ ਹੋਰ ਗੱਲ ਸਮਝ। ਜੇ ਲੋਹਾ ਉਸ ਨਾਲ, ਜਿਸਨੂੰ ਤੁਸੀਂ ਮੈਗਨਿਟ ਤੇ ਅਸੀਂ ਮਿਕਨਾਤੀਸ ਆਖਦੇ ਹਾਂ, ਛੋਹੇ ਤਾਂ ਉਸ ਵਿਚ ਮਿਕਨਾਤੀਸੀ ਖਿੱਚ ਆ ਜਾਂਦੀ ਹੈ, ਉਹ ਲੋਹਾ ਫਿਰ ਦੂਸਰੇ ਲੋਹੇ ਨੂੰ ਆਪਣੀ ਵੱਲ ਖਿੱਚਦਾ ਹੈ, ਅਰਥਾਤ ਉਹ ਮਿਕਨਾਤੀਸੀ ਸ਼ਕਤੀ ਵਾਲਾ ਹੋ ਜਾਂਦਾ ਹੈ, ਪਰ ਜੇ ਲੋਹਾ ਕੱਚਾ ਹੈ ਤਦ ਜਦੋਂ ਉਸ ਨੂੰ ਮਿਕਨਾਤੀਸ ਤੋਂ ਪਰ੍ਹੇ ਕਰੋਗੇ ਆਪ ਮਿਕਨਾਤੀਸ ਨਹੀਂ ਰਹੇਗਾ, ਪਰ ਜੇ ਉਹ ਫੌਲਾਦ ਹੋ ਗਿਆ ਹੈ ਅਰਥਾਤ ਕਮਾਇਆ ਲੋਹਾ ਜੋ ਅਸਪਾਤ ਕਿ ਫੌਲਾਦ ਕਿ ਪੱਕਾ ਕੁਛ ਕਹੋ ਬਣ ਚੁੱਕਾ ਹੈ ਤੇ ਉਸ ਨੂੰ ਤੁਸੀਂ ਮੈਗਨਿਟ ਦੇ ਗਲੇ ਲਗਾ ਦਿਓ ਤਾਂ ਉਸ ਵਿਚ ਮਿਕਨਾਤੀਸੀ ਤਾਕਤ ਪ੍ਰਵੇਸ਼ ਕਰਕੇ ਟਿਕ ਜਾਏਗੀ। ਜਦੋਂ ਪਰੇ ਬੀ ਕਰ ਲਓਗੇ ਤਾਂ ਉਸ ਵਿਚ ਉਹ ਤਾਕਤ ਸਮਾਈ ਹੋਈ ਹੋਵੇਗੀ, ਅਰਥਾਤ ਉਹ ਦੂਸਰੇ ਲੋਹੇ ਨੂੰ ਖਿੱਚੇਗੀ। ਇਹ ਰਿਹਾ ਦ੍ਰਿਸ਼ਟਾਂਤ, ਇਸ ਦਾ ਭਾਵ ਇਹ ਹੈ ਕਿ ਅਸਾਂ ਜੁ ਆਪ ਇਸ ਸ੍ਰਿਸ਼ਟੀ ਦੇ ਮੂਲ ਕਾਰਣ - ਵਾਹਿਗੁਰੂ ਦੇ ਨੇੜੇ ਹੋਣਾ ਹੈ ਉਸ ਦਾ ਪ੍ਰਭਾਉ ਲੈ ਕੇ ਆਤਮ ਜੀਵਨ ਵਾਲੇ ਹੋ ਜਾਣ ਲਈ ਹੈ, ਜੇ ਅਸੀਂ ਆਪੇ ਨੂੰ ਘਾਲ ਕਰ ਕੇ ਕਮਾ ਲਵਾਂਗੇ ਤਾਂ ਸਾਂਈ ਦੀ ਸ਼ਕਤੀ ਦਾ ਪ੍ਰਵੇਸ਼, ਉਨ੍ਹਾਂ ਦੇ ਗੁਣਾਂ ਦਾ ਆਵੇਸ਼, ਉਨ੍ਹਾਂ ਦੇ ਸਰੂਪ ਦਾ ਨਿਵਾਸ, ਉਨ੍ਹਾਂ ਦੀ ਤਦਰੂਪਤਾ ਸਾਡੇ ਨਾਲ ਸਦਾ ਥਿਰ ਤੇ ਅਭੇਦ ਹੋ ਜਾਏਗੀ। ਜੇ ਅਸੀਂ ਕੱਚੇ ਹਾਂ ਤਾਂ ਜਦ ਤਕ ਸਤਿਸੰਗ ਦੁਆਰਾ ਨਾਲ ਰਹੇ, ਸੁਖਾਵੇਸ਼ ਵਾਲੇ ਰਹੇ, ਪਰ੍ਹੇ ਹੋ ਗਏ ਤਾਂ ਰਹਿ ਗਏ ਸੱਖਣੇ।

ਚਾਨਣ ਸਿੰਘ - ਊਈ, ਸੰਤ ਜੀ ਤਦੇ ਮੈਂ ਡਿੱਗ ਡਿੱਗ ਪੈਂਦਾ ਹਾਂ। ਅਜੇ ਕੱਚਾ ਹਾਂ। ਕਮਾਈ ਦੀ ਕਸਰ ਹੈ, ਠੀਕ ਹੈ......ਨਾਲ ਲਾਈ ਰੱਖੋ ਨਾ।

ਸੰਤ - ਭਾਈ ਸਾਡੀ ਗੱਲ ਦੀ ਸੈਨਤ ਤੁਸਾਂ ਵੰਨੇ ਨਹੀਂ ਸੀ। ਅਸੀਂ ਤਾਂ ਇਕ ਅਸੂਲ ਤੁਸਾਂ ਨੂੰ ਸਮਝਾਇਆ ਸੀ ਕਿ ਰੀਸੀਪੀਅੰਟ ਤਾਂ ਅਸੀਂ ਆਪ ਨਹੀਂ ਹੁੰਦੇ ਤੇ ਦੋਸ਼ ਦਿੰਦੇ ਤੇ ਮਖੌਲ ਕਰਦੇ ਹਾਂ ਕਰਤਾ ਪੁਰਖ ਨੂੰ ਕਿ ਜੋ ਸਦਾ ਮਿਹਰ ਦਾ ਰੂਪ ਹੈ। ਸਾਡੀ ਘਾਲ ਕਮਾਈ, ਸਾਡਾ ਬਾਣੀ ਦਾ ਪਾਠ ਵੀਚਾਰ, ਸ਼ੁਕਰ, ਨਾਮ, ਆਪੇ ਨੂੰ ਕਮਾਉਣਾ ਤੇ ਸਾਂਈ ਦੇ ਨੇੜੇ ਜਾਣਾ ਹੈ, ਆਪੇ ਨੂੰ ਰੀਸੀਪੀਅੰਟ ਬਣਾ ਕੇ ਦਾਤ ਲੈਣ, ਸੰਭਾਲਣ ਤੇ ਆਤਮ ਜੀਵਨ ਵਾਲੇ ਹੋ ਜਾਣ ਲਈ ਹੈ। ਬਾਕੀ ਕਸਰਾਂ ਆਪੋ ਆਪਣੀਆਂ ਮੇਰੀਆਂ ਮੈਂ ਜਾਣਾ, ਤੁਸਾਡੀਆਂ ਤੁਸੀਂ ਜਿਉਂ ਜਿਉਂ ਘਟਾਓ ਤਿਉਂ ਤਿਉਂ ਸੁਖ।

ਚਾਨਣ ਸਿੰਘ - ਹੁਣ ਸਮਝੇ ਪਈ ਜੇ ਸਾਰੀ ਗੱਲ। ਸੰਤ ਜੀ, ਖਿਮਾ ਕਰਨੀ ਆਪ ਨੇ ਅੱਜ ਦੀਆਂ ਗੱਲਾਂ ਵਿਚ ਅੰਗ੍ਰੇਜ਼ੀ ਪਦ ਵਰਤੇ ਹਨ ਤੇ ਦ੍ਰਿਸ਼ਟਾਂਤਾਂ ਵਿਚ ਜੋ ਕੁਛ ਕਿਹਾ ਹੈ ਉਸ ਤੋਂ ਥਹੁ ਪੈਂਦਾ ਹੈ ਕਿ ਆਪ ਸਾਇੰਸ ਤੇ ਫਿਲਾਸਫੀ ਦੇ ਭੀ ਜਾਣੂ ਹੋ, ਆਪ ਕਿਸੇ ਕਾਲਜ ਵਿਚ ਭੀ ਗਏ ਹੋ?

ਸੰਤ - ਭਾਈ, ਤੁਸਾਂ ਵਾਂਗ ਪੜ੍ਹੇ ਸਾਂ, ਪਰ ਜਗਤ

ਵਿਚ ਖੁਦਗਰਜ਼ੀ ਦੇਖੀ, ਇਸ ਖੁਦਗਰਜ਼ੀ ਕਰ ਕੇ ਸਾਰੇ ਦੁਖੀ ਦੇਖੇ ਤਾਂ ਮਨ ਨੇ ਕਿਹਾ -

***ਸੋ ਅਸਥਾਨੁ ਬਤਾਵਹੁ ਮੀਤਾ॥***
***ਜਾ ਕੈ ਹਰਿ ਹਰਿ ਕੀਰਤਨੁ ਨੀਤਾ॥***

ਸੋ ਇਸ ਪਾਸੇ ਲਗ ਪਏ, ਜਦ ਸੋਝੀ ਪਈ ਤਾਂ ਮਨ ਨੇ ਕਿਹਾ, ਤੂੰ ਹੁਣ ਸੁਖੀ ਹੈਂ, ਹੁਣ ਜਗਤ ਨੂੰ ਸੁਮਤਿ ਦਿਓ, ਆਪਣਾ ਜਗਤ ਦੇ ਬੋਝ ਕੇਵਲ ਰੁਖੇ ਭੋਜਨ ਦਾ ਰੱਖੋ ਤੇ ਕੱਜਣ ਮਾਤਰ ਬਸਤਰ ਦਾ ਤੇ ਬਾਕੀ ਜਪੋ ਤੇ ਜਪਾਵੋ। ਆਪ ਕਰੋ ਤੇ ਜਗਤ ਨੂੰ ਰਸਤਾ ਦੱਸੋ ਕਿ ਤੁਸੀਂ ਜੋ ਖੁਦਗਰਜ਼ੀ ਦਾ ਜੀਵਨ ਬਸਰ ਕਰਦੇ ਹੋ ਇਹ ਮਾੜਾ ਹੈ। ਜਗਤ ਇਸ ਕਰਕੇ ਬਹੁਤ ਦੁਖੀ ਹੈ। ਤੁਸੀਂ ਜਗਤ ਦੇ ਮੂਲ ਕਾਰਨ ਨੂੰ ਪਛਾਣੋ, ਉਸ ਨਾਲ ਇਕ ਸੁਰ ਹੋ ਜਾਓ ਤੇ ਫੇਰ ਸੰਸਾਰ ਵਿਚ ਪਿਆਰ ਦੀ ਵਰਤੋਂ ਵਰਤੋ -

ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰ ਹਾਈ॥

ਇਹ ਸੁਮੱਤ ਦੇਣ ਲਈ, ਅਸੀਂ ਫੇਰ ਮਨਸਾ ਧਾਰ ਲਈ ਤੇ ਸਾਧੂ ਇਸ ਕਰਕੇ ਟਿਕੇ ਰਹੇ ਕਿ ਸਾਡਾ ਬੋਝ ਸ੍ਰਿਸ਼ਟੀ ਉਤੇ ਨਾ ਪਵੇ, ਪਵੇ ਤਾਂ ਅਤਿ ਥੋੜ੍ਹਾ।

੪

ਗੱਲਾਂ ਕਰਦੇ ਕਰਦੇ ਸੰਤ ਅੱਭੜਵਾਹੇ ਉਠੇ ਤੇ ਨਦੀ ਦੇ ਰੁਖ ਨੂੰ ਦੌੜ ਗਏ। ਚਾਨਣ ਸਿੰਘ ਕੁਟੀ ਲਾਗ ਹੀ ਬੈਠਾ ਰਿਹਾ, ਤੱਕਦਾ ਤੇ ਹੈਰਾਨ ਹੁੰਦਾ ਰਿਹਾ ਕਿ ਸੰਤਾਂ ਨੂੰ ਕੀਹ ਹੋ ਗਿਆ ਜੋ ਇੰਞ ਨੱਸ ਗਏ ਹਨ। ਕੁਛ ਚਿਰ ਮਗਰੋਂ ਉਸ ਕੀਹ ਡਿੱਠਾ ਕਿ ਸੰਤ ਪਾਣੀ ਵਿਚ ਤ੍ਰਿਬੁਡ ਵਾਪਸ ਆ ਰਹੇ ਹਨ ਅਤੇ ਮੋਢੇ ਤੇ ਇਕ ਭਿੱਜੇ ਕੱਪੜਿਆਂ ਵਾਲੀ ਲੋਥ ਚਾਈ ਲਿਆਉਂਦੇ ਹਨ। ਕੁਟੀ ਪਾਸ ਆ ਕੇ ਸੰਤਾਂ ਨੇ ਲੋਥ ਪਰਾਲੀ ਤੇ ਲੰਮੀ ਪਾ ਦਿਤੀ ਤੇ ਛੇਤੀ ਨਾਲ ਆਪਣੇ ਘੜੇ ਦਾ ਪਾਣੀ ਡੋਹਲ ਕੇ ਮੂਧਾ ਕਰਕੇ ਲੋਥ ਉਸ ਪੁਰ ਪੁੱਠੀ ਪਾ ਕੇ ਐਸਾ ਕੁਚ ਕੀਤਾ ਕਿ ਉਸਦੇ ਮੂੰਹ ਥਾਣੀਂ ਸਾਰਾ ਅੰਦਰ ਪਿਆ ਪਾਣੀ ਨਿਕਲ ਗਿਆ। ਫਿਰ ਉਸਨੂੰ ਸਿਧਿਆਂ ਕਰ ਲਿਟਾ ਦਿਤਾ। ਇੰਨੇ ਨੂੰ ਇਕ ਬਿਰਧ ਮਾਈ ਤੇ ਇਕ ਜੁਆਨ ਆ ਪਹੁੰਚੇ। ਸੰਤਾਂ ਨੇ ਕਿਹਾ - ਮਾਈ! ਬੀਬੀ ਦੇ ਕੱਪੜੇ ਛੇਤੀ ਲਾਹ ਦੇ, ਆਹ ਲੈ ਸਾਫਾ, ਪੂੰਝ ਦੇਹ ਝਟਪਟ, ਤੇ ਆਹ ਲੈ ਲੋਈ ਇਸ ਨਾਲ ਕੱਜ ਦੇਹ। ਮਾਈ ਤੇ ਆਏ ਭਾਈ ਨੇ ਛੇਤੀ ਨਾਲ ਇਹ ਕੰਮ ਕੀਤਾ ਤੇ ਆਪ ਨੇ ਚਾਨਣ ਸਿੰਘ ਨੂੰ ਕਿਹਾ - ਦੌੜ ਭਾਈ ਡਾਕਟਰ ਧਨਵੰਤਰ ਸਿੰਘ ਨੂੰ ਜਾ ਕੇ ਕਹੁ ਛੇਤੀ ਆਵੇ, ਸਾਡਾ ਨਾਂ ਲਈ ਤੇ ਆਖੀਂ ਡੁੱਬੇ ਨੂੰ ਸੁਰਜੀਤ ਕਰਨ ਦਾ ਸਾਮਾਨ ਲੈ ਕੇ ਛੇਤੀ ਆ ਜਾਵੇ। ਆਪ ਸੰਤਾਂ ਨੇ ਲੋਥ ਨੂੰ ਖਾਸ ਤਰਕੀਬ ਨਾਲ ਲਿਟਾ ਕੇ ਸਿਰ੍ਹਾਣੇ ਦਾਉ ਹੋ ਕੇ ਬਾਹੀਂ ਮੋਢਿਆਂ ਤੋਂ ਫੜ ਕੇ ਪਿਛੇ ਅੱਗੇ ਕਰਨੀਆਂ ਆਰੰਭ ਦਿਤੀਆਂ ਕਿ ਮਾਨੋਂ ਬੀਬੀ ਦੇ ਫਿਫੜੇ ਖੱਲਾਂ ਹਨ ਤੇ ਇਹ ਹਰਕਤ ਧਉਕਣੀ ਦਾ ਕੰਮ ਕਰਨ ਲੱਗੀ ਹੈ। ਕੁਛ ਅਰਸਾ ਸੰਤਾਂ ਦੇ ਐਸਾ ਕਰਨੇ ਨਾਲ ਮੱਧਮ ਮੱਧਮ ਸਾਹ ਟੁਰ ਪਿਆ। ਇੰਨੇ ਨੂੰ ਡਾਕਟਰ ਘੋੜਾ ਦੁੜਾਉਂਦਾ ਆ ਪਹੁੰਚਾ। ਉਸ ਨੇ ਆ ਕੇ ਸੰਤਾਂ ਨੂੰ ਕਿਹਾ - ਆਪ ਹੁਣ ਛੋੜ ਦਿਓ ਤੇ ਇਹ ਕੰਮ ਮੈਂ ਕਰਸਾਂ। ਸੋ ਡਾਕਟਰ ਲੱਗ ਪਿਆ, ਸਾਹ ਟੁਪ ਪਿਆ ਤੇ ਕੁਛ ਉਸਨੇ ਦਵਾਈ ਸਰੀਰ ਵਿਚ ਸੂਈ ਵਾਲੀ ਪਿਚਕਾਰੀ ਨਾਲ ਪਾਈ। ਹੁਣ ਚਾਨਣ ਸਿੰਘ ਤੇ ਡਾਕਟਰ ਦੇ ਆਦਮੀ ਕੱਪੜੇ ਕੰਬਲ ਤੇ ਹੋਰ ਸਾਮਾਨ ਲੈ ਕੇ ਪੁੱਜ ਪਏ ਸਨ। ਗੱਲ ਕੀਹ ਵੇਲੇ ਸਿਰ ਦੇ ਹੋ ਪਏ ਉਪਚਾਰ ਨਾਲ ਬੀਬੀ ਹੋਸ਼ ਵਿਚ ਆ ਗਈ। ਡਾਕਟਰ ਸਾਹਿਬ ਹੁਣ ਉਸਨੂੰ ਕਮਜ਼ੋਰ ਜਾਣ ਕੇ ਤੇ ਸੰਤਾਂ ਦੀ ਕੁਟੀ ਬੇਸਾਮਾਨ ਸਮਝ ਕੇ ਸਟਰੈਚਰ ਤੇ ਪਾ ਕੇ ਲੈ ਗਏ ਤੇ ਆਪਣੇ ਡਾਕਟਰੀ ਉਪਾਵਾਂ ਨਾਲ ਬੀਬੀ ਵੱਲ ਕਰ ਲਈ।

ਡਾਕਟਰ, ਬੀਬੀ ਦੀ ਮਾਂ, ਪਤੀ ਤੇ ਕੰਪੌਂਡਰ ਆਦਿ ਸਭ ਦੇ ਚਲੇ ਜਾਣ ਮਗਰੋਂ ਚਾਨਣ ਸਿੰਘ ਨੇ ਪੁੱਛਿਆ - ਮਹਾਰਾਜ ਜੀ! ਆਪ ਨੂੰ ਕੋਈ ਅੰਤਰਯਾਮਤਾ ਹੋਈ ਸੀ ਕਿ ਆਪ ਇਕ ਦਮ ਉੱਠ ਕੇ ਦੌੜ ਪਏ ਸਾਓ? ਸੰਤ ਸੁਣ ਕੇ ਮੁਸਕਰਾ ਪਏ ਤੇ ਬੋਲੇ - ਅੰਤਰਜਾਮੀ ਜਾਣੇ। ਸਾਡੇ ਕੰਨੀਂ ਤਾਂ ਇਕ ਚੀਕ ਦੀ ਆਵਾਜ਼ ਪਈ ਸੀ ਤੇ ਅਸੀਂ ਉਸ ਆਵਾਜ਼ ਦੇ ਰੁੱਖ ਉਠ ਦੌੜੇ ਸਾਂ, ਨਦੀ ਇਥੋਂ ਨੇੜੇ ਹੀ ਹੈ, ਜਾਂ ਅਸੀਂ ਪਹੁੰਚੇ ਤਾਂ ਪਾਣੀ ਵਿਚ ਸਾਨੂੰ ਡੁਬਕੀਆਂ ਲੈਂਦੀ ਇਹ ਬੀਬੀ ਦਿੱਸ ਪਈ ਸੀ। ਅਸੀਂ ਛਾਲ ਮਾਰੀ, ਛੋਟੇ ਹੁੰਦਿਆਂ ਜਦੋਂ ਅਸਾਂ ਤਰਨਾ ਸਿੱਖਿਆ ਸੀ ਤਾਂ ਕਈ ਮੁੰਡੇ ਦਮ ਤੋੜ ਕੇ ਡੁੱਬਣ ਲਗਦੇ ਸਨ ਤੇ ਕੱਢੀਦਾ ਸੀ ਜਦੋਂ ਇਹ ਬੀ ਜਾਚ ਸਿੱਖੀ ਸੀ ਕਿ ਡੁਬਦੇ ਨੂੰ ਕਿਵੇਂ ਕੱਢੀਦਾ ਹੈ। ਜਦੋਂ ਤਾਰੂ ਕਿਸੇ ਡੁਬਦੇ ਨੂੰ ਕੱਢਦਾ ਹੈ ਤਾਂ ਡੁੱਬਣਹਾਰ ਨੂੰ ਜੱਫਾ ਮਾਰਦਾ ਹੈ, ਜੱਫਾ ਵੱਜ ਜਾਏ ਤਾਂ ਦੁਏ ਡੁਬਦੇ ਹਨ, ਸੋ ਤਰਕੀਬ ਸਿੱਖੀ ਦੀ ਹੈ ਕਿ ਉਸਦਾ ਜੱਫਾ ਆਪ ਨੂੰ ਨਾਂ ਵੱਜੇ ਤੇ ਅਸੀਂ ਉਸਨੂੰ ਪੈਰਾਂ ਤੋਂ ਕਿ ਗੁੱਤ ਤੋਂ ਫੜ ਕੇ ਜਿਵੇਂ ਬਣ ਪਵੇ ਕੱਢ ਲਿਆਈਏ, ਉਹ ਜਾਚ ਅੱਜ ਕੰਮ ਆਈ। ਇਹ ਬੀਬੀ ਡੁਬਦੀ ਤੇ ਰੁੜਦੀ ਬਚ ਗਈ, ਕਰਤਾਰ ਨੇ ਹੱਥ ਦੇ ਕੇ ਰੱਖ ਲਿਆ।

ਚਾਨਣ ਸਿੰਘ ਅਚਰਜ ਹੋ ਰਿਹਾ ਸੀ ਕਿ ਇਕ ਅਡੋਲ ਸਮਾਧੀਆਂ ਵਾਲਾ ਸਾਧੂ, ਵਿਦਿਆ ਦਾ ਪੁੰਜ, ਇੱਡਾ ਮੋਟਾ ਸਖਤ ਤੇ ਜਾਨ ਹੂਲਵਾਂ ਕੰਮ ਕਿਵੂੰ ਕਰ

ਆਇਆ ਹੈ। ਕਿਵੇਂ ਇਨ੍ਹਾਂ ਦੇ ਕੰਨਾਂ ਨੇ ਇੱਡੀ ਦੂਰੋਂ ਡੁੱਬ ਰਹੀ ਧੀ ਦੀ ਮਾਂ ਦੀ ਚੀਕ ਸੁਣੀ ਤੇ ਕਿਵੇਂ ਉਠ ਭੱਜੇ। ਮਨ ਨੇ ਕਿਹਾ - ਚਾਨਣ ਸਿੰਘਾ! ਇਹ ਗੁਰੂ ਕੇ ਪਿਆਰੇ ਕਹਿਣੀ ਕਰਨੀ ਦੇ ਸੂਰੇ ਹਨ, ਨੇਕੀ ਦੇ ਪੁੰਜ ਹਨ। ਉਧਰ ਸੰਤ ਉਸਦੇ ਹਰਯਾਨੇ ਮੂੰਹ ਵਲ ਤੱਕ ਰਹੇ ਸਨ, ਬੋਲੇ -

ਭਾਈ ਅਚਰਜ ਕਿਉਂ ਹੋ ਰਹੇ ਹੋ, ਅਸਾਂ ਨੇਕੀ ਕੋਈ ਨਹੀਂ ਕੀਤੀ। ਅਸੀਂ ਤਾਂ ਹੁਕਮੀ ਬੰਦੇ ਹਾਂ। ਅੰਤਰਯਾਮੀ ਅੰਦਰ ਬੈਠਾ ਹੈ, ਉਸ ਪ੍ਰੇਰਨਾ ਕੀਤੀ ਉਹ ਲੈ ਟੁਰਿਆ, ਉਸ ਹਿੰਮਤ ਦਿਤੀ, ਹਿੰਮਤ ਬਰ ਆਈ। ਸਾਡਾ ਇਸ ਵਿਚ ਇਹੋ ਹਿੱਸਾ ਹੈ ਕਿ ਅੰਤਰਯਾਮੀ ਨਾਲ ਸਾਡਾ ਨੇਹੁੰ ਲੱਗਾ ਰਹੇ ਤੇ ਇਹ ਸਰੀਰ ਕਿਸੇ ਦੇ ਸੁਖ ਲਈ ਕੰਮ ਆ ਜਾਵੇ, ਇਸਦੀ ਸਫਲਤਾ ਇਹੋ ਹੈ। ਅੰਦਰੋਂ ਹਉਂ ਪਰ੍ਹੇ ਕੀਤੀ ਤਾਂ ਸਾਂਈ ਮਿਲ ਪਿਆ, ਬਾਹਰੋਂ ਹਉਂ ਦੀ ਵਰਤੋਂ ਛੱਡੀ ਤਾਂ ਸ੍ਵਾਰਥਪਰਤਾ (ਖੁਦਗਰਜ਼ੀ) ਗਈ ਤੇ ਜੀਵਨ ਦੂਜਿਆਂ ਲਈ ਸੁਖਦਾਤਾ ਹੋ ਗਿਆ।

ਚਾਨਣ ਸਿੰਘ - ਸੱਚ ਫੁਰਮਾਇਆ ਨੇ, ਕਹਿਣੀ ਕਰਨੀ ਇਕ ਹੋਵੇ ਤਦੇ ਸੁਆਦ ਹੈ। ਅੱਗੇ ਮੈਂ ਸਮਝਦਾ ਸਾਂ, ਇਕ ਕਹਿਣੀ ਹੈ ਇਕ ਕਰਣੀ ਹੈ। ਅੱਜ ਆਪ ਦੇ ਕਹਣੇ ਤੋਂ ਸਮਝ ਆਈ ਹੈ ਕਿ ਇਕ ਤਾਂ ਹੈ ਕਹਣੀ ਪਰ ਕਰਨੀਆਂ ਹਨ ਦੋ। ਪਹਿਲੀ ਕਰਨੀ ਹੈ ਅੰਦਰੋਂ ਹਉਂ ਤੇ ਜੀਤ ਪਾਉਣੀ, ਇਸ ਨਾਲ ਸਾਂਈ ਨਾਲ ਮੇਲ ਪ੍ਰਾਪਤੀ ਹੈ, ਦੂਸਰੀ ਕਰਨੀ ਹੈ ਬਾਹਰ ਹਉਮੈ ਤੇ ਜੀਤ ਪਾਉਣੀ, ਜਿਸ ਨਾਲ ਖੁਦਗਰਜ਼ੀ ਤੇ ਵਸੀਕਾਰ ਪਾ ਕੇ ਜੀਵਨ ਭਲਿਆਈ ਦਾ ਬਣ ਕੇ ਦੂਸਰਿਆਂ ਨੂੰ ਸੁਖ ਦਾਤਾ ਹੋ ਜਾਂਦਾ ਹੈ।

ਸੰਤ - ਵਾਈ ਮਾਨੁਖ ਦਾ ਮਾਨੁਖ ਦਾਰੂ ਹੈ। ਗੁਰੂ ਬਾਬੇ ਨੇ ਇਹੋ ਸੁਮਤਿ ਸਿੱਖਾਂ ਨੂੰ ਦਿਤੀ ਸੀ ਕਿ ਅੰਦਰੋਂ ਥੋਥੇ ਤੇ ਅੰਧਕਾਰ ਵਿਚ ਨਾ ਰਹੋ। ਪ੍ਰਬੁੱਧ ਹੋਵੋ, ਫੁਰਨੇ ਤੇ ਮਨੋਰਾਜ ਦੀ ਨੈਂ ਉਤੇ ਸਾਂਈਂ ਦੇ ਨਾਲ ਦਾ ਤੁਲਹਾ ਤਾਰ ਲਓ ਤੇ ਉਤੋ ਬਹਿ ਜਾਓ। ਬਾਹਰ ਖੁਦੀ ਖੁਦਗਰਜ਼ੀ ਛੋੜ ਕੇ - ਹਾਂ ਜਿੰਨੀ ਜਿੰਨੀ ਛੱਡੀ ਜਾਏ ਛੱਡ ਛੱਡ ਕੇ ਪਰਸੁਆਰਥ ਕਰੋ। ........ਹੱਛਾ ਭਾਈ! ਅਰਦਾਸ ਵਾਲੀ ਗੱਲ ਮੁੱਕ ਗਈ ਕਿ ਕੁਛ ਹੋਰ?

ਚਾਨਣ ਸਿੰਘ - ਕੁਛ ਕੁਛ ਪੁੱਛ ਹੋਰ ਹੈ, ਪਰ ਹੁਣ ਪ੍ਰਸਾਦ ਦਾ ਵੇਲਾ ਹੈ। ਆਪ ਨੇ ਛੇਤ੍ਰ ਤੋਂ ਦੋ ਫੁਲਕੇ ਲੈਣ ਜਾਣਾ ਹੋਵੇਗਾ। ਸੋ ਮੈਂ ਜੇ ਆਗਿਆ ਹੋਵੇ ਤਾਂ ਲੌਢੇ ਪਹਿਰ ਆ ਜਾਵਾਂ।

ਸੰਤ ਭਾਈ ਕੱਲ ਤੇ ਰੱਖੋ ਗੱਲ, ਅੱਜ ਤੀਸਰੇ ਪਹਿਰ ਸਵਰਗ ਆਸ਼ਰਮ ਵਿਚ ਕੀਰਤਨ ਹੈ, ਅਸਾਂ ਓਥੇ ਜਾਣਾ ਹੈ, ਕੀਰਤਨ ਨਿਰਮੋਲਕ ਹੀਰਾ। ਤੁਸੀਂ ਭੀ ਓਥੇ ਆ ਜਓ, ਕੀਰਤਨ ਸੁਣੋ। ਦੇਸ ਤੋਂ ਕੋਈ ਸੁਹਣੇ ਰਾਗੀ ਆਏ ਹਨ। ਗੱਲ ਫੇਰ ਕੱਲ ਤੇ ਰੱਖੋ।

ਚਾਨਣ ਸਿੰਘ - ਸਤਿ ਬਚਨ ਜੀਉ! ਇਹ ਕਹਿ ਕੇ ਅਦਬ ਨਾਲ ਫਤਹਿ ਬੁਲਾ ਕੇ ਚਾਨਣ ਸਿੰਘ ਟੁਰ ਗਿਆ।

ਅਗਲੇ ਦਿਨ ਚਾਨਣ ਸਿੰਘ ਫੇਰ ਆਇਆ ਤਾਂ ਵਾਰਤਾਲਾਪ ਐਉਂ ਆਰੰਭ ਹੋਈ - ਸ੍ਰੀ ਸੰਤ ਜੀਉ ਅਰਦਾਸ ਕਰਨੀ ਸਾਂਈ ਦੇ ਨੇੜੇ ਹੋਣਾ ਹੋਇਆ, ਨੇੜੇ ਹੋ ਜਾਣ ਕਰਕੇ ਉਸ ਫੈਜ਼ ਦੇ ਚਸ਼ਮੇ ਤੋਂ ਸੁਤੇ ਹੀ ਫੈਜ਼ਯਾਬ ਹੋਣਾ ਹੋਇਆ, ਉਹ ਸਾਡੀ ਅਰਦਾਸ ਸੁਣਦਾ ਤਾਂ ਨਾ ਹੋਇਆ ਨਾ, ਜਿਵੇਂ ਅਗਨੀ ਦਾ ਦ੍ਰਿਸ਼ਟਾਂਤ ਆਪ ਨੇ ਦੱਸਿਆ ਸੀ? ਅਗਨੀ ਕੋਈ ਅਰਦਾਸ ਨਹੀਂ ਨਾਂ ਸੁਣਦੀ ਪਈ।

ਸੰਤ (ਗਹੁ ਨਾਲ ਤੱਕ ਕੇ) - ਐਸਾ ਕਹਿਣਾ ਪਰਮਾਤਮ ਦੇਵ ਨੂੰ ਅਚੇਤਨ ਮੰਨਣਾ ਹੋਵੇਗਾ, ਪਰ ਪਰਮਾਤਮ ਦੇਵ ਚੇਤਨ ਹੈ, ਅਗਨੀ ਅਚੇਤ ਹੈ। ਭਾਈ, ਦ੍ਰਿਸ਼ਟਾਂਤ ਦਾ ਇਕ ਅੰਗ ਲਈਦਾ ਹੈ।

ਚਾਨਣ ਸਿੰਘ - ਹੱਛਾ, ਠੀਕ ਹੈ ਜੀਉ.......ਤਾਂ ਫੇਰ ਸੁਣਦਾ ਹੈ, ਪਰ ਪਸੀਜਦਾ ਨਹੀਂ ਹੈ।

ਸੰਤ - ਐਸਾ ਕਹਿਣਾ ਇਹ ਕਹਿਣਾ ਹੋਏਗਾ ਕਿ ਪਰਮਾਤਮ ਦੇਵ 'ਪ੍ਰਿਯ ਸਰੂਪ' ਨਹੀਂ ਹਨ, ਪਰ ਉਨ੍ਹਾਂ ਦਾ ਚੇਤਨ ਸਰੂਪ ਪ੍ਰਿਯ ਸਰੂਪ ਭੀ ਹੈ, ਉਹ ਸੁਧਾ ਪ੍ਰੇਮ ਹੈ।

ਚਾਨਣ ਸਿੰਘ - ਤਾਂ ਫੇਰ ਅਰਦਾਸ ਜ਼ਰੂਰ ਪਰਵਾਨ ਹੁੰਦੀ ਹੋਊ?

ਸੰਤ - ਐਸਾ ਕਹਿਣਾ ਇਹ ਅਰਥ ਰੱਖੇਗਾ ਕਿ ਪਰਮਾਤਮ ਦੇਵ ਸੁਤੰਤਰ ਤੇ ਸ੍ਵਛੰਦ ਨਹੀਂ ਅਤੇ ਸਾਡੀ ਅਰਦਾਸ ਇਕ ਹੁਕਮ ਹੈ, ਜਿਸਦਾ ਬਜਾ ਲਿਆਉਣਾ ਪਰਮਾਤਮ ਦੇਵ ਦਾ ਫਰਜ਼ ਹੈ।

ਚਾਨਣ ਸਿੰਘ - ਠੀਕ.....ਫੇਰ ਤਾਂ ਸਿੱਟਾ ਇਹ ਨਿਕਲਿਆ ਕਿ ਅਰਦਾਸ ਨਹੀਂ ਕਰਨੀ ਚਾਹੀਦੀ।

ਸੰਤ - ਐਸਾ ਕਹਿਣਾ ਦਲੀਲ ਜਿਸ ਪਾਸੇ ਲੈ ਜਾ ਰਹੀ ਹੈ, ਉਸਦਾ ਮੂੰਹ ਮਰੋੜ ਦੇਣਾ ਹੋਵੇਗਾ।

ਚਾਨਣ ਸਿੰਘ - ਦਲੀਲ ਜਿੱਧਰ ਲੈ ਜਾ ਰਹੀ ਹੈ, ਉਸ ਦਾ ਠੀਕ ਸਿੱਟਾ ਕੀਹ ਹੋਏਗਾ।

ਸੰਤ - ਅਰਦਾਸ ਕਰਨੀ ਚਾਹੀਦੀ ਹੈ।

ਚਾਨਣ ਸਿੰਘ - ਜੇ ਸੁਣੀ ਜਾਣੀ ਹੈ ਕਿ ਨਹੀਂ ਇਸਦਾ ਥਹੁ ਨਹੀਂ ਤਾਂ ਕੀਹ ਲਾਭ?

ਸੰਤ - ਐਸਾ ਕਹਿਣਾ ਆਪਣੀ ਅਕਲ ਨੂੰ ਸਰਬੱਗ ਮੰਨਣਾ ਹੋਵੇਗਾ।

ਚਾਨਣ ਸਿੰਘ - ਉਹ ਕਿਵੇਂ ਜੀਉ ਜੀ?

ਸੰਤ ਜੀ - ਜੋ ਅਸੀਂ ਮੰਗੀਏ ਉਹ ਜ਼ਰੂਰ ਮਿਲੇ, ਇਹ ਅਸੀਂ ਆਪਣੀ ਮੰਗ ਨੂੰ ਸਰਬਦਾ ਠੀਕ ਮੰਨ ਕੇ ਮੰਗਦੇ ਹਾਂ। ਜੇ ਖਿਆਲ ਹੋਵੇ ਕਿ ਅਸੀਂ ਆਪਣੀ ਮੰਗ ਵਿਚ ਭੁੱਲ ਤੇ ਹੋ ਸਕਦੇ ਹਾਂ ਤਾਂ ਅਸੀਂ ਆਪਣੀ ਅਲਪੱਗਤਾ ਸਮਝ ਲਈ ਹੈ ਅਤੇ ਸੱਚ ਇਹੋ ਹੈ ਕਿ ਅਸੀਂ ਅਲਪੱਗ ਹਾਂ ਉਹ ਸਰਬੱਗ ਹੈ। ਅਸੀਂ ਮੰਗੀਏ, ਉਹ ਆਪਣੀ ਸਰਬੱਗਤਾ ਵਿਚ ਜੋ ਸਾਡੇ ਲਈ ਭਲਾ ਸਮਝੇਗਾ ਯਾ ਹੋਰ ਕਿਵੇਂ ਦਰੁਸਤ ਸਮਝੇਗਾ ਕਰੇਗਾ, ਐਸਾ ਵੀਚਾਰ ਕਰਨੇ ਵਿਚ ਅਸੀਂ ਉਸਨੂੰ ਸਰਬੱਗ ਮੰਨਦੇ ਹਾਂ। ਉਹ ਅਰਦਾਸ ਕਬੂਲ ਕਰੇ ਯਾ ਨਾ ਐਸਾ ਮੰਨਣੇ ਵਿਚ ਅਸੀਂ ਉਸ ਨੂੰ ਸੂਛੰਦ ਭੀ ਮੰਨਦੇ ਹਾਂ। ਗੁਰੂ ਸਤਿਗੁਰੂ ਨੇ ਸਿਖਲਾਇਆ ਹੈ -

***ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥***

ਤਾਂ ਤੇ ਅਰਦਾਸ ਕਰੋ, ਪਰ ਉਸਦੀ ਸਰਬੱਗ ਗਿਆਤ ਤੇ ਛੋੜੇ - ਦੁਇ ਕਰ ਜੋੜਿ ਕਰਉ ਅਰਦਾਸਿ॥ ਤੁਧੁ ਭਾਵੈ ਤਾ ਆਣਹਿ ਰਾਸਿ॥ ਹੇ ਸਾਂਈਂ! ਮੈਂ ਦੋ ਹੱਥ ਜੋੜ ਕੇ ਅਰਦਾਸ ਕਰ ਰਿਹਾ ਹਾਂ, ਪਰ ਇਸਨੂੰ ਰਾਸ ਤੂੰ ਆਪਣੀ ਮਰਜ਼ੀ ਨਾਲ ਪਾਵੀਂ ਕਿਉਂਕਿ ਮੇਰੀ ਮਤ ਥੋੜ੍ਹੀ ਹੈ ਤੇ ਤੈਂ ਸਮਰੱਥ ਦੀ ਮਤ ਸਰਬੱਗ ਹੈ। ਭਾਈ! ਅਸੀਂ ਕਈ ਵੇਰ ਗਲਤ ਮੰਗਾਂ ਮੰਗ ਕੇ ਆਪਣੇ ਬੁਰੇ ਦਾ ਸਾਮਾਨ ਕਰਦੇ ਹੋਏ ਨਹੀਂ ਸਮਝਦੇ ਕਿ ਕੀਹ ਕਰ ਰਹੇ ਹਾਂ, ਉਹ ਦਾਤਾ ਜਾਣਦਾ ਹੈ, ਇਸ ਕਰਕੇ ਆਪਣੀ ਰਜ਼ਾ ਨਾਲ ਕਬੂਲ ਯਾ ਨਾ ਕਬੂਲ ਕਰਦਾ ਹੈ।

ਚਾਨਣ ਸਿੰਘ - ਠੀਕ ਜੀ ਠੀਕ, ਹੁਣ ਸਮਝਿਆ।

ਸੰਤ - ਭਾਈ, ਸਿੱਧਾਂਤ ਦੀ ਗੱਲ ਸਮਝ। ਅਰਦਾਸ ਦਾ ਭਾਵ ਹੈ ਆਪਣੇ ਅੰਤਰ ਵਾਹਿਗੁਰੂ ਜੀ ਦੇ ਫੈਜ਼ ਤੋਂ ਮੁੱਤਾਸਰ ਹੋਣ ਦੇ ਰੁਖ ਵਿਚ ਆ ਜਾਣਾ। ਦੂਸਰਾ ਹੈ ਅਰਦਾਸ ਕੀਹ ਕਰਨੀ ਹੈ। ਸਭ ਤੋਂ ਉਤਮ ਅਰਦਾਸ ਹੈ ਵਾਹਿਗੁਰੂ ਜੀ ਤੋਂ ਵਾਹਿਗੁਰੂ ਜੀ ਦੀ ਮੰਗ ਕਰਨੀ - ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁੱਖ॥ ਇਸ ਅਰਦਾਸ ਦੀ ਪ੍ਰਵਾਨਗੀ ਨੇ ਸਾਨੂੰ ਆਪਣੇ ਪਰਮ ਪ੍ਰਯੋਜਨ ਤੇ ਅਪੜਾ ਦੇਣਾ ਹੈ, ਜਿੱਥੇ ਅੱਪੜ ਕੇ ਸਾਡੇ ਮਨ ਦੀ ਮੰਗ ਦੀ ਬਾਣ ਹੀ ਦੂਰ ਹੋ ਜਾਣੀ ਹੈ। ਇਹ ਅਰਦਾਸ ਹੈ ਜੋ ਅਰਦਾਸ ਤੋਂ ਉਪਰ ਲੈ ਜਾਂਦੀ ਹੈ। ਫਿਰ ਅਰਦਾਸ ਕਰੋ ਆਪਣੇ ਅਵਗੁਣਾਂ ਦੇ ਦੂਰ ਕਰਨੇ ਲਈ। ਹਿੰਮਤ ਕਰੋ ਅਵਗੁਣ ਦੂਰ ਕਰਨੇ ਦੀ, ਨਾਲ ਅਰਦਾਸ ਕਰੋ ਸਾਂਈਂ ਸਹਾਇਤਾ ਲਈ ਅਵਗੁਣ ਦੂਰ ਹੋਣ।

ਇਹ ਕਹਿੰਦੇ ਸੰਤਾਂ ਦਾ ਰੰਗ ਬਦਲਿਆ, ਉਠ ਕੇ ਖੜੇ ਗਏ - ਓਇ ਚਾਨਣ ਸਿੰਘਾ! ਉਠ ਜੋੜ ਹੱਥ, ਅਦਬ ਵਿਚ ਹੋ। ਖੜ੍ਹੇ ਹੋ ਕੇ ਸੰਤਾਂ ਦਾ ਹੁਣ ਚਿਹਰਾ ਸ਼ਾਂਤ ਤੇ ਏਕਾਂਤ ਰੰਗੀ ਹੋ ਗਿਆ, ਰਸਨਾ ਨੇ ਡਾਢੀ ਮਿੱਠਈ ਸੁਰ ਵਿਚ ਗਾਂਵਿਆ -

***ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ॥***
***ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ॥***
***ਦੁਖ ਹਰਨ ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ॥***
***ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈ ਨਿਰੰਜਨਾ॥***
***ਸੁਨਤ ਪੇਖਤ ਸੰਗਿ ਸਭ ਕੇ ਪ੍ਰਭ ਨੇਰ ਹੂ ਤੇ ਨੇਰੇ॥***
***ਅਰਦਾਸਿ ਨਾਨਕ ਸੁਨਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ॥***
***ਤੂ ਸਮਰਥੁ ਸਦਾ ਹਮ ਦੀਨ ਭੇਖਾਰੀ ਰਾਮ॥***
***ਮਾਇਆ ਮੋਹਿ ਮਗਨੁ ਕਢਿ ਲੇਹੁ ਮੁਰਾਰੀ ਰਾਮ॥***
***ਲੋਭਿ ਮੋਹਿ ਬਿਕਾਰਿ ਬਾਧਿਓ ਅਨਿਕ ਦੋਖ ਕਮਾਵਨੇ॥***
***ਅਲਿਪਤ ਬੰਧਨ ਰਹਤ ਕਰਤਾ ਕੀਆ ਅਪਨਾ ਪਾਵਨੇ॥***
***ਕਰਿ ਅਨੁਗ੍ਰਹੁ ਪਤਿਤ ਪਾਵਨ ਬਹੁ ਜੋਨਿ ਭ੍ਰਮਤੇ ਹਾਰੀ॥***
***ਬਿਨਵੰਤਿ ਨਾਨਕ ਦਾਸੁ ਹਰਿ ਕਾ ਪ੍ਰਭ ਜੀਅ ਪ੍ਰਾਨ ਅਧਾਰੀ॥***

ਸੰਤ ਬੈਠ ਗਏ, ਚਾਨਣ ਸਿੰਘ ਬੀ ਬੈਠ ਗਿਆ, ਸੰਤ ਬੋਲੇ, ਸੁਣ ਭਾਈ! ਫਿਰ ਅਰਦਾਸ ਕਰੀਦੀ ਹੈ ਸਰਬੱਤ ਦੇ ਭਲੇ ਦੀ, ਅਸੀਂ ਰੋਜ ਅਰਦਾਸ, ਕਰਦੇ ਹਾਂ, ਪਹਿਲੇ ਮੰਗਦੇ ਹਾਂ ਨਾਮ, ਨਾਮ ਦੁਆਰਾ ਚੜ੍ਹਦੀਆਂ ਕਲਾਂ, ਫੇਰ ਸਰਬੱਤ ਦਾ ਭਲਾ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ। ਸਮਝਦੇ ਹੋ? ਅਸੀਂ ਮੰਗਦੇ ਹਾਂ ਨਾਮ ਪਰਮੇਸੁਰ ਦਾ, ਹਜ਼ੂਰੀ ਵਾਸ, ਨਿਰੰਤਰ ਮੇਲ। ਅਸੀਂ ਮੰਗਦੇ ਹਾਂ ਆਪਣੇ ਲਈ ਚੜ੍ਹਦੀਆਂ ਕਲਾਂ, ਫਿਰ ਦੂਸਰਿਆਂ ਲਈ ਮੰਗਦੇ ਹਾਂ ਸਰਬੱਤ ਦਾ ਭਲਾ, ਨਾਲ ਮੰਗਦੇ ਹਾਂ ਤੇਰੇ ਭਾਣੇ ਵਿਚ ਤੇਰੀ ਸਮਰੱਥ ਤੇ ਸਰਵੱਗ ਬੁੱਧੀ ਅਨੁਸਾਰ ਹੋਵੇ ਸਾਡੀ ਮੰਗ ਦੀ ਪੂਰਣਤਾ, ਅਰਥਾਤ ਇਹ ਬੀ ਉਸ ਦੇ ਭਾਣੇ ਵਿਚ ਮੰਗਦੇ ਹਾਂ। ਅਰਦਾਸਾਂ ਕਰਦੇ ਹਾਂ, ਪਰ ਭਾਣੇ ਵਿਚ ਰਹਿੰਦੇ ਹਾਂ।

ਚਾਨਣ ਸਿੰਘ - ਬਹੁਤ ਸੁਖੀ ਹੋ ਗਿਆ ਹਾਂ, ਪਰ ਇਕ ਨਿੱਕੀ ਜਿਹੀ ਪੁੱਛ ਬਾਕੀ ਹੈ - ਕੀਹ ਸੰਸਾਰਕ ਲੋੜਾਂ ਤੇ ਸਰੀਰਕ ਲੋੜਾਂ ਤੇ ਸਰੀਰਕ ਥੋੜਾਂ ਲਈ ਅਰਦਾਸ

ਕਰੀਦੀ ਹੈ ਕਿ ਨਹੀਂ ਕਰੀਦੀ?

ਸੰਤ - ਕਰੋ, ਕਿਉਂ ਨਾ ਕਰੋ। ਜਦ ਤਾਂਈਂ ਮਨ ਸਾਂਈ ਦੇ ਪ੍ਰੇਮ ਵਿਚ ਆ ਕੇ ਹੋਰ ਲੋੜਾਂ ਤੋਂ ਬਲੋੜ ਨਹੀਂ ਹੋ ਗਿਆ ਇਸ ਦੇ ਅੰਦਰ ਮੰਗ ਦਾ ਭਾਵ ਉਪਜਣਾ ਹੈ ਤੇ ਇਸ ਨੇ ਮੰਗਣਾ ਹੈ। ਫੇਰ ਹੋਰ ਥੇ ਇੱਝਿਆਂ ਹੋਣ ਨਾਲੋਂ ਵਾਹਿਗੁਰੂ ਦੇ ਦਰੋਂ ਮੰਗੋ। ਜਿਸਦੇ ਅੱਗੇ ਸੁਆਲੀ ਹੋਵੋਗੇ, ਉਸਦਾ ਪ੍ਰਭਾਉ ਬੀ ਲਓਗੇ। ਵਾਹਿਗੁਰੂ ਦੇ ਦਰ ਢਵੋਗੇ, ਉਸ ਦੇ ਅੱਗੇ ਮਨ ਦੀ ਝੋਲੀ ਅੱਡੋਗੇ, ਐਸਾ ਕਰਨੇ ਵਿਚ ਉਸਦੇ ਨੇੜੇ ਤਾਂ ਜਾਓਗੇ ਨਾ? ਫੇਰ ਮੰਗੋ ਚਾਹੇ ਪਦਾਰਥ ਹੀ ਪਰ ਉਸ ਕਲਿਆਣ ਦਾਤਾ ਦੀ ਨਿਕਟਤਾ ਦਾ ਹਜ਼ੂਰੀ ਦਾ ਕੁਛ ਨਾ ਕੁਛ ਤਾਂ ਅਸਰ ਪਏਗਾ। ਸੋ ਮੰਗੋ ਪਦਾਰਥ ਹੀ ਭਾਵੇਂ ਪਰ ਓਸੇ ਤੋਂ ਮੰਗੋ। ਇਸੇ ਕਰਕੇ ਦਾਤਾ ਗੁਰੂ ਨੇ ਫੁਰਮਾਯਾ ਹੈ -

***ਮਾਂਗਉ ਰਾਮ ਤੇ ਸਭਿ ਥੋਕ॥***
***ਮਾਨੁਖ ਕਉ ਜਾਚਤ ਸ੍ਰਮੁ ਪਾਈਐ***
***ਪ੍ਰਭ ਕੈ ਸਿਮਰਨਿ ਮੋਖ॥***

ਹਾਂ ਜੀਓ! ਅਰਦਾਸ ਕਰੋ ਸਾਰੇ ਥੋਕਾਂ ਲਈ, ਅਰਦਾਸ ਕਰਦੇ ਨਿਕਟਤਾ ਵਿਚ ਜਾਓਗੇ, ਪ੍ਰਭੂ ਦਾ ਮੁਕਤੀ ਦਾਤਾ, ਹਉਮੈ ਨਵਿਰਤੀ ਤੇ ਆਪਾ ਪਛਾਨਣ ਦਾ ਅਸਰ ਬੀ ਪਏਗਾ। ਹਾਂ, ਅਰਦਾਸ ਕਰੋ ਪਰ ਆਪਣੇ ਕਰਮਾਂ ਦਾ ਬਲ ਬੀ ਧਿਆਨ ਕਰ ਲਿਆ ਕਰੋ। ਜੋ ਤੁਸਾਂ ਕੀਤੇ ਹਨ ਤੇ ਕਰ ਰਹੇ ਹੋ ਉਹ ਤੁਹਾਡੇ ਸੁਭਾਵ ਨੂੰ ਤੇ ਤੁਹਾਡੇ ਸੁਖ ਦੁਖ ਨੂੰ ਬਣਾ ਰਹੇ ਹਨ। ਉਨ੍ਹਾਂ ਦਾ ਅਸਰ ਤੇ ਫਲ ਤੁਸਾਂ ਹੀ ਭੋਗਣਾ ਹੈ। ਅਰਦਾਸ ਕਰੋ, ਮੰਗੋ। ਮਿਲੇ, ਸ਼ੁਕਰ ਕਰੋ, ਨਾ ਮਿਲੇ ਸ਼ੁਕਰ ਕਰੋ, ਸਾਂਈ ਨੂੰ ਦੋਸ਼ ਨਾ ਦਿਓ ਕਿ ਕਿਉਂ ਨਹੀਂ ਸੁ ਦਿਤਾ। ਆਪਣੇ ਕਰਮ ਦਾ ਵੀ ਖਿਆਲ ਰੱਖੋ। ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥ ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ। ਮੇਰਾ ਭਾਵ ਇਹ ਹੈ ਕਿ ਜਦ ਤੁਸੀਂ ਸਮਝੋ ਕਿ ਤੁਹਾਡੀ ਮੰਗ ਪੂਰੀ ਨਹੀਂ ਹੋਈ ਤਦ ਇਕ ਆਪਣੇ ਹੋ ਰਹੇ ਉਦੱਮ ਤੇ ਅਨਉਦੱਮ ਦਾ ਵੀਚਾਰ ਭੀ ਕਰੋ। ਨਾਲ ਦਾਤਾ ਦੀ ਸਰਬੱਗਤਾ ਦਾ ਵੀਚਾਰ ਭੀ ਕਰੋ, ਆਪਣੀ ਅਲਪੱਗਤਾ ਦਾ ਭੀ ਖਿਆਲ ਕਰੋ। ਉਸ ਤੇ ਭਰੋਸਾ ਤੇ ਸਿਦਕ ਰੱਖੋ, ਅਰਦਾਸ ਕਰੋ ਤੇ ਉਸਤੇ ਛੋੜੇ ਉਹ ਜਾਣਦਾ ਹੈ ਕਿ ਸਾਡੇ ਲਈ ਕੀਹ ਭਲਾ ਹੈ। ਯਾਦ ਰੱਖੋ ਅਰਦਾਸ ਨੇ ਤੁਸਾਨੂੰ ਤਕੜਿਆਂ ਕਰਨਾ ਹੈ......ਤੁਹਾਡੇ ਆਪਣੇ ਉਦਮ ਨੂੰ ਡਾਢ ਮਿਲਣੀ ਹੈ ਅਰਦਾਸ ਤੋਂ। ਭਾਈ ਸੱਜਣਾ! ਅਰਦਾਸ ਨੇ ਨਿਰਬਲ ਨਿਤਾਣੇ ਅਨਉਦਮੀ ਨਹੀਂ ਬਣਾ ਦੇਣਾ। ਹੋਰ ਭਾਈ ਅਰਦਾਸ ਦੀ ਪਹੁੰਚ ਦੀ ਸੱਤਿਆ ਸਿਦਕ ਵਿਚ ਹੈ। ਬੇਸਿਦਕੇ ਦਿਲ ਦੀ ਅਰਦਾਸ ਦਿਲੋਂ ਉਪਰ ਨਹੀਂ ਜਾਂਦੀ। ਸੱਚੇ ਦਿਲੋਂ ਅੰਦਰੋਂ ਬਾਹਰੋਂ ਜੁੜ ਕੇ ਅਰਦਾਸ ਕਰਿਆ ਕਰੋ। ਜਿਤਨੀ ਸਚਿਆਈ ਸਰਲਤਾ, ਤੀਖਣਤਾ ਵਾਲੀ ਅਰਦਾਸ ਹੋਵੇਗੀ, ਉਨੀ ਹੀ ਉਹ ਅਸਰ ਵਾਲੀ ਹੋਵੇਗੀ। ਪਾਪਾ ਵਾਸ਼ਨਾ ਦੇ ਪੂਰਨ ਹੋਣ ਲਈ ਅਰਦਾਸ ਨਾ ਕਰਿਆ ਕਰੋ। ਇਹ ਚਾਹ, ਇਹ ਮੰਗ, ਇਹ ਅਰਦਾਸ ਅਪਨੀ ਹੀ ਰੂਹ ਨੂੰ ਕਾਲਿਆਂ ਕਰ ਦੇਂਦੀ ਹੈ। ਇਨਸਾਨ ਦੀ ਇਨਸਾਨੀਅਤ ਕਲੰਕਤ ਹੋ ਜਾਂਦੀ ਹੈ। ਅਰਦਾਸ ਕਰੋ ਆਪਣੀ ਉੜਾਂ ਥੁੜਾਂ ਲਈ, ਅਰਦਾਸ ਕਰੋ ਉਚੀਆਂ ਚੀਜ਼ਾਂ ਲਈ, ਅਰਦਾਸ ਦਾ ਪਰਮ ਉਚਾ ਆਦਰਸ਼ ਉਚੀਆਂ ਮੰਗਾਂ ਹਨ। ਅਰਦਾਸ ਤਾਂ ਹਜੂਰੀ ਵਿਚ ਲੈ ਜਾਣ ਦੇ ਖੰਭ ਹਨ। ਅਰਦਾਸ ਹਿਰਦੇ ਕੰਵਲ ਦਾ ਖਿੜਾਉ ਹੈ ਜਿਸਦੀ ਸੁਗੰਧੀ ਤੇ ਫਰਿਸ਼ਤੇ ਲੋਟਨ ਹੁੰਦੇ ਹਨ। ਉਚੀਆਂ ਮੰਗਾਂ ਦੀ ਅਰਦਾਸ ਨਾਲ ਮਨ ਨਿਰਮਲ ਤੇ ਸਵੱਛ ਹੁੰਦਾ ਹੈ, ਫੁਰਨਿਆਂ ਵਿਚ ਪਵਿੱਤਰਤਾ ਆਉਂਦੀ ਹੈ, ਸੰਕਲਪ ਪਾਵਨ ਹੋ ਜਾਂਦੇ ਹਨ, ਸੁਧ ਸੰਕਲਪਾਂ ਦਾ, ਪਵਿੱਤਰ ਫੁਰਨਿਆਂ ਦਾ ਅਸਰ ਮਨ ਤੇ ਸਰੀਰ ਤੇ ਅਰੋਗਤਾ ਵਾਲਾ ਹੁੰਦਾ ਹੈ। ਇਹ ਗੱਲ ਸਾਰੇ ਸਿਆਣੇ ਮੰਨਦੇ ਹਨ ਕਿ ਚੰਗੇ ਸੰਕਲਪਾਂ, ਚੰਗੇ ਵਿਚਾਰਾਂ ਦਾ ਅਸਰ ਸਰੀਰ ਤੇ ਮਨ ਉਤੇ ਸੁਖਦਾਈ ਪੈਂਦਾ ਹੈ।

ਚਾਨਣ ਸਿੰਘ - ਠੀਕ ਹੈ ਜੀਓ ਜੀ! ਅਰਦਾਸ ਸਬੰਧੀ ਸਾਰੇ ਪਹਿਲੂ ਆਪ ਨੇ ਖੁਹਲ ਦਿਤੇ ਨੇ, ਅਰਦਾਸ ਕਰਨੀ ਚਾਹੀਏ। ਪਰਮਾਤਮ ਦੇਵ ਚੇਤਨ ਦੇਵ ਹਨ, ਅੰਤਰਯਾਮੀ ਹਨ, ਅਰਦਾਸ ਸੁਣਦੇ ਹਨ, ਪ੍ਰੇਮ ਸਰੂਪ ਹਨ। ਪਿਆਰ ਕਰਦੇ ਹਨ, ਪਿਆਰ ਕਰਵਾਂਦੇ ਹਨ, ਪਿਆਰ ਦਾ ਜਵਾਬ ਦੇਂਦੇ ਹਨ। ਅਸੀਂ ਉਸਦੇ ਬੱਚੇ ਹਾਂ, ਉਹ ਮਾਤਾ ਪਿਤਾ ਵਤ ਸਾਡੇ ਨਿੱਕੇ ਨਿੱਕੇ ਪਿਆਰਾਂ ਪਰ ਪਸੀਜਦੇ ਹਨ, ਮੰਗਾਂ ਪੂਰੀਆਂ ਕਰਦੇ ਹਨ ਤੇ ਐਸਾ ਕਰਨੇ ਵਿਚ ਆਪਣੇ ਪ੍ਰੇਮ ਦੇ ਬਿਰਦ ਨੂੰ ਪਾਲਦੇ ਹਨ। ਉਹ ਸਾਨੂੰ ਪ੍ਰੇਮ ਕਰਦੇ ਦਾਤਾਂ ਦਿੰਦੇ ਤਰੁੱਠਦੇ ਆਪ ਨਿਰਲੇਪ ਹਨ। ਸਦਾ ਪੂਰੇ ਹਨ, ਸੁਛੰਦ ਹਨ, ਬੇਲੋੜ ਹਨ। ਕਿਸੇ ਗੱਲ ਨੇ ਉਨ੍ਹਾਂ ਦੀ ਪੂਰਨਤਾ ਨੂੰ ਨਹੀਂ ਵਧਾਉਣਾ। ਠੀਕ ਹੈ ਕਿਉਂ ਜੀ?

ਸੰਤਾਂ ਦੇ ਨੈਣ ਬੰਦ ਸਨ ਤੇ ਕੁਛ ਸਹਿਜੇ ਸਹਿਜੇ ਧੂਨੀ ਕਰ ਰਹੇ ਸਨ, ਚਾਨਣ ਸਿੰਘ ਚੁੱਪ ਹੋਇਆ ਤਾਂ ਉਚੀ ਸੁਰ ਵਿਚ ਗਾਂਵੇ -

***ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ॥***
***ਮਿਲਤ ਮਿਲਤ ਮਿਲਤ ਮਿਲਿ ਰਹਿਆ ਨਾਨਕ ਕਹਣੁ ਨ ਜਾਏ॥***

(ਪੰਨਾ 26 ਦੀ ਬਾਕੀ)

ਅਸੀਂ Landsdown ਗਏ ਓਥੇ ਸਵਾਮੀ ਜੀ ਨੇ ਕਾਲਜ ਖੋਲ੍ਹਿਆ ਹੋਇਆ ਹੈ, ਅੱਗੇ ਜਾਣ ਤੋਂ ਪਹਿਲਾਂ ਅਸੀਂ ਸਬਜ਼ੀਆਂ ਖਰੀਦੀਆਂ ਚਾਵਲ ਖਰੀਦੇ ਦੋ ਘੰਟੇ ਅਸੀਂ ਸੋਹਣੀਆਂ ਪਰ ਮਿੱਟੀ ਘੱਟੇ ਵਾਲੀਆਂ ਸੜਕਾਂ ਤੇ ਫਿਰਦੇ ਰਹੇ, ਛੋਟੀਆਂ-ਛੋਟੀਆਂ ਨਦੀਆਂ ਵਗਦੀਆਂ ਬਹੁਤ ਹੀ ਸੋਹਾਵਣੀਆਂ ਲਗ ਰਹੀਆਂ ਸੀ।

ਅੱਧੇ ਘੰਟੇ ਦੇ ਅੰਦਰ ਅੰਦਰ ਮੈਂ ਆਪਣੇ ਮੰਤਰ ਦਾ ਜਾਪ ਕਰਨਾ ਚਾਹੁੰਦਾ ਸੀ ਪਰ ਜਦੋਂ ਹੀ ਮੈਂ ਸ਼ੁਰੂ ਕਰਾਂ ਮੇਰੇ ਅੰਦਰੋਂ ਵੱਖਰਾ ਹੀ ਮੰਤਰ ਨਿਕਲ ਰਿਹਾ ਸੀ ਮੈਂ ਆਪਣੇ ਆਪ ਨੂੰ ਸੋਧ ਕੇ ਫੇਰ ਮੰਤਰ ਠੀਕ ਕਰਨਾ ਚਾਹੁੰਦਾ ਸੀ ਫੇਰ ਉਹ ਮੰਤਰ ਮੇਰੇ ਅੰਦਰੋਂ ਨਿਕਲ ਰਿਹਾ ਸੀ, ਹਾਰ ਕੇ ਮੈਂ ਕਿਹਾ ਚਲੋ ਇਹ ਹੀ ਮੰਤਰ ਕਰਦੇ ਹਾਂ। ਸੋ ਮੈਂ ਉਹ ਹੀ ਮੰਤਰ ਕਰਨ ਲਗ ਪਿਆ, ਜਦੋਂ ਮੈਂ ਮਾਲਾ ਖਤਮ ਕੀਤੀ ਤੇ ਥਰੀਸਾ ਵਲ ਦੇਖਿਆ, ਇਸ ਤੋਂ ਪਹਿਲਾਂ ਕਿ ਮੈਂ ਕੁਝ ਕਹਿੰਦਾ ਥਰੀਸਾ ਦਾ ਵੀ ਉਹ ਹੀ ਅਨੁਭਵ ਸੀ ਜੋ ਮੇਰਾ ਉਹ ਵੀ ਉਹ ਹੀ ਮੰਤਰ ਕਰ ਰਹੀ ਸੀ ਇਕ ਕੀ ਸੀ ਉਹ ਕੋਈ ਐਵੇਂ ਨਹੀਂ ਹੋ ਸਕਦਾ।

ਟੈਕਸੀ ਨੇ ਮੋੜ ਖਾਧਾ ਤੇ ਇਕ ਖਾਲੀ ਜਿਹੀ ਥਾਂ ਤੇ ਆ ਕੇ ਰੁਕ, ਮੌਸਮ ਠੰਢਾ ਸੀ ਅਸਮਾਨ ਵੀ ਪੂਰਾ ਸਾਫ ਸੀ, ਅਸੀਂ ਜੰਗਲ ਵਿਚੋਂ ਲੰਘ ਕੇ ਗਏ। ਜਦੋਂ ਅੱਗੇ ਪਹੁੰਚੇ ਤਾਂ ਸਵਾਮੀ ਹਰੀਹਰ ਅਨੰਦ ਜੀ ਬਾਹਾਂ ਪਸਾਰੇ ਕੇ ਸਾਨੂੰ ਜੀ ਆਇਆਂ ਕਹਿਣ ਲਈ ਖੜ੍ਹੇ ਸੀ, ਉਨ੍ਹਾਂ ਨੇ ਸਾਨੂੰ ਘੁੱਟ ਕੇ ਗਲਵਕੜੀਆਂ ਪਾਈਆਂ, ਛੇ ਫੁੱਟ ਲੰਮੇ ਪਤਲੇ ਦੁਬਲੇ, ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਇਹ ਪਤਾ ਸੀ ਕਿ ਅਸੀਂ ਆ ਰਹੇ ਹਾਂ। ਬੜੇ ਖੁਲ੍ਹੇ ਸੁਭਾਅ ਦੇ ਹਨ, ਸਵਾਮੀ ਜੀ ਬਹੁਤ ਹੀ ਪ੍ਰਸੰਨ ਹੋ ਕੇ ਮਿਲੇ। ਸਵਾਮੀ ਜੀ ਤੇ ਪੂਰੀ ਉਨ੍ਹਾਂ ਦੀ ਸ਼ਰਧਾ ਸੀ ਮੈਨੂੰ ਸਵਾਮੀ ਜੀ ਬਹੁਤ ਹੀ ਚੰਗੇ ਲੱਗੇ ਪਿਆਰੇ ਲੱਗੇ। ਉਹ ਸਾਨੂੰ ਪੌੜੀਆਂ ਤੋਂ ਉਪਰ ਵਾਲੇ ਕਮਰੇ ਵਿਚ ਲੈ ਗਏ ਤੇ ਕਹਿਣ ਲੱਗੇ ਸਵਾਮੀ ਜੀ ਇਥੇ ਹੀ ਠਹਿਰਦੇ ਸੀ।

ਅਸੀਂ ਪਹਾੜ ਉਤਰ ਕੇ ਹੇਠਾਂ ਗਏ ਤੇ ਦੇਖਿਆ ਸਾਡੇ ਚਾਰੋਂ ਪਾਸੇ ਉਚੇ-ਉਚੇ ਚੀੜ ਤੇ ਦਿਉਦਾਰ ਦੇ ਦਰਖਤ ਹੀ ਦਰਖਤ ਸੀ, ਉਚੇ-ਉਚੇ ਕਿ ਦੇਖਣਾ ਵੀ ਔਖਾ ਸੀ, ਦਰਖਤਾਂ ਨੂੰ ਦੇਖ ਕੇ ਤਾੜਕੇਸ਼ਵਰ ਪਹੁੰਚ ਕੇ ਮੈਨੂੰ ਲੱਗਾ ਮੇਰੀ ਉਦਾਸੀ ਖਤਮ ਹੋ ਗਈ ਹੈ, ਮੈਨੂੰ ਸਵਾਮੀ ਜੀ ਦੀ ਹੋਂਦ ਹਰ ਥਾਂ ਤੇ ਦਿਸਣ ਲੱਗ ਪਈ।

ਚਾਰਲਸ ਸਾਨੂੰ ਪ੍ਰਾਚੀਨ ਮੰਦਰ ਵਿਚ ਲੈ ਗਿਆ ਤੇ ਨਾਲ ਹੀ ਘੰਟੀਆਂ ਵਜਾਉਂਦਾ ਰਿਹਾ। ਇਹ ਸ਼ਿਵ ਮੰਦਰ ਛੇ ਸੌ ਸਾਲ ਪੁਰਾਣਾ ਮੰਦਰ ਹੈ, ਗੋਰ ਪਰ ਛੋਟਾ ਬਣਿਆ ਹੋਇਆ ਹੈ। ਦਸ ਫੁੱਟ ਦੇ ਘੇਰੇ ਵਿਚ ਹੋਵੇਗਾ। ਅਸੀਂ ਮੂਰਤੀ ਦੇ ਅੱਗੇ ਬੈਠ ਗਏ ਤੇ ਮੈਡੀਟੇਸ਼ਨ ਕਰਨ ਲਗ ਪਏ।

ਜਿਵੇਂ ਹੀ ਮੈਂ ਮੈਡੀਟੇਸ਼ਨ ਵਿਚ ਬੈਠਾ ਮੇਰੇ ਅੱਗੇ ਤਿੰਨ ਬੜੀਆਂ ਚਮਕਦੀਆਂ ਲਾਈਨਾਂ ਬਣ ਗਈਆਂ। ਮੇਰੇ ਮੱਥੇ ਤੇ ਮੈਨੂੰ ਇਨ੍ਹਾਂ ਦੀ ਹੋਂਦ ਮਹਿਸੂਸ ਹੋਈ। ਮੇਰੇ ਅੰਦਰ ਐਨਾ ਚਾਨਣ ਆਇਆ, ਐਨੀ ਸ਼ਕਤੀ ਆਈ ਕਿ ਮੇਰਾ ਉਥੋਂ ਉਠਣ ਨੂੰ ਬਿਲਕੁਲ ਜੀ ਹੀ ਨਾ ਕਰੇ, ਹੌਲੀ ਹੌਲੀ ਜਦੋਂ ਉਹ ਸ਼ਕਤੀ ਥੋੜ੍ਹੀ ਘਟੀ ਤੇ ਮੈਂ ਉਠ ਕੇ ਨਾਲ ਦੇ ਕਮਰੇ ਵਿਚ ਗਿਆ, ਜਿਥੇ ਥਰੀਸਾ ਤੇ ਚਾਰਲਸ ਬੈਠੇ ਸੀ ਜਿਸ ਕਮਰੇ ਵਿਚ ਉਹ ਬੈਠੇ ਸੀ ਉਹ ਮਾਤਾ ਦਾ ਮੰਦਰ ਸੀ, ਮੈਂ ਜਿਵੇਂ ਹੀ ਬੈਠਾ ਮੈਂ ਸੋਚਿਆ ਮੈਂ ਮੰਤਰ ਕਰਦਾ ਹਾਂ ਪਰ ਮੇਰੇ ਅੰਦਰ ਤਾਂ ਮਾਤਾ ਦਾ ਹੀ ਮੰਤਰ ਚਲ ਪਿਆ ਤੇ ਮੈਂ ਇਕ ਮਾਲਾ ਉਸੇ ਹੀ ਮੰਤਰ ਦੀ ਕਰ ਦਿਤੀ।

ਮੈਂ ਬਾਅਦ ਵਿਚ ਦੇਖਿਆ ਕਿ ਮੰਦਰ ਦੇ ਅੰਦਰ ਦੇਵੀ ਤੇ ਦੇਵਤੇ ਦੋਨਾਂ ਦੀ ਹੀ ਮੂਰਤੀ ਸੀ, ਜੋ ਕਿ ਪੂਰੇ ਵਿਸ਼ਵ ਦਾ ਇਕ ਆਧਾਰ ਮੰਨਿਆ ਜਾਂਦਾ ਹੈ, ਇਨ੍ਹਾਂ ਥਾਵਾਂ ਤੇ ਪੂਰਨ ਰੂਪ ਵਿਚ ਹੁੰਦਾ ਹੈ ਇਹ ਥਾਵਾਂ ਆਪਣੇ ਆਪ ਵਿਚ ਪੂਰਨ ਹੁੰਦੀਆਂ ਹਨ, ਇਥੇ ਬੈਠ ਕੇ ਪੂਰਨ ਸ਼ਾਂਤੀ ਦੀ ਪ੍ਰਾਪਤੀ ਹੋਈ ਸਾਰੇ ਸਰੀਰ ਵਿਚ ਸ਼ਕਤੀ ਦੌੜਦੀ ਮਹਿਸੂਸ ਹੋਈ, ਸਾਰੀ ਜਗ੍ਹਾ ਚਾਨਣ ਦਾ ਪਸਾਰਾ ਦਿਸਿਆ।

ਅਗਲੇ ਦਿਨ ਅਸੀਂ ਪਹਾੜੀ ਦੇ ਉਪਰ ਚੜ੍ਹ ਗਏ ਤੇ ਓਥੋਂ ਪੂਰਾ ਸੀਨ ਦੇਖਿਆ, ਸਾਰੇ ਬਰਫ ਨਾਲ ਢਕੇ ਪਹਾੜ ਮੈਂ ਦੋ ਬਾਜ ਵੀ ਦੇਖੇ, ਮੈਂ ਉਨ੍ਹਾਂ ਨੂੰ ਆਪਣੇ ਕੋਲ ਵੀ ਬੁਲਾਇਆ। ਉਹ ਮੇਰੇ ਉਤੋਂ ਦੀ ਲੰਘ ਕੇ ਗਏ ਬਹੁਤ ਸਾਰੀਆਂ ਸ਼ਹਿਦ ਦੀਆਂ ਮੱਖੀਆਂ ਸੀ। ਤਿਤਲੀਆਂ ਸੀ ਜਿਵੇਂ ਹੀ ਅਸੀਂ ਮੈਡੀਟੇਸ਼ਨ ਲਈ ਬੈਠੇ ਸਾਡੇ ਉਤੇ ਆ ਕੇ ਮੰਡਰਾਣ ਲਗ ਪਈਆਂ। ਬਹੁਤ ਹੀ ਸੋਹਣੇ, ਜੰਗਲੀ ਫੁੱਲ ਹਵਾ ਨਾਲ ਝੋਕਾ ਖਾ ਰਹੇ ਸੀ।

ਸਾਡੇ ਥੋੜ੍ਹੇ ਜਿਹੇ ਦਿਨ ਬਹੁਤ ਛੇਤੀ ਹੀ ਖਤਮ ਹੋ ਗਏ। ਸਵਾਮੀ ਜੀ ਸਾਨੂੰ ਸ਼ਿਵ ਮੰਦਰ ਤਕ ਛੱਡਣ ਆਏ ਇਥੋਂ ਇਕ ਰਸਤਾ ਘਾਟੀ ਤੇ ਜਾਂਦਾ ਹੈ ਜਿਹੜੀ ਉਤਰ ਵਲ ਜਾ ਰਲਦੀ ਹੈ ਇਥੇ ਸਵਾਮੀ ਜੀ ਨੇ ਬਹੁਤ ਦੇਰ ਤਪ ਕੀਤਾ ਹੈ। ਇਥੇ ਹੀ ਬੈਠ ਕੇ ਸਵਾਮੀ ਜੀ ਨੇ ਆਪਣੀਆਂ ਡਾਇਰੀਆਂ ਲਿਖੀਆਂ ਹਨ ਤੇ ਇਥੋਂ ਹੀ ਹਿਮਾਲੀਆ ਦੀਆਂ ਪਹਾੜੀਆਂ ਉਨ੍ਹਾਂ ਨੂੰ ਬੁਲਾਉਂਦੀਆਂ ਹਨ।

ਜਿਵੇਂ ਅਸੀਂ ਆਸ਼ਰਮ ਵਲ ਗਏ ਛੋਟੇ ਛੋਟੇ ਪੰਛੀ ਸਾਰੇ ਜਗ੍ਹਾ ਬੈਠੇ, ਹਰੀਹਰਨੰਦ ਜੀ ਅੱਗੇ ਖੱਡ ਵਲ ਲੈ ਕੇ ਗਏ ਫੇਰ ਉਹ ਉਚੀ ਚੜ੍ਹਾਈ ਅਸੀਂ ਚੜ੍ਹੇ ਅੱਗੇ ਜਾ ਕੇ ਫੇਰ ਇਕ ਪਹਾੜ ਆ ਗਿਆ। ਉਥੇ ਸਵਾਮੀ ਜੀ ਦੀ ਗੁਫਾ

ਹੈ, ਇਥੇ ਸਵਾਮੀ ਜੀ ਬਹੁਤ ਮਹੀਨੇ ਰਹੇ, ਇਥੇ ਉਨ੍ਹਾਂ ਲਈ ਖਾਣਾ ਲੈ ਕੇ ਕਈ ਰੂਹਾਂ ਆਉਂਦੀਆਂ ਸੀ ਐਨੀ ਸੋਹਣੀ ਥਾਂ ਹੈ ਅਸੀਂ ਬੈਠ ਕੇ ਮੈਡੀਟੇਸ਼ਨ ਕੀਤੀ।

ਅਸੀਂ ਆਸ਼ਰਮ ਦੇ ਨਾਲ ਵਗਦੀ ਛੋਟੀ ਜਿਹੀ ਨਦੀ ਦੇ ਕੰਢੇ ਬੈਠ ਗਏ ਸਵਾਮੀ ਹਰੀ ਹਰ ਨੰਦ ਜੀ ਕੋਲੋਂ ਉਨ੍ਹਾਂ ਦੇ ਬਹੁਤ ਸਾਰੇ ਅਨੁਭਵ ਸੁਣੇ। ਉਨ੍ਹਾਂ ਨੇ ਸਾਨੂੰ ਆਸ਼ਰਮ ਦਾ ਇਤਿਹਾਸ ਦੱਸਿਆ। ਦੱਸਿਆ ਕਿ ਸਦੀਆਂ ਤੋਂ ਕਈ ਸਾਧੂ ਐਥੇ ਆ ਕੇ ਰਹੇ ਤੇ ਤਪਸਿਆ ਕੀਤੀ। ਬਹੁਤ ਵਾਰੀ ਮੰਦਰ ਵਿਚੋਂ ਮੰਤਰਾਂ ਦੀ ਆਵਾਜ਼ ਆਉਂਦੀ ਤੇ ਉਥੇ ਥੱਲੇ ਪਾਣੀ ਵਿਚ ਇਕ ਪੰਜ ਸਿਰਾਂ ਵਾਲਾ ਸੱਪ ਵੀ ਰਹਿੰਦਾ ਹੈ। ਇਕ ਦਿਨ ਉਹ ਦੱਸਣ ਅਸੀਂ ਕਪੜੇ ਧੋ ਰਹੇ ਸੀ ਉਹ ਸੱਪ ਉਪਰ ਆ ਕੇ ਬਹੁਤ ਹੀ ਅਨੋਖੀ ਤਰ੍ਹਾਂ ਪੈਲਾਂ ਪਾਉਣ ਲੱਗਾ। ਸਵਾਮੀ ਜੀ ਕਹਿਣ ਲੱਗੇ ਇਕ ਬੜੀ ਹੀ ਅਲੌਕਿਕ ਥਾਂ ਹੈ।

ਐਨੀ ਜ਼ਿਆਦਾ ਸਕਤੀ ਹੈ ਸਾਰੀ ਥਾਂ ਤੇ ਤੁਸੀਂ ਸੌਂ ਹੀ ਨਹੀਂ ਸਕਦੇ, ਅਸੀਂ ਰਾਤ ਨੂੰ ਆਪਣੀ ਮੈਡੀਟੇਸ਼ਨ ਕਰਦੇ ਰਹੇ ਸਾਨੂੰ ਸਾਰੀ ਥਾਂ ਸਵਾਮੀ ਜੀ ਦੇ ਦਰਸ਼ਨ ਹੁੰਦੇ ਰਹੇ ਤੇ ਗੁਰੂਦੇਵ ਦੀ ਹੋਂਦ ਮਹਿਸੂਸ ਹੁੰਦੀ ਰਹੀ।

ਮੇਰੀ ਉਦਾਸੀ ਖਤਮ ਹੋ ਚੁੱਕੀ ਸੀ, ਮੈਂ ਆਪਣੇ ਆਪ ਨੂੰ ਠੀਕ ਮਹਿਸੂਸ ਕਰ ਰਿਹਾ ਸੀ। ਜੀਵਨ ਵਿਚ ਠੀਕ ਮਹਿਸੂਸ ਕਰ ਰਿਹਾ ਸੀ ਏਸ ਤਾਂ ਤੇ ਆ ਕੇ ਮੈਨੂੰ ਗੁਰੂ ਪ੍ਰਸਾਦਿ ਦਾ ਅਹਿਸਾਸ ਹੋ ਰਿਹਾ ਸੀ। ਸਾਡੇ ਅੰਦਰ ਨਵੀਂ ਸ਼ਕਤੀ ਆ ਗਈ ਸੀ। ਅੱਗੇ ਕੰਮ ਕਰਨ ਦੀ ਜੋ ਕੁਝ ਵੀ ਸਵਾਮੀ ਜੀ ਦਾ ਆਦੇਸ ਸੀ ਉਸ ਨੂੰ ਅੱਗੇ ਲੈ ਕੇ ਜਾਣ ਦੀ, ਸਵਾਮੀ ਜੀ ਉਤੇ ਪ੍ਰਤੱਖ ਹੋ ਕੇ ਦਸ ਰਹੇ ਸੀ ਕਿ ਉਹ ਸਾਡੇ ਅੰਗ ਸੰਗ ਹਨ ਉਹ ਤੇ ਹੋਰ ਕਈ ਮਹਾਂਪੁਰਸ਼ ਸਾਡੇ ਕੰਮ ਦੇ ਸਾਧਨ ਬਣਨਗੇ।

ਅਸੀਂ ਮੁੜ ਕੇ ਰਿਸ਼ੀਕੇਸ਼ ਆ ਗਏ ਤੇ ਜਿਸ ਕਮਰੇ ਵਿਚ ਸਵਾਮੀ ਜੀ ਨੇ ਸਰੀਰ ਛੱਡਿਆ ਸੀ ਉਥੇ ਗਏ, ਉਥੇ ਸਾਰਿਆਂ ਨੂੰ ਮਿਲੇ ਸਾਰੇ ਗੁਰੂ ਭਾਈ ਗੁਰੂ ਭੈਣਾਂ ਨੂੰ ਮਿਲੇ। ਅਸੀਂ ਸਾਧੂਆਂ ਦਾ ਜਲੂਸ ਦੇਖਿਆ ਜਿਹੜੇ ਸਵਾਮੀ ਜੀ ਨੂੰ ਸ਼ਰਧਾਂਜਲੀ ਦੇਣ ਆਏ ਅਸੀਂ ਹਵਨ ਵਿਚ ਪੂਰਨ ਅਹੂਤੀ ਪਾਈ ਤੇ ਅਸੀਂ ਆ ਕੇ ਗੰਗਾ ਦੇ ਕੰਢੇ ਬੈਠ ਗਏ।

ਫੇਰ ਅਸੀਂ ਅਮਰੀਕਾ ਆ ਗਏ ਅਸੀਂ ਆਪਣੇ ਘਰ ਦਾ ਨਾਮ 'ਰਾਮਨਗਰ' ਰਖ ਦਿਤਾ। ਜਿਵੇਂ ਸਵਾਮੀ ਜੀ ਨੇ ਆਦੇਸ਼ ਦਿਤਾ ਸੀ ਅਸੀਂ ਕੰਮ ਕਰੀ ਜਾ ਰਹੇ ਹਾਂ। ਅਸੀਂ ਇਹ ਭਲੀ ਪ੍ਰਕਾਰ ਜਾਣਦੇ ਹਾਂ ਅਸੀਂ ਸਵਾਮੀ ਜੀ ਦੇ ਹਿਮਾਲੀਆ ਦੇ ਸੰਤਾਂ ਦੇ ਵਰੋਸਾਏ ਹਾਂ। ਸਾਡੀ ਇਕ ਯਾਤਰਾ ਪੂਰੀ ਹੋ ਗਈ ਹੈ ਤੇ ਦੂਸਰੀ ਸ਼ੁਰੂ ਹੋਈ ਹੈ।

(ਪੰਨਾ 4 ਦੀ ਬਾਕੀ)

ਚਲਣ ਦੀ ਪ੍ਰੇਰਨਾ ਕਰਦੀ ਨਾਮ ਤੱਕ ਰੁਸਵਾਈ ਕਰਾਉਂਦੀ ਹੈ ਜਿਵੇਂ ਕਿ ਫੁਰਮਾਨ ਹੈ –

***ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥***

***ਅੰਗ – 797***

ਧੰਨ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਗੁਰਬਾਣੀ ਸਿਧਾਂਤ ਉਪਰ ਅਧਾਰਿਤ ਹੱਥਲਾ ਆਤਮ ਮਾਰਗ ਆਪ ਜੀ ਕੋਲ ਪਹੁੰਚ ਰਿਹਾ ਹੈ। ਇਸ ਮਹੀਨੇ ਵਿਚ 300 ਸਾਲਾ ਗੁਰੂ ਗ੍ਰੰਥ ਸਾਹਿਬ ਸੰਪੂਰਨਤਾ ਦਿਵਸ ਉਪਰ ਆਪ ਸਾਰਿਆਂ ਨੂੰ ਵਧਾਈ ਦਿਤੀ ਜਾਂਦੀ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਆਪ ਇਸ ਰੂਹਾਨੀ ਪਤ੍ਰਿਕਾ ਤੋਂ ਪੂਰਾ ਪੂਰਾ ਲਾਹਾ ਪ੍ਰਾਪਤ ਕਰੋਗੇ। ਇਸੇ ਹੀ ਅਗਸਤ ਮਹੀਨੇ ਵਿਚ ਸੱਚਖੰਡਵਾਸੀ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦਾ ਜਨਮ ਦਿਹਾੜਾ ਅਤੇ ਬਰਸੀ ਆ ਰਹੀ ਹੈ ਇਸ ਸਬੰਧ ਵਿਚ ਪਿਆਰੇ ਦੇ ਪਿਆਰੇ ਮਹਾਂਪੁਰਸ਼ ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦੇ ਅਨੁਭਵ ਤੋਂ "ਸੂਰ ਬੀਰ ਬਚਨ ਕੇ ਬਲੀ" ਲੇਖ ਅੰਕਿਤ ਹੈ। ਭਾਗਠੜੇ ਹਰਿ ਸੰਤ ਤੁਮਾਰੇ ਲੇਖ ਅੰਦਰ ਇਸ ਮਹੀਨੇ ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੀ ਆ ਰਹੀ ਬਰਸੀ ਨੂੰ ਸਮਰਪਿਤ ਹੈ, ਜਿਸ ਵਿਚ ਨਾਮ ਜਪਣ ਵਾਲੇ ਜਗਿਆਸੂਆਂ ਦੀ ਜਗਿਆਸਾ ਦੀ ਪੂਰਤੀ ਵਾਸਤੇ ਮਹਾਂਪੁਰਸ਼ਾਂ ਨੇ ਧਿਆਨ ਵਿਧੀ ਦਰਸਾਈ ਹੈ, ਜਿਸ ਤੋਂ ਹਰ ਕੋਈ ਹਰ ਮਜਹਬ ਦਾ ਪ੍ਰਾਣੀ ਲਾਹਾ ਪ੍ਰਾਪਤ ਕਰ ਸਕਦਾ ਹੈ। 'ਚਉਥੈ ਪਹਿਰ ਸੁਬਾਹ ਕੈ ਸੁਰਤਿਆ ਉਪਜੈ ਚਾਉ' ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ ਅਨੁਭਵੀ ਪ੍ਰਬਚਨ ਗੁਰੂ ਮਹਾਰਾਜ ਜੀ ਦੇ ਹੁਕਮਨਾਮੇ ਉਪਰ ਅਧਾਰਿਤ ਹਨ।

ਸੰਤ ਬਿਮਲਾ ਸਿੰਘ ਜੀ ਬਹੁਤ ਹੀ ਗੁਰਬਾਣੀ ਦੇ ਰਸੀਏ ਰਸਕ ਬੈਰਾਗੀ ਮਹਾਂਪੁਰਸ਼ ਭਾਈ ਵੀਰ ਸਿੰਘ ਜੀ ਦੀ ਰੂਹਾਨੀ ਸਹਾਇਕ ਰਚਨਾਂ ਵਿਚੋਂ ਲਏ ਗਏ ਹਨ, ਜੋ ਕਿ ਹਰ ਮਹੀਨੇ ਆਤਮ ਮਾਰਗ ਮੈਗਜ਼ੀਨ ਵਿਚ ਲੜੀ ਵਾਰ ਪ੍ਰਕਾਸ਼ਿਤ ਹੋ ਕੇ ਪਾਠਕਾਂ ਨੂੰ ਪਿਆਰ ਬੈਰਾਗ ਵੱਲ ਨੂੰ ਪ੍ਰੇਰ ਰਹੇ ਹਨ।

'ਐਸੋ ਸਹਾਈ ਹਰਿ ਕੋ ਨਾਮ' ਮਹਾਂਪੁਰਸ਼ਾਂ ਦੀ ਅਮੋਲਕ ਰਚਨਾ ਜੋ ਕਿ ਨਾਮ ਦੀ ਮਹਿਮਾਂ ਨਾਲ ਭਰਪੂਰ ਹੈ।

ਸਵਾਮੀ ਜੀ ਦੇ ਪਿਆਰ ਵਿਚ ਡਾ. ਬੀਬੀ ਤਜਿੰਦਰ ਮਲਹੋਤਰਾ ਨੇ ਯੋਗਾ ਉਪਰ ਲੈਕਚਰ ਦੀ ਮਹਾਨ ਫਿਲੌਸਫੀ ਨੂੰ ਸਾਡੀ ਪੰਜਾਬੀ ਮਾਤ ਭਾਸ਼ਾ ਵਿਚ ਸਰਲ ਕਰਕੇ ਲਿਖਿਆ ਹੈ ਜੋ ਕਿ ਅੱਜ ਦੇ ਪਦਾਰਥ ਵਾਦੀ ਮਨੁੱਖ ਦੇ ਸਮਝਣ ਵਾਸਤੇ ਬਹੁਤ ਹੀ ਜਰੂਰੀ ਹੈ।

# ਸਤਿ ਬਚਨ ਸਾਧੂ ਕਹਹਿ
# (ਬਾਈਬਲ ਵਿਚੋਂ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

ਆਪਣੇ ਆਪ ਨੂੰ ਪਰਦੇਸੀ ਅਤੇ ਯਾਤਰੀ ਸਮਝਕੇ ਉਹਨਾਂ ਸਥੂਲ ਵਾਸ਼ਨਾਵਾਂ ਤੋਂ, ਜੋ ਆਤਮਾ ਨਾਲ ਯੁੱਧ ਕਰਦੀਆਂ ਹਨ, ਬਚੇ ਰਹੋ।

*(ਪਤਮਾ ਦੀ ਪਹਿਲੀ ਚਿੱਠੀ-੨/੧੧)*

ਮਰ ਜੀਵੇ ਮਰੀਆ

ਮੈਂ ਸੱਚ ਕਹਿੰਦਾ ਹਾਂ ਕਿ ਜਦ ਤੱਕ ਕਣਕ ਦਾ ਦਾਣਾ ਧਰਤੀ ਵਿਚ ਰਹਿਕੇ ਮਰ ਨਹੀਂ ਜਾਂਦਾ, ਉਦੋਂ ਤਕ ਉਹ ਇਕੱਲਾ ਰਹਿੰਦਾ ਹੈ, ਪਰ ਜਦੋਂ ਮਰ ਜਾਂਦਾ ਹੈ ਉਦੋਂ ਫਲ ਦਿੰਦਾ ਹੈ।

ਜੋ ਮਨੁੱਖ ਆਪਣੇ ਪ੍ਰਾਣ ਨੂੰ ਪ੍ਰਿਅ ਸਮਝਦਾ ਹੈ, ਉਹ ਉਸ ਨੂੰ ਗੁਆ ਬੈਠਦਾ ਹੈ ਅਤੇ ਜੋ ਇਸ ਜਗਤ ਵਿਚ ਆਪਣੇ ਪ੍ਰਾਣ ਨੂੰ ਅਪ੍ਰਿਅ ਸਮਝਦਾ ਹੈ, ਉਹ ਅਨੰਤ ਜੀਵਨ ਦੇ ਲਈ ਉਸ ਦੀ ਰਖਿਆ ਕਰੇਗਾ।

*(ਯੂਹੰਨਾ-੧੨/੨੪-੨੫)*

**ਜਿਹਬਾ (ਜੀਭ) ਉਪਰ ਕਾਬੂ**

ਜੇਕਰ ਕੋਈ ਆਪਣੇ ਆਪ ਨੂੰ ਧਾਰਮਿਕ ਸਮਝੇ ਅਤੇ ਆਪਣੀ ਜੀਭ ਉਪਰ ਲਗਾਮ ਨਾ ਲਗਾਏ ਅਤੇ ਆਪਣੇ ਆਪ ਨੂੰ ਧੋਖਾ ਦੇਵੇ ਤਾਂ ਉਸ ਦੀ ਧਾਰਮਿਕਤਾ ਵਿਅਰਥ ਹੈ।

***ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥***
***ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥***
***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥***
***ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥*** ***ਅੰਗ-473***

ਅਸੀਂ ਬਹੁਤ ਵਾਰ ਭੁੱਲ ਕਰ ਜਾਂਦੇ ਹਾਂ, ਪਰ ਜੇ ਕੋਈ ਬੋਲਣ ਵਿਚ ਭੁੱਲ ਨਹੀਂ ਕਰਦਾ, ਉਹੀ ਪੂਰਣ ਮਨੁੱਖ ਹੈ ਅਤੇ ਸਾਰੇ ਸਰੀਰ ਉਪਰ ਕਾਬੂ ਰੱਖ ਸਕਦਾ ਹੈ।

ਜਦੋਂ ਅਸੀਂ ਵਸ ਵਿਚ ਕਰਨ ਲਈ ਘੋੜਿਆਂ ਦੇ ਮੂੰਹ ਵਿਚ ਲਗਾਮ ਲਗਾਂਦੇ ਹਾਂ ਤਾਂ ਅਸੀਂ ਉਹਨਾਂ ਦੀ ਸਾਰੀ ਦੇਹ ਨੂੰ ਘੁਮਾ ਸਕਦੇ ਹਾਂ। ਵੱਡੇ-ਵੱਡੇ ਜਹਾਜ਼ ਜੋ ਪ੍ਰਚੰਡ ਵਾਯੂ ਨਾਲ ਚਲਾਏ ਜਾਂਦੇ ਹਨ, ਛੋਟੀ ਜਿਹੀ ਪਤਵਾਰ ਦੁਆਰਾ ਮਾਂਝੀ ਦੀ ਇੱਛਾ ਅਨੁਸਾਰ ਘੁਮਾਏ ਜਾਂਦੇ ਹਨ। ਇੰਜ ਹੀ ਜੀਭ ਵੀ ਇਕ ਛੋਟੀ ਜਿਹੀ ਇੰਦਰੀ ਹੈ ਅਤੇ ਵੱਡੀਆਂ-ਵੱਡੀਆਂ ਡੀਗਾਂ ਮਾਰਦੀ ਹੈ। ਦੇਖੋ, ਥੋਹੜੀ ਜਿੰਨੀ ਅੱਗ ਨਾਲ ਕਿੰਨੇ ਵੱਡੇ ਜੰਗਲ ਵਿਚ ਅੱਗ ਲਗ ਜਾਂਦੀ ਹੈ। ਜੀਭ ਵੀ ਇਕ ਅੱਗ ਹੈ। ਜੀਭ ਸਾਡੇ ਸਰੀਰ ਵਿਚ ਅਧਰਮ ਦਾ ਇਕ ਲੋਕ ਹੈ। ਉਹ ਸਾਰੀ ਦੇਹ ਨੂੰ ਕਲੰਕਿਤ ਕਰਦੀ ਹੈ ਅਤੇ ਆਪ ਨਰਕ ਕੁੰਡ ਦੀ ਅੱਗ ਵਿਚ ਸੜਦੀ ਹੈ।

ਹਰ ਪ੍ਰਕਾਰ ਦੇ ਵਣ-ਪਸ਼ੂ, ਪੰਛੀ, ਸਰਪ ਜਿਹੇ ਧਰਤੀ ਤੇ ਰੀਂਗਣ ਹਾਰੇ ਜੀਵ ਜੰਤੂ ਅਤੇ ਜਲਚਰ ਮਨੁੱਖ ਜਾਤੀ ਦੇ ਵਸ ਵਿਚ ਹੋ ਸਕਦੇ ਹਨ ਅਤੇ ਹੋ ਵੀ ਗਏ ਹਨ ਪਰ ਜੀਭ ਨੂੰ ਮਨੁੱਖਾਂ ਵਿਚੋਂ ਕੋਈ ਵੀ ਵਸ ਨਹੀਂ ਕਰਦਾ। ਉਹ ਇਕ ਅਜਿਹੀ ਬਲਾ ਹੈ ਜੋ ਰੁਕਦੀ ਹੀ ਨਹੀਂ, ਉਹ ਪ੍ਰਾਣ-ਨਾਸ਼ਕ ਵਿਸ਼ ਨਾਲ ਭਰੀ ਹੋਈ ਹੈ।

ਜੀਭ ਦੁਆਰਾ ਹੀ ਅਸੀਂ ਪ੍ਰਭੂ ਅਤੇ ਪਿਤਾ ਦੀ ਉਸਤਤਿ ਕਰਦੇ ਹਾਂ ਅਤੇ ਇਸੇ ਨਾਲ ਈਸ਼ਵਰ ਦੇ ਰੂਪ ਵਿਚ ਪੈਦਾ ਹੋਏ ਮਨੁੱਖਾਂ ਨੂੰ ਸਰਾਪ ਵੀ ਦਿੰਦੇ ਹਾਂ। ਇਕ ਹੀ ਮੂੰਹ 'ਚੋਂ ਧੰਨਵਾਦ ਅਤੇ ਸਰਾਪ ਦੋਵੇਂ ਨਿਕਲਦੇ ਹਨ। ਅਜਿਹੀ ਗੱਲ ਨਹੀਂ ਹੋਣੀ ਚਾਹੀਦੀ।

*(ਯਾਕੂਬ ਦੀ ਚਿੱਠੀ - ੧/੨੬, ੩/੨-੧੦)*

***ਰੇ ਜਿਹਬਾ ਕਰਉ ਸਤ ਖੰਡ॥***
***ਜਾਮਿ ਨ ਉਚਰਸਿ ਸ੍ਰੀ ਗੋਬਿੰਦ॥***
***ਅੰਗ - 1163***

***ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਇ।***
***ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਿਤ ਪਾਇ।***
***ਘਾਲਿ ਖਾਏ ਸੁਕ੍ਰਿਤੁ ਕਰੈ***
***ਵਡਾ ਹੋਇ ਨ ਆਪੁ ਗਣਾਏ।***
***ਭਾਈ ਗੁਰਦਾਸ ਜੀ, ਵਾਰ ੨੮/੧੫***

***ਰਸਨਾ ਜਪੀਐ ਏਕੁ ਨਾਮ॥***
***ਈਹਾ ਸੁਖੁ ਆਨੰਦੁ ਘਨਾ***
***ਆਗੈ ਜੀਅ ਕੈ ਸੰਗਿ ਕਾਮ॥*** ***ਅੰਗ - 211***

ਕ੍ਰੋਧ

ਜੇ ਕੋਈ ਆਪਣੇ ਸਾਥੀ-ਭਰਾ ਉਪਰ ਕ੍ਰੋਧ ਕਰੇਗਾ, ਉਹ ਨਿਆਂ-ਸਭਾ ਵਿਚ ਦੰਡ ਦਾ ਭਾਗੀ ਬਣੇਗਾ। *(ਮੱਤੀ-੫/੨੨)*

***ਕ੍ਰੋਧੁ ਬਿਨਾਸੈ ਸਗਲ ਵਿਕਾਰੀ॥***
***ਪਤਿ ਮਤਿ ਖੋਵਹਿ ਨਾਮੁ ਵਿਸਾਰੀ॥***
***ਅੰਗ - 225***

# ਯੋਗਾ ਉਪਰ ਲੈਕਚਰ

*ਮੂਲ ਲੇਖਕ – ਡਾ. ਸਵਾਮੀ ਰਾਮ ਜੀ*
*ਅਨੁਵਾਦਕ – ਡਾ. ਬੀਬੀ ਤੇਜਿੰਦਰ ਮਲਹੋਤਰਾ*

ਮੁਖ ਬੰਧ

ਯੋਗ ਸੰਦੇਸ਼

ਭਾਰਤੀ ਫਿਲੋਸਫੀ ਦੀਆਂ ਸੱਤ ਸੰਪਰਦਾਇ ਹਨ ਇਹ ਸੱਤ ਪਦਾਰਥਵਾਦੀ ਵਿਚਾਰ ਦ੍ਰਿਸਟੀ ਤੋਂ ਲੈ ਕੇ ਬਿਲਕੁਲ ਦੂਸਰੇ ਪਾਸੇ ਦੇ ਅੰਤ ਤਕ ਜਾਂਦੀਆਂ ਹਨ ਜਿਸ ਵਿਚ ਪਦਾਰਥ ਕੇਵਲ ਇਕ ਪਰਛਾਵਾਂ ਇਕ ਮਾਇਆ ਮੰਨੀ ਗਈ ਹੈ। ਮਾਇਆ ਜੋ ਕਿ ਆਤਮਾ ਦਾ ਹੀ ਪਰਛਾਵਾਂ ਹੈ। ਸਾਂਖਿਆ ਫਿਲੌਸਫੀ ਤੇ ਯੋਗ ਦੀਆਂ ਸੰਪਰਦਾਇ ਇਕ ਮੱਧ ਦਾ ਮਾਰਗ ਲੈਂਦੀਆਂ ਹਨ, ਜੋ ਕਿ ਇਨ੍ਹਾਂ ਦੋ ਸਿਰਿਆਂ ਦੇ ਵਿਚ ਦਾ ਮਾਰਗ ਹੈ। ਸਾਂਖਿਆ ਤੇ ਯੋਗ ਦੋਨੋਂ ਹੀ ਹੌਲੀ-ਹੌਲੀ ਕਾਫੀ ਦੇਰ ਬਾਅਦ ਤੇ ਕਾਫੀ ਪ੍ਰਯੋਗ ਤੋਂ ਬਾਅਦ ਹੀ ਹੋਂਦ ਵਿਚ ਆਏ ਤੇ ਇਹ ਦੋਨੋਂ ਹੀ ਸਨਮਾਨ ਸੂਚਕ ਹਨ। ਯੋਗਾ ਮਨੁੱਖ ਦੇ ਅਨੁਭਵਸ਼ਾਲੀ ਪੱਖ ਨੂੰ ਲੈ ਕੇ ਉਸ ਦੀ ਮੁਕਤੀ ਮਨੁੱਖ ਦਾ ਦੁਖਾਂ ਤੋਂ ਛੁਟਕਾਰਾ, ਉਸ ਦੀਆਂ ਤਰੁੱਟੀਆਂ ਨੂੰ ਪੂਰਨ ਲਈ ਇਕ ਪ੍ਰੈਕਟੀਕਲ ਤਰੀਕਾ ਹੈ, ਇਹ ਤਰੀਕੇ ਦਾ ਮੁੱਢ ਹੈ, ਸਾਂਖਿਆ ਫਿਲੋਸਫੀ।

ਸਾਂਖਿਆ ਦਰਸ਼ਨ-ਸ਼ਾਸਤਰ ਦੇ ਮੋਢੀ ਰਿਸ਼ੀ ਕਪਿਲ ਹੋਏ ਹਨ ਕੋਈ 600 ਬੀ.ਸੀ ਦੇ ਲੱਗਭੱਗ ਉਨ੍ਹਾਂ ਦੋ ਸੱਤ ਮੰਨੇ ਹਨ ਸਤਿਪੁਰਖ ਜਾਂ ਵਿਸ਼ਵ ਚੇਤਨਤਾ ਤੇ ਦੂਸਰਾ ਪ੍ਰਾਕ੍ਰਿਤੀ ਜਾਂ ਕਹਿ ਲਓ ਤਤਵਾਦ ਪਦਾਰਥ। ਜਿਹੜਾ ਦਿਸਦਾ ਵਿਸ਼ਵ ਹੈ ਉਹ ਪ੍ਰਾਕ੍ਰਿਤੀ ਦੇ ਦੁਆਲੇ ਹੈ ਉਸ ਤੋਂ ਉਤਪੰਨ ਹੋਇਆ ਹੈ ਤੇ ਇਹ ਪੁਰਖ ਤੇ ਪ੍ਰਾਕ੍ਰਿਤੀ ਦਾ ਮੇਲ ਹੈ ਪਦਾਰਥ ਚੇਤਨਾ ਦਾ ਪ੍ਰਵੇਸ ਕਰਨਾ ਹੈ। ਇਸ ਤੋਂ ਉਪਰ ਵਿਕਾਸ ਦਾ ਇਹ ਨਿਯਮ ਇਹ ਸਿਧਾਂਤ ਵਿਸ਼ਵ ਲਈ ਤੇ ਮਨੁੱਖ ਲਈ ਦੋਨਾਂ ਲਈ ਲਾਗੂ ਹੁੰਦਾ ਹੈ। ਯੋਗ ਸਿਖਿਆ ਦਾ ਮੁੱਢ ਇਹ ਹੀ ਹੈ ਇਸ ਵਿਕਾਸ ਤੇ ਹੀ ਹੈ ਮਨੁੱਖ ਲਈ, ਯੋਗ ਮਨੁੱਖ ਦੇ ਉਲਝਣ ਚੱਕਰ ਦੇ ਪ੍ਰੈਕਟੀਕਲ ਪਾਸੇ ਨਾਲ ਸਬੰਧਤ ਹੈ ਜਾਂ ਇਸ ਤਰ੍ਹਾਂ ਕਹਿ ਲਓ ਕਿ ਮਨੁੱਖ ਦੀ ਪਛਾਣ ਉਸ ਦੀ ਤਦਰੂਪਤਾ, ਉਸ ਦੇ ਸਰੀਰ ਮਨ ਤੇ ਚੇਤਨਾ ਨਾਲ ਸਬੰਧਤ ਹੈ, ਅੰਤਮ ਤੱਤ ਨਾਲ ਸਬੰਧਤ ਹੈ।

ਯੋਗ ਦਾ ਉਤਮ ਸੰਦੇਸ਼ ਹੈ ਮਨੁੱਖ ਵਾਸਤਵ ਵਿਚ ਅਨੂਪਮ ਹੈ, ਇਲਾਹੀ ਹੈ, ਵਾਹਿਗੁਰੂ ਦਾ ਅੰਸ਼ ਹੈ ਪਰ ਉਹ ਇਸ ਗੱਲ ਨੂੰ ਭੁੱਲੀ ਬੈਠਾ ਹੈ ਤੇ ਆਪਣੇ ਆਪ ਨੂੰ ਕੇਵਲ ਦੇਹ ਹੀ ਸਮਝਦਾ ਹੈ। ਬੁੱਧੀ ਸਮਝਦਾ ਹੈ ਇਹ ਦੋਨੋਂ ਪ੍ਰਾਕ੍ਰਿਤੀ ਦੇ ਅੰਗ ਹਨ, ਪਦਾਰਥ ਹਨ, ਨਾਸ਼ਵਾਨ ਹਨ, ਇਨ੍ਹਾਂ ਦਾ ਅੰਤ ਹੈ। ਮਨੁੱਖ ਦੇ ਸਾਰੇ ਸੰਤਾਪ ਇਸ ਕਰਕੇ ਹਨ ਕਿਉਂਕਿ ਉਸ ਨੇ ਆਪਣੇ ਆਪ ਨੂੰ ਮਾਇਆ ਨਾਲ ਝੂਠ ਨਾਲ ਜੋੜ ਲਿਆ ਹੈ। ਯੋਗਾ ਮਨੁੱਖ ਨੂੰ ਆਤਮ ਸਿੱਧੀ ਤੇ ਲੈ ਜਾਂਦਾ ਹੈ ਤੇ ਅੰਤ ਨੂੰ ਮੁਕਤੀ ਤੇ ਲੈ ਜਾਂਦਾ ਹੈ, ਤਰੁੱਟੀਆਂ ਤੋਂ ਛੁਟਕਾਰਾ ਪਾ ਲੈਂਦਾ ਹੈ।

ਆਤਮਾ ਸਿੱਧੀ ਦੇ ਬਹੁਤ ਸਾਰੇ ਮਾਰਗ ਹਨ ਬਿਲਕੁਲ ਉਸੇ ਤਰ੍ਹਾਂ ਜਿਵੇਂ ਸਾਈਕਲ ਦੇ ਪਹੀਏ ਦੇ ਬਹੁਤ ਸਾਰੇ ਸਪੋਸਕ ਹੁੰਦੇ ਹਨ ਤੇ ਓਮ ਕੇਂਦਰ ਵਿਚ ਯੋਗਾ ਦੀ ਵਰਤੋਂ ਇਕ ਸਾਧਾਰਨ ਰੂਪ ਵਿਚ ਕੀਤੀ ਗਈ ਹੈ, ਬਹੁਤ ਸਾਰੇ ਯੋਗ ਦੇ ਮਾਰਗ ਹਨ ਪਰ ਧੁਰਾ ਇਕ ਹੀ ਹੈ ਵੱਖ-ਵੱਖ ਯੋਗ ਦੇ ਮਾਰਗ ਹਨ –

ਕਰਮ ਯੋਗ – ਕਰਮ ਕਰਨਾ

ਭਗਤੀ ਯੋਗ – ਸ਼ਰਧਾ, ਨਿਸ਼ਠਾ ਲਗਨ

ਗਿਆਨ ਯੋਗ – ਗਿਆਨ ਦਾ ਮਾਰਗ

ਕੁੰਡਲਨੀ ਯੋਗ – ਅੰਦਰ ਦੀਆਂ ਸ਼ਕਤੀਆਂ ਨੂੰ ਜਗਾਉਣਾ

ਰਾਜ ਯੋਗ – ਰਾਜਸੀ ਮਾਰਗ

ਇਸ ਪੁਸਤਕ ਵਿਚ ਰਾਜ ਯੋਗ ਦੀ ਸਿਖਿਆ ਦੱਸੀ ਜਾਵੇਗੀ, ਇਸ ਵਿਚ ਬਾਕੀ ਦੇ ਸਾਰੇ ਮਾਰਗ ਵੀ ਲਏ ਜਾਣਗੇ, ਇਸ ਵਿਚ ਤਿੰਨ ਵਿਮਾ ਡਈਮੈਸ਼ਨ ਲਈਆਂ ਗਈਆਂ ਹਨ, ਭਾਵ ਤਿੰਨ ਪੱਖ ਲਏ ਗਏ ਹਨ, ਸਰੀਰਕ, ਮਾਨਸਿਕ ਤੇ ਅਧਿਆਤਮਕ। ਰਾਜ ਯੋਗ ਦਾ ਅਭਿਆਸ ਕਰਕੇ ਤੁਸੀਂ ਤਿੰਨਾਂ ਪੱਖਾਂ ਤੇ ਕਾਬੂ ਪਾ ਲੈਂਦੇ ਹੋ ਤੇ ਪੂਰਨ ਮੁਕਤੀ ਪ੍ਰਾਪਤ ਕਰ ਲੈਂਦੇ ਹੋ।

ਰਾਜ ਯੋਗ ਦੀ ਸਿਖਿਆ ਹਜ਼ਾਰਾਂ ਨਾਲ ਪੁਰਾਣੀ ਹੈ, ਇਸ ਦੇ ਆਦਿ ਦਾ ਕੋਈ ਖਾਸ ਪਤਾ ਨਹੀਂ ਪਰ ਇਹ ਧੁਰੋਂ ਹੀ ਆਈਆਂ ਮੰਨੀਆਂ ਜਾਂਦੀਆਂ ਹਨ ਤੇ ਕੋਈ 200 ਬੀ.ਸੀ ਦੇ ਲੱਗਭੱਗ ਇਨ੍ਹਾਂ ਦਾ ਸੁਰੂ ਦੱਸਿਆ ਜਾਂਦਾ ਹੈ ਇਨ੍ਹਾਂ ਨੂੰ ਨਿਯਮਬੱਧ ਕਰਨ ਵਾਲੇ, ਪੰਤਾਜਲ ਮਹਾਂਪੁਰਖ ਹੋਏ ਹਨ ਉਨ੍ਹਾਂ ਨੇ ਯੋਗਾ ਨੂੰ 196 ਸੂਤਰਾਂ ਵਿਚ ਨਿਯਮਬੱਧ ਕੀਤਾ ਜਾਂ ਕਹਿ ਲਵੋ ਅਖਾਣ ਰੂਪ ਵਿਚ ਨਿਯਮਬੱਧ ਕੀਤਾ। ਪੰਤਾਜਲ ਦੇ ਯੋਗ ਸੂਤਰ ਚਾਰ ਪਦਾਂ ਵਿਚ ਹਨ ਜਾਂ ਕਹਿ ਲਓ ਚਾਰ ਅਧਿਆਵਾ ਵਿਚ ਹਨ,

ਪਹਿਲਾ ਅਧਿਆਇ ਸਮਾਧੀ ਦਾ ਹੈ, ਆਤਮ ਸਿੱਧੀ ਦਾ ਹੈ ਦੂਸਰਾ ਪ੍ਰੈਕਟੀਕਲ ਤਰੀਕੇ ਦਸਦਾ ਹੈ। ਤੀਸਰਾ ਉਨ੍ਹਾਂ ਸ਼ਕਤੀਆਂ ਦਾ ਜੋ ਅਭਿਆਸ ਨਾਲ ਜਾਗਰਤ ਹੁੰਦੀਆਂ ਹਨ ਅੰਤ ਦਾ ਅਧਿਆਇ ਕਾਇਵੈਲਿਆ ਭਾਵ ਮੁਕਤੀ ਤੇ ਹੈ।

ਰਾਜਯੋਗ ਨੂੰ ਅਸ਼ਟਾਂਗ ਯੋਗ ਵੀ ਕਿਹਾ ਜਾਂਦਾ ਹੈ, ਅੱਠ ਸਿਧਾਂਤਾਂ ਦਾ ਮਾਰਗ, ਆਤਮ ਸਿੱਧੀ ਦਾ ਇਕ ਪ੍ਰਕੈਟੀਕਲ ਤਰੀਕਾ ਇਸ ਦੇ ਅੱਠ ਅੰਗ ਹਨ - ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤੀਆਹਾਰ, ਧਰਨਾ, ਧਿਆਨ ਤੇ ਸਮਾਧੀ ਪਹਿਲੇ ਪੰਜ ਅੰਗ ਬਾਹਰੀ ਅੰਗ ਹਨ ਤੇ ਪਿਛਲੇ ਤਿੰਨ ਅੰਦਰ ਦੇ ਹਨ। ਯਮ ਨਿਯਮ ਯੋਗਾ ਦੇ ਸਦਾਚਾਰ ਨਿਯਮ ਹਨ ਜਿਨ੍ਹਾਂ ਨਾਲ ਤੁਸੀਂ ਠੀਕ ਕਿਸਮ ਦੀਆਂ ਬਿਰਤੀਆਂ ਚਲਾ ਸਕਦੇ ਹੋ ਉਨ੍ਹਾਂ ਦੇ ਵਿਕਾਸ ਵਿਚ ਵਾਧਾ ਕਰ ਸਕਦੇ ਹੋ। ਆਸਨ ਜਾਂ ਕਹਿ ਲਵੋ ਬੈਠਣ ਉਠਣ ਦਾ ਢੰਗ ਸਰੀਰ ਦੀ ਅਦਾ ਇਹ ਸਰੀਰ ਨੂੰ ਠੀਕ ਰੱਕਣ ਲਈ ਹਨ, ਸਰੀਰ ਨੂੰ ਕਾਬੂ ਕਰਨ ਦੇ ਤਰੀਕੇ ਹਨ। ਮਨ ਨੂੰ ਸਵਸਥ ਰੱਖਣ ਲਈ ਸਰੀਰ ਦਾ ਸਵਸਥ, ਠੀਕ ਹੋਣਾ ਬਹੁਤ ਹੀ ਜ਼ਰੂਰੀ ਹੈ। ਪ੍ਰਾਣਾਯਾਮ ਪ੍ਰਾਣਾਂ ਤੇ ਕਾਬੂ ਪਾਉਣਾ ਹੈ ਜਾਂ ਕਹਿ ਲਵੋ ਜੀਵਨ ਸ਼ਕਤੀ ਤੇ ਕਾਬੂ ਪਾਉਣਾ ਹੈ, ਪ੍ਰਾਣਾਂ ਦਾ ਕਾਬੂ ਸੁਆਸਾਂ ਰਾਹੀਂ ਕੀਤਾ ਜਾਂਦਾ ਹੈ। ਮਨ ਨੂੰ ਉਦੋਂ ਹੀ ਕਾਬੂ ਕੀਤਾ ਜਾਂਦਾ ਹੈ ਜਦੋਂ ਸੁਆਸਾਂ ਤੇ ਕਾਬੂ ਹੋ ਜਾਵੇ, ਪ੍ਰਤੀਹਾਰ ਇੰਦਰੀਆਂ ਨੂੰ ਹਟਾਉਣਾ ਹੈ, ਕਾਬੂ ਕਰਨਾ ਮਨ ਦੀ ਸ਼ਾਂਤੀ ਲਈ ਇਹ ਅਤਿ ਅਵਸ਼ਕ ਹੈ।

ਅੰਦਰ ਦੇ ਅੰਗ ਮਨ ਤੇ ਕਾਬੂ ਤੇ ਵਧੇਰੇ ਕੇਂਦਰਤ ਕਰਦੇ ਹਨ, ਧਾਰਨਾ, ਇਕਾਗਰਤਾ ਹੈ, ਧਿਆਨ ਹੈ ਇਸ ਨਾਲ ਮਨ ਨੂੰ ਇਕ ਚੀਜ਼ ਤੇ ਕੇਂਦਰਤ ਕੀਤਾ ਜਾਂਦਾ ਹੈ। ਵਧੇਰੇ ਦੇਰ ਤਕ ਧਾਰਨਾ ਕਰਨ ਨਾਲ ਧਿਆਨ ਦੀ ਸਥਿਤੀ ਪੈਦਾ ਹੁੰਦੀ ਹੈ। ਮੈਡੀਟੇਸ਼ਨ ਹੁੰਦੀ ਹੈ, ਮਨ ਇਕ ਬਿੰਦੂ ਤੇ ਇਕਾਗਰ ਹੁੰਦਾ ਹੈ, ਜਦੋਂ ਧਿਆਨ ਵਧੇਰੇ ਦੇਰ ਤਕ ਰੱਖੋ ਤਾਂ ਸਮਾਧੀ ਦੀ ਸਥਿਤੀ ਆਉਂਦੀ ਹੈ ਤੇ ਆਤਮ ਸਿੱਧੀ ਪ੍ਰਾਪਤ ਹੁੰਦੀ ਹੈ। ਇਥੇ ਪਹੁੰਚ ਕੇ ਮਨ ਵਿਚਾਰ ਦੀ ਸੀਮਾ ਤੋਂ ਕਿਤੇ ਅੱਗੇ ਵਧ ਜਾਂਦਾ ਹੈ। ਮਨੁੱਖ ਆਤਮਾ ਤੇ ਪਹੁੰਚ ਜਾਂਦਾ ਹੈ। ਆਤਮ ਪ੍ਰਕਾਸ਼ ਹੋ ਜਾਂਦਾ ਹੈ। ਏਸੇ ਅਵਸਥਾ ਨੂੰ ਸਤਿ ਚਿੱਤ ਅਨੰਦ ਦੀ ਅਵਸਥਾ ਕਹਿੰਦੇ ਹਨ ਜਾਂ ਕਹਿ ਲਓ ਕਿ ਹੋਂਦ ਦੀ, ਚੇਤਨਾ ਤੇ ਅਨੰਦ ਦਾ ਅਹਿਸਾਸ ਹੁੰਦਾ ਹੈ। ਆਪਣੀਆਂ ਹੋਂਦਾਂ ਦਾ ਵਿਸਤਾਰ ਕਰਕੇ ਤੁਸੀਂ ਉਸ ਸਤਿ ਦਾ ਵਿਸ਼ਵ ਸਤਿ ਦਾ ਹਿੱਸਾ ਬਣਦੇ ਹੋ।

ਰਾਜ ਯੋਗ ਵਾਸਤਵ ਵਿਚ ਇਕ ਵਿਗਿਆਨਕ ਤੇ ਤਰਤੀਬਵਾਰ ਉਹ ਗਿਆਨ ਹੈ ਜਿਹੜਾ ਤੁਹਾਨੂੰ ਅੰਤਮ ਸਤਿ ਤਕ ਲੈ ਜਾਂਦਾ ਹੈ। ਬਹੁਤ ਸਾਰੇ ਮਜ਼ਹਬ ਦਸਦੇ ਹਨ ਕੀ ਕਰਨਾ ਚਾਹੀਦਾ ਹੈ ਕੀ ਕੀਤਾ ਜਾਵੇ। ਰਾਜ ਯੋਗ ਦਸਦਾ ਹੈ ਕਿਵੇਂ ਕਰਨਾ ਚਾਹੀਦਾ ਹੈ। ਮਜ਼ਹਬਾਂ ਦੀ ਤਰ੍ਹਾਂ ਰਾਜ ਯੋਗ ਇਕ ਨਿਰਸੰਦੇਹ ਸ਼ਰਧਾ, ਵਿਸ਼ਵਾਸ਼ ਨਹੀਂ ਥੋਪਦਾ, ਰਾਜ ਯੋਗ ਇਕ ਵਿਵੇਕ ਪੈਦਾ ਕਰਦਾ ਹੈ ਤੇ ਅੰਤ ਵਿਚ ਮੁਕਤ ਕਰ ਦਿੰਦਾ ਹੈ।

ਰਾਜ ਯੋਗ ਦੇ ਮਾਰਗ ਤੇ ਚੱਲ ਕੇ ਮਨੁੱਖ ਮਹਿਸੂਸ ਕਰ ਸਕਦਾ ਹੈ ਕਿ ਮਨੁੱਖ ਵਾਸਤਵ ਵਿਚ ਰੱਬ ਦਾ ਹੀ ਅੰਸ਼ ਹੈ, ਇਹ ਕੋਈ ਪੁਰਾਣੀ ਗੁਪਤ ਪੂਰਬੀ ਫਿਲੌਸਫੀ ਨਹੀਂ ਵਾਸਤਵ ਵਿਚ ਇਹ ਇਕ ਪ੍ਰੈਕਟੀਕਲ, ਵਿਗਿਆਨਕ ਕ੍ਰਮਬੱਧ, ਉਸ ਇਕ ਅਸੀਮ ਦੀ ਖੋਜ ਹੈ ਜਿਹੜਾ ਪਰਮ ਸਤਿ ਹੈ, ਸੱਤ ਸੀ ਤੇ ਸੱਤ ਸਦਾ ਹੀ ਰਹੇਗਾ। ਜਿਹੜਾ ਅੱਜ ਦੇ ਸਮੇਂ ਦੀ ਲੋੜ ਹੈ ਪੂਰਬ ਵਿਚ ਵੀ ਤੇ ਪੱਛਮ ਵਿਚ ਵੀ। ਰਾਜ ਯੋਗ ਨੂੰ ਅੱਜ ਦੀ ਸਿਖਿਆ ਦਾ ਭਾਗ ਬਣਾ ਕੇ ਅਸੀਂ ਬਹੁਤ ਸਾਰੇ ਦਵੰਦ, ਨਿਰਾਸਤਾ, ਹਫੜਾ ਦਫੜੀ ਅਸ਼ਾਂਤੀ ਜਿਹੜੇ ਅੱਜ ਦੇ ਸਮਾਜ ਦਾ ਹਿੱਸਾ ਬਣ ਚੁੱਕੇ ਹਨ ਉਨ੍ਹਾਂ ਨਾਲ ਸਿਝਣ ਲਈ ਤਿਆਰ ਕਰਦਾ ਹੈ। ਯੋਗ ਨਾਲ ਮਨੁੱਖ ਆਪਣੇ ਪੂਰੇ ਗੁਣਾਂ ਦਾ ਵਿਸਤਾਰ ਕਰ ਸਕਦਾ ਹੈ, ਆਪਣੇ ਵਿਚਾਰ, ਆਪਣੇ ਕਰਮ ਸਕਾਰਆਤਮਕ ਬਣਾ ਸਕਦਾ ਹੈ। ਸਭ ਤੋਂ ਉਤਮ ਗੱਲ ਹੈ ਕਿ ਯੋਗ ਨਾਲ ਮਨੁੱਖ ਆਪਣੀਆਂ ਸਾਰੀਆਂ ਸੀਮਾਵਾਂ ਲੰਘ ਕੇ ਆਪਣੇ ਆਪ ਤਕ ਪਹੁੰਚ ਸਕਦਾ ਹੈ।

## ਯੋਗਾ ਕੀ ਹੈ?

ਯੋਗ ਸ਼ਬਦ ਦੀ ਵਰਤੋਂ ਬਹੁਤ ਕੀਤੀ ਜਾਂਦੀ ਹੈ ਤੇ ਇਹ ਸ਼ਬਦ ਨੂੰ ਬਹੁਤ ਤਰ੍ਹਾਂ ਨਾਲ ਗਲਤ ਵੀ ਸਮਝਿਆ ਜਾਂਦਾ ਹੈ, ਅੱਜ ਦੇ ਸਮੇਂ ਵਿਚ ਇਹ ਸ਼ਬਦ ਇਕ ਲੋਕਾਂ ਦੀ ਧੁਨ ਵੀ ਹੈ ਉਨ੍ਹਾਂ ਦਾ ਖਬਤ ਵੀ ਹੈ ਇਸ ਨੂੰ ਇਕ ਖਬਤ ਇਕ ਵਹਿਮ ਦੇ ਦਰਜੇ ਤਕ ਪਹੁੰਚਾ ਦਿਤਾ ਗਿਆ ਹੈ। ਯੋਗ ਦੇ ਨਾਮ ਤੇ ਬਹੁਤ ਸਾਰੀਆਂ ਅਧੂਰੀਆਂ ਸਿਖਿਆ ਤੇ ਬਹੁਤ ਸਾਰੀਆਂ ਗਲਤ ਗੱਲਾਂ ਦਾ ਵੀ ਪ੍ਰਚਾਰ ਕੀਤਾ ਗਿਆ ਹੈ। ਯੋਗਾ ਨੂੰ ਇਕ ਵਪਾਰਕ, ਵਿਹਾਰਕ ਦਰਜਾ ਦੇ ਕੇ ਇਸਦਾ ਦੁਰਉਪਯੋਗ ਵੀ ਕੀਤਾ ਗਿਆ ਹੈ ਇਸ ਦਾ ਸ਼ੋਸ਼ਣ ਵੀ ਕੀਤਾ ਗਿਆ ਹੈ। ਯੋਗਾ ਦਾ ਇਕ ਛੋਟਾ ਜਿਹਾ ਭਾਗ ਲੈ ਕੇ ਉਸ ਨੂੰ ਹੀ ਪੂਰਾ ਸੰਪੂਰਣ ਸਮਝਿਆ ਗਿਆ ਹੈ। ਮਿਸਾਲ ਵਜੋਂ ਪੱਛਮ ਵਿਚ ਸਮਝਿਆ ਜਾਂਦਾ ਹੈ ਕਿ ਯੋਗਾ ਕੇਵਲ ਸਰੀਰ ਦੀ ਸੁੰਦਰਤਾ ਨਾਲ ਹੀ ਸਬੰਧਤ ਹੈ, ਦੂਸਰੇ ਸੋਚਦੇ ਹਨ ਇਹ ਇਕ ਮਜ਼ਹਬ ਹੈ, ਇਨ੍ਹਾਂ ਸਾਰੀਆਂ ਗੱਲਾਂ ਕਰਕੇ ਯੋਗਾ ਦਾ ਵਾਸਤਵਿਕ ਅਰਥ ਤਾਂ ਧੁੰਦਲਾ ਪੈ ਗਿਆ ਹੈ ਅਸਪਸ਼ਟ ਹੋ ਗਿਆ ਹੈ। ਮੈਂ ਕੋਸ਼ਿਸ਼ ਕਰਦਾ ਹਾਂ ਤੁਹਾਨੂੰ ਯੋਗਾ ਦੇ ਸਹੀ ਵਾਸਤਵਿਕ ਅਰਥ ਦੱਸਣ ਦੀ। ਯੋਗਾ ਕੀ ਹੈ?

ਯੋਗ ਇਕ ਕਰਮਬੱਧ ਵਿਗਿਆਨ ਹੈ ਇਸ ਦੀ ਸਿਖਿਆ ਬਹੁਤ ਸਾਰੇ ਮਜ਼ਹਬਾਂ ਦਾ ਹਿੱਸਾ ਹੈ, ਪਰ ਆਪਣੇ ਆਪ ਵਿਚ ਯੋਗਾ ਕੋਈ ਮਜ਼ਹਬ ਨਹੀਂ ਹੈ। ਬਹੁਤ ਸਾਰੇ ਮਜ਼ਹਬ ਦਸਦੇ ਹਨ ਕਿ ਕੀ ਕਰਨਾ ਚਾਹੀਦਾ ਹੈ ਪਰ ਯੋਗਾ ਦਸਦਾ ਹੈ ਕਿਵੇਂ ਕਰਨਾ ਚਾਹੀਦਾ ਹੈ। ਯੋਗਾ ਇਕ ਅਭਿਆਸ ਹੈ ਬਹੁਤ ਸਾਰੀਆਂ ਪੁਰਾਤਨ, ਗ੍ਰੰਥਾਂ ਵਿਚ ਕਿਸੇ ਨਾ ਕਿਸੇ ਭਾਸ਼ਾ ਵਿਚ ਕਿਸੇ ਸੰਕੇਤਕ ਰੂਪ ਵਿਚ, ਪ੍ਰਤੀਕਾਤਮਕ ਰੂਪ ਵਿਚ ਦਸਿਆ ਗਿਆ ਹੈ। ਈਸਾਈਆਂ ਦੀ Book of Genesis ਤੇ Revelations ਵਿਚ ਇਹੋ ਜਿਹੀਆਂ ਸਿਖਿਆ ਦਿਤੀਆਂ ਗਈਆਂ ਹਨ Book of Psalms ਵਿਚ ਵੀ ਇਹੋ ਜਿਹੇ ਸੰਕੇਤ ਮਿਲਦੇ ਹਨ ਯੋਗਾ ਦੇ ਬਾਰੇ ਮੈਡੀਟੇਸ਼ਨ ਦੇ ਬਾਰੇ ਦਸਿਆ ਗਿਆ ਹੈ। 119, 15, 23, 48, 78, 97 ਤੇ 148 ਸਤੋਤਰ ਵਿਚ ਮੈਡੀਟੇਸ਼ਨ ਬਾਰੇ ਦਸਿਆ ਗਿਆ ਹੈ। ਯੋਗ ਫਿਲੋਸਫੀ ਭਾਵ ਸਾਂਖਿਆਨ ਫਿਲੋਸਫੀ ਤੇ ਜੂਡਾ (Judism) ਫਿਲੋਸਫੀ ਵਿਚ ਬਹੁਤ ਹੀ ਸਮਾਨਤਾ ਹੈ। ਮਿਸਾਲ ਵਜੋਂ ਸ੍ਵਾਸ ਦੀ ਕ੍ਰਿਆ ਦਾ ਵਿਗਿਆਨਕ ਅਧਾਰ ਕਬਾਲਾਹ (Kaballah) ਵਿਚ ਦਸਿਆ ਗਿਆ ਹੈ, ਉਸ ਵਿਚ ਸ੍ਵਾਸਾਂ ਤੇ ਆਤਮਾ ਦਾ ਸਬੰਧ ਦਸਿਆ ਗਿਆ ਹੈ।

ਈਸਾਈ ਪਰੰਪਰਾ ਵਿਚ ਸੰਤ ਫਰਾਂਸਿਸ ਇਕ ਬਹੁਤ ਵੱਡੇ ਯੋਗੀ ਹੋਏ ਹਨ, ਸੰਤ ਬਰਨਾਰਡ, ਸੰਤ ਟਰੀਸਾ, ਸੰਤ ਜੌਨ ਇਹ ਸਾਰੇ ਈਸਾਈ ਮੱਤ ਦੇ ਯੋਗੀ ਹੋਏ ਹਨ, ਸੰਸਾਰ ਦੇ ਸਾਰੇ ਜੋਗੀ, ਰਹੱਸਮਈ ਜਿੰਨੇ ਵੀ ਹੋਏ ਹਨ ਸਭ ਨੇ ਯੋਗਾ ਅਭਿਆਸ ਕੀਤਾ ਹੈ, ਸਮਾਂ ਲੰਘਣ ਨਾਲ ਇਹ ਭਾਸ਼ਾ ਇਹ ਯੋਗਾ ਅਭਿਆਸ ਇਸ ਦਾ ਆਦਿ, ਵਿਆਖਿਆ ਬਦਲਦੇ ਗਏ, ਇਸ ਦਾ ਵਾਸਤਵਿਕ ਅਰਥ ਜਿਵੇਂ ਕਿਤੇ ਅਲੋਪ ਹੋ ਗਿਆ ਹੋਵੇ ਤੇ ਇਹ ਇਕ ਕਰਮਕਾਂਡ ਬਣ ਕੇ ਰਹਿ ਗਿਆ, ਸਭ ਕੁਝ ਯੋਗ ਸਿਖਿਆ ਇਹ ਸਭ ਵਾਸਤਵ ਯੋਗ ਪ੍ਰਣਾਲੀ ਹੈ ਕੁਝ ਯੋਗੀਆਂ ਨੇ ਇਸ ਨੂੰ ਪੂਰੀ ਤਰ੍ਹਾਂ ਸਾਂਭ ਕੇ ਰੱਖਿਆ ਹੈ। ਯੋਗ ਕੋਈ ਪੁਰਾਤਨ ਗੁੱਝੀ ਫਿਲੋਸਫੀ ਨਹੀਂ ਹੈ, ਇਕ ਪ੍ਰੈਕਟੀਕਲ ਕਰਮਬੱਧ ਉਹ ਵਿਗਿਆਨ ਹੈ, ਜੋ ਉਸ ਸਤਿ ਦੀ ਖੋਜ ਲਈ ਅੱਜ ਵੀ ਓਨਾਂ ਹੀ ਢੁਕਵਾਂ ਹੈ ਜਿੰਨਾ ਪੁਰਾਤਨ ਸਮੇਂ ਸੀ ਤੇ ਪੱਛਮ ਵਿਚ ਵੀ ਓਨਾ ਹੀ ਅਨੁਕੂਲ ਹੈ ਜਿੰਨਾਂ ਪੂਰਬ ਵਿਚ।

ਯੋਗਾ ਦਾ ਆਦਿ ਕਦੋਂ ਤੋਂ ਹੋਇਆ ਇਹ ਕੋਈ ਨਿਸ਼ਚਿਤ ਰੂਪ ਵਿਚ ਨਹੀਂ ਕਿਹਾ ਜਾ ਸਕਦਾ, ਹਜ਼ਾਰਾਂ ਸਾਲ ਪਹਿਲਾਂ ਇਸ ਦਾ ਸ਼ੁਰੂ ਇਲਾਹੀ ਹੀ ਦੱਸਿਆ ਜਾਂਦਾ ਹੈ। ਭਾਰਤ ਹੀ ਯੋਗਾ ਦੀ ਜਨਮ ਭੂਮੀ ਹੈ, ਇਥੇ ਹੀ ਇਸ ਦੀ ਸਿਖਿਆ ਆਪਣੇ ਆਦਿ ਰੂਪ ਵਿਚ ਸਾਂਭ ਕੇ ਰੱਖੀ ਗਈ ਹੈ। ਇਹ ਸਿਖਿਆ ਇਥੇ ਗੁਰੂ ਤੋਂ ਸ਼ਿਸ਼ ਨੂੰ ਉਨ੍ਹਾਂ ਦੇ ਮੁਖਾਰਬਿੰਦ ਤੋਂ ਹੀ ਮਿਲਦੀ ਆਈ ਹੈ। ਯੋਗ ਸਿਖਿਆ ਨੂੰ ਪੰਤਾਜਲ ਨੇ 200 B.e ਵਿਚ ਕਰਮਬੱਧ ਕੀਤਾ, ਨਿਯਮਬੱਧ ਕੀਤਾ ਇਸ ਦੇ 196 ਅਖਾਣ ਹਨ ਕਹਿ ਲਓ ਕਹਾਣ ਹਨ ਜਾਂ ਸੂਤਰ ਕਹਿ ਲਓ। ਕਈ ਹੱਥ ਲਿਖਤਾਂ ਹਨ ਜਿਨ੍ਹਾਂ ਦਾ ਅਜੇ ਤਰਜਮਾ ਹੀ ਨਹੀਂ ਕੀਤਾ ਗਿਆ, ਜਿਨ੍ਹਾਂ ਨੂੰ ਅਜੇ ਪੜ੍ਹਿਆ ਹੀ ਨਹੀਂ ਜਾ ਸਕਦਾ ਕਿਉਂਕਿ ਉਹ ਅਜੇ ਨਾ ਹਿੰਦੀ, ਨਾ ਅੰਗ੍ਰੇਜ਼ੀ ਵਿਚ ਹਨ, ਪੰਤਾਜਲ ਦੇ ਸੂਤਰਾਂ ਤੇ ਵਿਆਖਿਆ ਉਪਰਲਬਧ ਹੈ ਜਿਵੇਂ ਕਿ ਵਿਆਸ-ਭਾਸ਼ਆ ਜਾਂ ਵਾਚਸ ਪਤੀ ਮਿਸ਼ਰਾ।

ਯੋਗਾ ਦੀ ਕੇਂਦਰ ਸਿਖਿਆ ਹੈ ਕਿ ਮਨੁੱਖ ਵਾਸਤਵ ਵਿਚ ਈਸ਼ਵਰ ਦਾ ਹੀ ਅੰਗ ਹੈ, ਪੂਰਣ ਹੈ, ਪਵਿੱਤਰ ਹੈ, ਅਸੀਮ ਹੈ, ਪਰ ਉਹ ਇਸ ਪਵਿੱਤਰਤਾ ਤੋਂ ਜਾਣੂੰ ਹੀ ਨਹੀਂ ਕਿਉਂਕਿ ਉਹ ਤਾਂ ਸੰਸਾਰਕ ਮਾਇਆ ਵਿਚ ਹੀ ਉਲਝਿਆ ਪਿਆ ਹੈ ਉਹ ਆਪਣੇ ਆਪ ਨੂੰ ਕੇਵਲ ਸਰੀਰ ਮਨ ਤੇ ਸੰਸਾਰਕ ਪਦਾਰਥ ਹੀ ਸਮਝਦਾ ਹੈ। ਇਸ ਮਾਇਆ ਵਿਚ ਉਲਝੇ ਹੋਣ ਕਾਰਣ ਉਹ ਆਪਣੇ ਆਪ ਨੂੰ ਅਧੂਰਾ ਸਮਝਦਾ ਹੈ, ਦੁਖਾਂ ਸੰਤਾਪਾਂ ਵਿਚ ਡੁੱਬਿਆ ਪਿਆ ਹੈ, ਜਨਮ ਮਰਣ ਦੇ ਚੱਕਰ ਵਿਚ ਪਿਆ ਹੋਇਆ ਹੈ ਤੇ ਉਹ ਸਮੇਂ, ਪੁਲਾੜ ਤੇ ਕਾਰਣ ਵਿਚ ਫਸਿਆ ਪਿਆ ਹੈ, ਯੋਗਾ ਦੇ ਤਰੀਕੇ ਨਾਲ ਮੈਡੀਟੇਸ਼ਨ ਕਰਕੇ, ਮਨੁੱਖ ਅਗਿਆਨਤਾ ਤੋਂ ਛੁਟਕਾਰਾ ਪਾ ਸਕਦਾ ਹੈ ਉਹ ਆਪਣੇ ਸੱਚੇ ਤੇ ਵਾਸਤਵਿਕ ਰੂਪ ਤਕ ਪਹੁੰਚ ਸਕਦਾ ਹੈ, ਉਹ ਰੂਪ ਜੋ ਪ੍ਰਮਾਤਮਾ ਹੀ ਹੈ ਜਿਹੜਾ ਪਵਿੱਤਰ ਹੈ ਤੇ ਸਾਰੀਆਂ ਤਰੁੱਟੀਆਂ ਤੋਂ ਰਹਿਤ ਹੈ। ਸੰਸਕ੍ਰਿਤ ਦਾ ਇਹ ਯੋਗਾ ਸ਼ਬਦ ਯੁੱਗ ਤੋਂ ਆਇਆ ਹੈ ਜਿਸ ਦਾ ਅਰਥ ਹੈ ਜੋੜਨਾਂ ਦੋ ਪੱਖਾਂ ਨੂੰ ਦੋ ਚੀਜ਼ਾਂ ਨੂੰ ਜੋੜਨਾ, ਇਕੱਠਾ ਕਰਨਾ, ਯੋਗ ਮਨੁੱਖ ਨੂੰ ਜੋੜਦੀ ਹੈ, ਮਨੁੱਖ ਨੂੰ ਆਤਮਾ ਨਾਲ ਜੋੜਦਾ ਹੈ ਤੇ ਪ੍ਰਮਾਤਮਾ ਨਾਲ ਜੋੜਦਾ ਹੈ। ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਨਾ ਉਸ ਇਕ ਪਰਮ ਸਤਿ ਨਾਲ ਜੋੜਨਾ ਇਹ ਹੀ ਸਿਧਾਂਤ ਬਾਈਬਲ ਵਿਚ ਦਿਤਾ ਗਿਆ ਹੈ ਤੇ yoke ਸ਼ਬਦ ਦੀ ਵਰਤੋਂ ਕੀਤੀ ਗਈ ਹੈ ਭਾਵ ਹੈ ਇਹ ਰਹੱਸਵਾਦੀ ਦੀ ਮੇਲ ਕਿ ਰਹੱਸਵਾਦੀ ਸਬੰਧ, ਜੋੜ।

ਅੱਜ ਦਾ ਯੁੱਗ ਮਸ਼ੀਨ ਦਾ ਯੁੱਗ ਹੈ ਬਹੁਤ ਤਾਣ ਨੇ ਬਣਾਇਆ ਪਿਆ ਹੈ ਤੇ ਇਸੇ ਲੋਭ ਲੱਗ ਕੇ ਬਹੁਤ ਸਾਰਾ ਸਮਾਂ ਅਜਾਈ ਗਵਾਇਆ ਜਾਂਦਾ ਹੈ, ਹੋਰ ਹਥਿਆਰਾਂ ਦੀ ਖੋਜ ਕੀਤੀ ਜਾ ਰਹੀ ਹੈ, ਤਬਾਹੀ ਕੀਤੀ ਜਾ ਰਹੀ

ਹੈ, ਟੈਕਨੋਲੋਜੀ ਨੇ ਵੀ ਬਹੁਤ ਹੀ ਵਧੇਰੇ ਤਰੱਕੀ ਕੀਤੀ ਹੈ ਪਰ ਮਨੁੱਖ ਨੇ ਤਰੱਕੀ ਨਹੀਂ ਕੀਤੀ, ਬਿਜਲੀ ਪੈਦਾ ਕੀਤੀ ਹੈ। ਆਟੋਮੈਟਿਕ ਤਾਕਤ ਪੈਦਾ ਕੀਤੀ ਜਾਂਦੀ ਹੈ, ਇਹ ਸਭ ਕੁਝ ਮਨੁੱਖ ਨੇ ਕੀਤਾ ਹੈ ਪਰ ਆਪਣੇ ਆਪ ਤੇ ਕਾਬੂ ਨਹੀਂ ਪਾਇਆ ਨਾ ਪਾਉਣਾ ਸਿਖਿਆ ਹੈ, ਆਪਣਾ ਮਨ ਕਾਬੂ ਕਰਨਾ, ਆਪਣੀਆਂ ਇੰਦਰੀਆਂ ਤੇ ਕਾਬੂ ਕਰਨਾ ਮਨੁੱਖ ਨੇ ਨਹੀਂ ਸਿਖਿਆ। ਆਟੋਮੈਟਿਕ ਹਥਿਆਨਾ ਦਾ ਖਤਰਾ ਉਨ੍ਹਾਂ ਦੀ ਤਬਾਹੀ ਤੋਂ ਨਹੀਂ ਹੈ ਖਤਰਾ ਹੈ ਮਨੁੱਖ ਦੇ ਬੇਲਗਾਮ ਮਨ ਤੋਂ ਜਿਹੜੇ ਪ੍ਰਤਿਭਾ, ਤਾਣ ਨਾਲ ਬਿਲਕੁਲ ਖਰਾਬ ਹੋਏ ਪਏ ਹਨ।

ਮਨੁੱਖ ਦਾ ਸਾਰਾ ਤਾਣ ਸਾਰਾ ਜ਼ੋਰ ਬਾਹਰੀ ਸੰਸਾਰ ਵਲ ਹੀ ਰਿਹਾ ਹੈ, ਉਸ ਦੇ ਅੰਦਰ ਦੇ ਸੰਸਾਰ ਵਿਚ ਤਾਂ ਬਹੁਤ ਹੀ ਥੋੜ੍ਹਾ ਬਦਲਾ ਆਇਆ ਹੈ, ਮਨੁੱਖ ਦੀ ਮੂਲ ਪ੍ਰਵਿਰਤੀਆਂ, ਪ੍ਰੇਰਨਾਵਾਂ, ਮਨੋਵੇਗ, ਆਵੇਗ, ਸੋਚ, ਕਰਮ ਇੰਨੇ ਹੀ ਪ੍ਰਾਚੀਨ ਹਨ ਜਿੰਨੇ ਕਦੀ ਪਹਿਲਾਂ ਸੀ ਜਦੋਂ ਐਨੀ ਤਰੱਕੀ ਨਹੀਂ ਹੋਈ ਸੀ। ਮਨੁੱਖ ਤਾਂ ਅਗਿਆਨਤਾ ਵਿਚ ਲਿਪਟਿਆ ਪਿਆ ਹੈ, ਅਗਿਆਨਤ ਦੇ ਕਾਰਣ ਉਹ ਬੇਚੈਨ ਹੈ, ਸੰਸਾਰਕ ਪਦਾਰਥਾਂ ਵਿਚ ਉਲਝਿਆ ਹੋਇਆ ਹੈ, ਵਿਅਕਤੀਵਾਦ ਵਿਚ ਖਪਿਆ ਹੋਇਆ ਹੈ, ਵਾਸ਼ਨਾਵਾਂ ਵਿਚ ਪਿਆ ਹੈ, ਹਿੰਸਾ ਬਖੇੜਿਆਂ, ਝਗੜਿਆਂ ਵਿਚ ਉਲਝਿਆ ਪਿਆ ਹੈ।

ਮਨੁੱਖ ਅਗਿਆਨ ਭਰਪੂਰ ਹੋਣ ਕਰਕੇ ਧਨ ਦੌਲਤ ਦੇ ਪਿਛੇ ਲੱਗਿਆ ਹੋਇਆ ਹੈ, ਘੋਟਿਆ ਦੇ ਪਿਛੇ ਦੌੜ ਰਿਹਾ ਹੈ, ਸੱਤਾ ਲਈ ਬੇਚੈਨ ਹੈ, ਪਰ ਇਨ੍ਹਾਂ ਨਾਸ਼ਵਾਨ ਪਦਾਰਥਾਂ ਤੋਂ ਉਸ ਨੂੰ ਕੋਈ ਖੁਸ਼ੀ ਪ੍ਰਾਪਤ ਨਹੀਂ ਹੋ ਸਕਦੀ ਇਹ ਸਭ ਕੁਝ ਛਿਨ ਭੰਗਰ ਹੈ, ਨਾਸ਼ਵਾਨ ਹੈ। ਮਨੁੱਖ ਦੀਆਂ ਇਛਾਵਾਂ ਕਦੀ ਵੀ ਖਤਮ ਹੋਣ ਵਾਲੀਆਂ ਨਹੀਂ, ਹੇ ਮਨੁੱਖ ਸਦਾ ਹੀ ਅਸੰਤੁਸ਼ਟ ਰਹਿੰਦਾ ਹੈ, ਕਦੀ ਤ੍ਰਿਪਤ ਹੁੰਦਾ ਹੀ ਨਹੀਂ, ਇਕ ਰੁਪਏ ਦੀ ਖੁਸ਼ੀ ਇਕ ਰੁਪਏ ਦਾ ਮਜ਼ਾ ਉਹ ਨੜਿਨਵੇਂ ਰੁਪਏ ਦੇ ਦੁਖ ਨਾਲ, ਡਰ ਨਾਲ ਤੇ ਚਿੰਤਾਵਾਂ ਨਾਲ ਭਰ ਲੈਂਦਾ ਹੈ, ਸੱਚੀ ਖੁਸ਼ੀ, ਅੰਦਰ ਦੀ ਸਾਂਤੀ ਤੇ ਸਬਰ ਜਿਵੇਂ ਉਸ ਦੇ ਅੱਗੇ ਐਵੇਂ ਹੀ ਖਿਸਕ ਜਾਂਦੇ ਹਨ। ਰੱਜੇ ਪੁੱਜੇ ਸਮਾਜ ਵਿਚ ਭਾਈਚਾਰੇ ਵਿਚ ਬਹੁਤ ਸਾਰੇ ਇਹੋ ਜਿਹੇ ਲੋਕ ਹਨ, ਜਿਨ੍ਹਾਂ ਕੋਲ ਖਾਣ ਪੀਣ ਜੋਗਾ ਕਾਫੀ ਹੈ, ਜਿਨ੍ਹਾਂ ਕੋਲ ਹਰ ਤਰ੍ਹਾਂ ਦਾ ਆਰਾਮ ਹੈ, ਐਸ਼ ਦਾ ਸਾਰਾ ਸਾਜੋ ਸਮਾਨ ਵੀ ਹੈ, ਘੋਟਾ ਹੈ, ਸੱਤਾ ਹੈ ਹਰ ਤਰ੍ਹਾਂ ਦੀ ਪ੍ਰਤਿਭਾ ਹੈ ਸਮਾਜ ਵਿਚ ਸਥਾਨ ਵੀ ਪ੍ਰਾਪਤ ਹੈ, ਕੰਮ ਕਾਜ ਵਿਚ ਚੰਗੇ ਕਹਿੰਦੇ ਸੁਣਦੇ ਬੰਦੇ ਹਨ, ਘਰ ਪਰਿਵਾਰ ਵੀ ਬਹੁਤ ਹੀ ਸੋਹਣਾ ਹੈ ਪਰ ਅਜੇ ਵੀ ਉਨ੍ਹਾਂ ਨੂੰ ਸਬਰ, ਸੰਤੋਖ ਨਹੀਂ ਉਹ ਹਾਲੇ ਵੀ ਹੋਰ ਕੁਝ ਚਾਹੁੰਦੇ ਹਨ, ਭਾਲਦੇ ਹਨ। ਸਭ ਕੁਝ ਹੋਣ ਦੇ ਉਪਰੰਤ ਵੀ ਉਨ੍ਹਾਂ ਦੇ ਜੀਵਨ ਵਿਚ ਕੋਈ ਕਮੀ ਹੈ, ਕੋਈ ਘਾਟ ਹੈ ਤੇ ਉਹ ਸਦਾ ਹੀ ਉਸ ਕਮੀ ਦੀ ਭਾਲ ਵਿਚ ਲੱਗੇ ਰਹਿੰਦੇ ਹਨ ਤੇ ਉਸ ਘਾਟ ਨੂੰ ਬਾਹਰੀ ਸੰਸਾਰ ਤੋਂ ਪੂਰੀ ਕਰਨ ਦੀ ਸੋਚਦੇ ਹਨ। ਇਹ ਗੱਲ ਉਹ ਬਿਲਕੁਲ ਵੀ ਨਹੀਂ ਜਾਣਦੇ ਕਿ ਕਮੀ ਹੈ ਤੇ ਅੰਦਰ ਦੀ ਸਾਂਤੀ ਦੀ ਘਾਟ ਹੈ ਤੇ ਅੰਦਰ ਦੀ ਸੰਤੁਸ਼ਟੀ ਦੀ ਜਿਹੜੀ ਉਹ ਬਾਹਰ ਢੂੰਡ ਰਹੇ ਹਨ ਤੇ ਬਾਹਰੋਂ ਉਹ ਕਦੇ ਵੀ ਨਹੀਂ ਮਿਲ ਸਕਦੀ ਉਹ ਵਸਤ ਤਾਂ ਬਾਹਰ ਹੈ ਹੀ ਨਹੀਂ ਬਹੁਤ ਹੀ ਥੋੜ੍ਹੇ ਇਹ ਜਾਣਦੇ ਹਨ ਕਿ ਖੁਸ਼ੀ ਤਾਂ ਮਨ ਦੀ ਅਵਸਥਾ ਹੈ, ਸੰਸਾਰ ਦੇ ਰੌਲੇ ਗੌਲੇ ਵਿਚ ਖਪ ਖਾਨੇ ਵਿਚ ਕੋਲਾਹਲ ਵਿਚ ਕੁਝ ਸ਼ਾਂਤੀ ਦੀਆਂ ਘੜੀਆਂ ਉਦੋਂ ਹੀ ਪ੍ਰਾਪਤ ਹੋ ਸਕਦੀਆਂ ਹਨ ਜਦੋਂ ਇਨ੍ਹਾਂ ਛਿਨ ਭੰਗਰ ਦੇ ਆਰਾਮ ਐਸ਼ ਤੋਂ ਉਪਰ ਉਠ ਕੇ ਉਪਰ ਦੀਆਂ ਰਹੱਸਮਈ ਮੰਜ਼ਲਾਂ ਤੇ ਪਹੁੰਚਦਾ ਹੈ ਉਨ੍ਹਾਂ ਦੀ ਲਪੇਟ ਵਿਚ ਆਉਂਦਾ ਹੈ ਉਸ ਇਲਾਹੀ ਪਕੜ ਦੀ ਛੋਹ ਪ੍ਰਾਪਤ ਕਰਦਾ ਹੈ ਉਨ੍ਹਾਂ ਕੁਝ ਘੜੀਆਂ ਵਿਚ ਹਰ ਮਨੁੱਖ ਇਕ ਚਿੰਤਕ ਹੁੰਦਾ ਹੈ ਇਕ ਦਾਰਸ਼ਨਿਕ ਹੁੰਦਾ ਹੈ ਫੇਰ ਉਹ ਸੱਤ ਦੀ ਭਾਲ ਕਰਨ ਲਗ ਪੈਂਦਾ ਹੈ ਤੇ ਵਿਵੇਕ ਬੁੱਧ ਦੀ ਉਸ ਤੇ ਕ੍ਰਿਪਾ ਹੋ ਜਾਂਦੀ ਹੈ। ਜਿਵੇਂ ਭਾਈ ਵੀਰ ਸਿੰਘ ਜੀ ਨੇ ਫੁਰਮਾਇਆ, "ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ, ਵਲਵਲੇ ਦੇ ਦੇਸ਼ ਸਾਡੀਆਂ ਲਗ ਗਈਆਂ ਯਾਰੀਆਂ।" ਜੇ ਇਹੋ ਜਿਹਾ ਮਨੁੱਖ ਮੈਡੀਟੇਸ਼ਨ ਅਪਣਾਅ ਲਵੇ, ਜੀਵਨ ਹੀ ਮੈਡੀਟੇਸ਼ਨ ਬਣਾ ਲਵੇ, ਨਿਸ਼ਚੇ ਹੀ ਸੰਸਾਰ ਦੇ ਰੌਲੇ ਰੱਪੇ ਵਿਚ ਉਹ ਗਿਆਨ ਦੀ ਪ੍ਰਾਪਤੀ ਕਰਕੇ ਆਤਮ ਸਿੱਧੀ ਤਕ ਪਹੁੰਚ ਜਾਵੇਗਾ।

ਯੋਗਾ ਦਾ ਸਾਰਾ ਮਾਰਗ ਹੀ ਸਤਿ ਨੂੰ ਉਦੈ ਕਰਨ ਦਾ ਮਾਰਗ ਹੈ, ਉਸ ਇਕ ਨੂੰ, ਪਵਿੱਤਰ ਨੂੰ ਆਪਣੇ ਵਾਸਤਵਿਕ ਰੂਪ ਨੂੰ ਸਾਮ੍ਹਣੇ ਲਿਆਉਣਾ ਹੈ, ਮਨੁੱਖ ਦੀ ਆਪਣੀ ਅਸਲੀ ਮਾਨਸਿਕ ਸਥਿਤੀ ਆਪਣਾ ਰੂਪ ਜੋ ਕਿ ਪ੍ਰਮਾਤਮਾ ਦਾ ਹੀ ਰੂਪ ਹੈ। ਇਸ ਤੋਂ ਭਾਵ ਹੈ ਸਾਰੀਆਂ ਅਪਵਿੱਤਰਤਾ ਖਤਮ ਕਰਕੇ ਸਾਰੀਆਂ ਬੁਰਿਆਈਆਂ ਖਤਮ ਕਰਕੇ, ਸਾਰੀਆਂ ਭਾਵਨਾਵਾਂ ਤੇ ਸੋਚਾਂ ਨੂੰ ਖਤਮ ਕਰਕੇ ਇਕ ਪੂਰਾ ਸੰਤੁਲਨ ਇਕਸਾਰਤਾ ਦੀ ਸਥਿਤੀ ਪੈਦਾ ਕੀਤੀ ਜਾ ਸਕਦੀ ਹੈ।

ਯੋਗਾ ਦੇ ਸਾਰੇ ਤਰੀਕੇ ਆਚਾਰਕ ਹਨ, ਸਦਾਚਾਰਕ ਹਨ, ਫਲਦਾਇਕ ਹਨ, ਉਪਦੇਸ਼ਕ ਹਨ, ਪੂਰੀ ਤਰ੍ਹਾਂ ਨਾਲ ਸੰਪੂਰਨ ਹਨ ਅੱਜ ਦਾ ਸੰਸਾਰ ਇਨ੍ਹਾਂ ਨੂੰ ਅਪਣਾਅ ਕੇ ਇਕ ਨਵੇਂ, ਪ੍ਰੇਮ ਭਰੇ ਸਮਾਜ ਦਾ ਨਿਰਮਾਣ ਕਰ ਸਕਦਾ ਹੈ,

ਇਕ ਅਨੁਸਾਸ਼ਨ ਪੈਦਾ ਕਰ ਸਕਦਾ ਹੈ।

ਇਕ ਮੋਢੀ ਦੀ ਸਭ ਤੋਂ ਵੱਡੀ ਸਮਸਿਆ ਹੈ ਉਸ ਦੀ ਵਿਰਸੇ ਵਿਚ ਮਿਲੀ ਅਸ਼ਾਂਤੀ। ਮਨ ਦੀ ਅਸ਼ਾਂਤੀ, ਮਨ ਦਾ ਸੁਭਾਅ ਹੈ ਚੰਚਲਤਾ, ਦੌੜੇ ਫਿਰਨਾ। ਮੈਡੀਟੇਸ਼ਨ ਲਈ ਇਕਾਗਰ ਮਨ ਦੀ ਲੋੜ ਹੈ, ਉਹ ਮਨ ਜਿਹੜਾ ਹਰ ਤਰ੍ਹਾਂ ਦੇ ਮੋਹ ਤੋਂ ਮੁਕਤ ਹੋਵੇ, ਸੰਸਾਰਕ ਇਛਾਵਾਂ ਤੋਂ ਮੁਕਤ ਹੋਵੇ, ਲੋਭੀ ਮਨ ਮੋਹ ਵਿਚ ਡੁੱਬਿਆ ਮਨ ਯੋਗਾ ਦੇ ਸ਼ਿਸ਼ ਦਾ ਸਭ ਤੋਂ ਵੱਡਾ ਦੁਸ਼ਮਨ ਹੈ। ਚੇਤਨਾ ਦੇ ਸੂਖਮ ਸੱਤਾ ਤੇ ਪਹੁੰਚਣ ਲਈ, ਇੱਛਾ ਸ਼ਕਤੀ ਦੀ ਲੋੜ ਹੈ, ਵਿਵੇਕ ਦੀ ਲੋੜ ਹੈ, ਮਨ ਤੇ ਕਾਬੂ ਦੀ ਲੋੜ ਹੈ ਤੇ ਨਾਲ ਹੀ ਚੇਤਨਾ ਨੂੰ ਕਾਬੂ ਕਰਕੇ ਇਕ ਸਿਰੇ ਤਕ ਪਹੁੰਚਾਣ ਦੀ ਲੋੜ ਹੈ, ਇਹ ਸਭ ਕੁਝ ਉਦੋਂ ਹੀ ਹੋ ਸਕਦਾ ਹੈ ਜਦੋਂ ਤੁਸੀਂ ਦ੍ਰਿੜ੍ਹ ਸੰਕਲਪ ਕਰਕੇ ਸੰਸਾਰ ਤੋਂ ਮੋਹ ਤੋੜ ਲਵੋ ਆਪਣੇ ਹਉਮੈ ਅਹੰਕਾਰ ਨੂੰ ਬਿਲਕੁਲ ਮਿਟਾ ਦਿਓ, ਖਤਮ ਕਰ ਦਿਓ, ਸਾਰੇ ਅਸ਼ੁੱਧ ਮਾਨਸਿਕ ਵਿਚਾਰ ਸੰਵੇਗ ਖਤਮ ਕਰਕੇ, ਇਕ ਆਪਣਾ ਗੋਲ, ਇਕ ਹੀ ਨਿਸ਼ਾਨੇ ਤੇ ਕੰਮ ਕਰੋ, ਮੈਡੀਟੇਸ਼ਨ ਕਰੋ। ਇਸ ਸੂਖਮ ਚੇਤਨਾ ਤਕ ਪਹੁੰਚਣ ਲਈ ਘਰ ਬਾਰ ਛੱਡਣ ਦੀ ਲੋੜ ਨਹੀਂ, ਜੰਗਲਾਂ ਵਿਚ ਜਾਣ ਦੀ ਲੋੜ ਨਹੀਂ। ਘਰ ਵਿਚ ਰਹਿ ਕੇ ਵੀ ਤੁਸੀਂ ਮੋਹ ਤੋਂ ਮੁਕਤ ਹੋ ਸਕਦੇ ਹੋ, ਇੱਛਾ ਰਹਿਤ ਹੋ ਸਕਦੇ ਹੋ। ਸੰਸਾਰ ਦਾ ਕਾਰ ਵਿਹਾਰ ਕਰਦੇ ਹੋਏ ਵੀ ਇਸ ਸਭ ਕੁਝ ਤੋਂ ਮੁਕਤ ਹੋ ਸਕਦੇ ਹੋ। ਜੇ ਤੁਸੀਂ ਯੋਗਾ ਦਾ ਅਨੁਸਾਸ਼ਨ ਆਪਣੇ ਤੇ ਲਾਗੂ ਕਰ ਲਵੋ। ਆਪਣੇ ਜੀਵਨ ਵਿਚ ਉਤਾਰ ਲਵੋ ਉਸ ਨੂੰ ਅਪਣਾ ਕੇ ਉਸ ਅਨੁਸਾਰ ਜੀਉਣ ਲਗ ਜਾਓ ਵਾਸਤਵ ਵਿਚ ਤਿਆਗ, ਮਾਨਸਿਕ ਤਿਆਗ ਹੈ, ਇਕ ਮਾਨਸਿਕ ਸਥਿਤੀ ਹੈ, ਇਸ ਲਈ ਬਾਹਰੋਂ ਕੁਝ ਵੀ ਤਿਆਗਣ ਦੀ ਲੋੜ ਨਹੀਂ। ਇਸ ਤਿਆਗ ਦੇ ਮਾਰਗ ਤੇ ਸਫਲਤਾ ਲਈ ਅਭਿਆਸ ਦੀ ਲੋੜ ਹੈ, ਲਗਾਤਾਰ ਅਭਿਆਸ ਤੇ ਨਾਲ ਹੀ ਇਹ ਯਾਦ ਰੱਖਣ ਦੀ ਲੋੜ ਹੈ ਕਿ ਨਿਸ਼ਾਨ ਹੈ ਸੰਪੂਰਣਤਾ, ਬਖਸ਼ਿਸ਼ ਅਨੰਦ।

ਨਿਰਮੋਹ ਹੋਣ ਦੀਆਂ ਜਾਂ ਕਹਿ ਲਓ, ਮੋਹ ਤੋਂ ਮੁਕਤ ਹੋਣ ਦੀਆਂ ਚਾਰ ਵੱਖ-ਵੱਖ ਦਸ਼ਾ ਹਨ ਵੱਖ ਵੱਖ ਸਥਿਤੀਆਂ ਹਨ ਬਹੁਤ ਗਿਣਤੀ ਵਿਚ ਚਾਰ ਦਸ਼ਾ ਦੱਸੀਆਂ ਗਈਆਂ ਹਨ।

1. ਸਭ ਤੋਂ ਪਹਿਲਾਂ ਤਾਂ ਇਹ ਹੈ ਕਿ ਸੱਚੇ ਮਨ ਨਾਲ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਤੇ ਮਨ ਨੂੰ ਸੰਸਾਰੀ ਪਦਾਰਥਾਂ ਵਲ ਜਾਣ ਤੋਂ ਰੋਕਣਾ ਚਾਹੀਦਾ ਹੈ।

2. ਜਦੋਂ ਸੰਸਾਰਕ ਪਦਾਰਥਾਂ ਜਗਿਆਸੂ ਨੂੰ ਆਕਰਸ਼ਿਤ ਕਰਨ ਆਪਣੇ ਵਲ ਖਿੱਚਣ ਜਗਿਆਸੂ ਨੂੰ ਚਾਹੀਦਾ ਹੈ ਉਹ ਕੋਸ਼ਿਸ਼ ਕਰਕੇ ਉਨ੍ਹਾਂ ਤੋਂ ਦੂਰ ਰਹੇ ਦੂਰ ਹਟੇ, ਜਦੋਂ ਇਸ ਤਰ੍ਹਾਂ ਕਰਦੇ ਹੋ ਭਾਵ ਆਪਣੇ ਆਪ ਨੂੰ ਸੰਸਾਰਕ ਪਦਾਰਥਾਂ ਤੋਂ ਤੋੜਦੇ ਰਹੋ ਫੇਰ ਇਕ ਸਮਾਂ ਇਹੋ ਜਿਹਾ ਆਉਂਦਾ ਹੈ ਕਿ ਤੁਸੀਂ ਮੋਹ ਤੋਂ ਮੁਕਤ ਹੋ ਜਾਂਦੇ ਹੋ ਤੇ ਤੁਹਾਡੇ ਅੰਦਰ ਸਮਾਚਿੱਤਤਾ ਆ ਜਾਂਦੀ ਹੈ।

3. ਤੀਸਰੀ ਸਥਿਤੀ ਹੈ ਜਦੋਂ ਇੰਦ੍ਰੀਆਂ ਮੱਧਮ ਪੈ ਜਾਂਦੀਆਂ ਹਨ ਐਨੀਆਂ ਤੀਬਰ ਨਹੀਂ ਰਹਿੰਦੀਆਂ, ਪਰ ਮਨ ਵਿਚ ਕਿਤੇ ਸੰਸਾਰਕ ਪਦਾਰਥਾਂ ਲਈ ਨਫਰਤ ਹੈ ਕਿਸੇ ਲਈ ਥੋੜ੍ਹਾ ਮੋਹ ਹੈ ਕਿਉਂਕਿ ਮਨ ਤਾਂ ਇੰਦ੍ਰੀਆਂ ਤੋਂ ਵੱਖ ਹੋ ਕੇ ਕੰਮ ਕਰ ਰਿਹਾ ਹੈ।

4. ਚੌਥੀ ਸਥਿਤੀ ਵਿਚ ਜਾ ਕਹਿ ਲਓ ਉਚੀ ਸਥਿਤੀ ਵਿਚ ਸੰਸਾਰਕ ਪਦਾਰਥ ਆਕਰਸ਼ਿਤ ਕਰਦੀਆਂ ਹੀ ਨਹੀਂ ਮਨ ਉਨ੍ਹਾਂ ਵਲ ਜਾਂਦਾ ਹੀ ਨਹੀਂ, ਇੰਦ੍ਰੀਆਂ ਪੂਰੀ ਤਰ੍ਹਾਂ ਵਸ ਵਿਚ ਹਨ, ਮਨ ਹਰ ਤਰ੍ਹਾਂ ਨਾਲ ਮੁਕਤ ਹੈ ਕਿਸੇ ਵੀ ਤਰ੍ਹਾਂ ਕਿਸੇ ਦੀ ਪਸੰਦ ਨਾ ਪਸੰਦ ਸਭ ਤੋਂ ਉਚੇ ਉਠ ਚੁੱਕਾ ਹੈ। ਹੁਣ ਜਗਿਆਸੂ ਪੂਰੀ ਤਰ੍ਹਾਂ ਨਾਲ ਸੁਤੰਤਰ ਹੈ ਤੇ ਆਪਣੇ ਆਪ ਤੇ ਪੂਰਾ ਕਾਬੂ ਪਾ ਲਿਆ ਹੈ। ਮੋਹ ਤੋਂ ਮੁਕਤ ਹੋਏ ਬਿਨਾਂ ਕੋਈ ਵੀ ਅਧਿਆਤਮਕ ਤਰੱਕੀ ਨਹੀਂ ਕੀਤੀ ਜਾ ਸਕਦੀ।

ਆਓ, ਹੁਣ ਅਸੀਂ ਦੇਖੀਏ ਜਿਹੜਾ ਆਤਮ ਮਾਰਗ ਤੇ ਚੱਲਣ ਲਈ, ਯੋਗ ਦੇ ਮਾਰਗ ਤੇ ਚੱਲਣ ਲਈ ਕਿਨ੍ਹਾਂ ਗੁਣਾਂ ਦੀ ਲੋੜ ਹੈ, ਆਤਮ ਸਿੱਧੀ ਲਈ ਕਿਹੜੇ ਗੁਣ ਕਿਹੜੀਆਂ ਗੱਲਾਂ ਜ਼ਰੂਰੀ ਹਨ। ਚੰਗੀ ਸਿਹਤ, ਨਰੋਆ ਮਨ, ਸੁਹਿਰਦਤਾ, ਅੰਦਰ ਦੀ ਲੋਚ, ਮਨੁੱਖੀ ਜਾਮੇ ਨੂੰ ਸੰਪੂਰਣ ਕਰਨ ਦੀ ਲਗਨ ਇਹ ਕੁਝ ਇਕ ਬਹੁਤ ਹੀ ਲੋੜੀਂਦੀਆਂ ਚੀਜ਼ਾਂ ਹਨ, ਚੰਗੀ ਸਿਹਤ ਲਈ ਸਾਦਾ ਖਾਣਾ, ਸਾਦਾ ਭੋਜਨ ਤੇ ਸਮੇਂ ਸਿਰ ਖਾਣਾ, ਚੰਗੀ ਨੀਂਦ, ਕੁਝ ਸਰੀਰਕ ਕਿਰਿਆਵਾਂ, ਕੋਈ ਵਿਆਮ, ਕਸਰਤ ਕਰਨੀ, ਕੁਝ ਆਰਾਮ, ਚੰਗਾ ਸੁਥਰਾ ਖਾਣ ਨਾਲ ਮਨ ਵੀ ਸੁਥਰਾ ਰਹਿੰਦਾ ਹੈ। ਕਹਿੰਦੇ ਹਨ ਜੇਹਾ ਅੰਨ ਤੇਹਾ ਮਨ। ਵੇਹਾ ਵਾਸਾ ਖਾਣਾ ਖਾ ਕੇ ਸੁਸਤੀ ਆਉਂਦੀ ਹੈ, ਦੁੱਧ ਫਲ ਤਾਜ਼ੀਆਂ ਸਬਜ਼ੀਆਂ ਮੇਵਾ, ਇਹ ਚੰਗੀ ਖੁਰਾਕ ਲਈ ਜ਼ਰੂਰੀ ਹਨ। ਦੂਸਰੀ ਚੀਜ਼ ਹੈ ਕਿ ਯੋਗ ਅਭਿਆਸ ਕਰਨ ਲਈ ਥਾਂ ਵੀ ਠੀਕ ਹੋਣਾ ਚਾਹੀਦਾ ਹੈ, ਮੈਡੀਟੇਸ਼ਨ ਦੀ ਥਾਂ ਠੀਕ ਹੋਣੀ ਚਾਹੀਦੀ ਹੈ, ਉਸ ਥਾਂ ਦਾ ਤਾਪਮਾਨ ਸਾਰੇ ਸਾਲ ਠੀਕ ਕਰਕੇ ਰੱਖਣਾ ਚਾਹੀਦਾ ਹੈ, ਉਹ ਕਮਰਾ ਥਾਂ ਚੰਗੀ ਹਵਾਦਾਰ ਹੋਣੀ ਚਾਹੀਦੀ ਹੈ, ਉਥੇ ਕੋਈ ਸਿੱਲ

ਸਲਾਭਾ ਨਹੀਂ ਹੋਣਾ ਚਾਹੀਦਾ, ਸਾਲ ਤੇ ਸ਼ਾਂਤਮਈ ਹੋਣੀ ਚਾਹੀਦੀ ਹੈ ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਉਪਰ ਦਿਤੇ ਗੁਣਾਂ ਤੋਂ ਬਿਨਾਂ, ਬਹੁਤ ਵਾਰੀ ਸਾਡੇ ਤਿੰਨ ਦੋਸ਼ ਸਰੀਰ ਦਾ ਸੰਤੁਲਨ ਵਿਗਾੜ ਦਿੰਦੇ ਹਨ ਤੇ ਭਾਵ, ਵਾਯੂ, ਵਾਤ, ਕਫ ਜੇ ਕਫ ਵਧੇਰੇ ਹੋਵੇ ਤਾਂ ਸਰੀਰ ਭਾਰਾ ਹੋ ਜਾਂਦਾ ਹੈ, ਸੁਸਤ ਹੋ ਜਾਂਦਾ ਹੈ ਇਸ ਕਰਕੇ ਖਾਣਾ ਪੀਣ ਤੇ ਯੋਗ, ਮੈਡੀਟੇਸ਼ਨ ਕਰਨ ਦੀ ਥਾਂ ਠੀਕ ਹੋਣੀ ਚਾਹੀਦੀ ਹੈ ਤਾਂ ਜੋ ਸੰਤੁਲਨ ਬਣਿਆ ਰਹੇ।

ਯੋਗ ਵਿਗਿਆਨ ਦੇ ਦੋ ਪੱਖ ਹਨ ਪ੍ਰੈਕਟੀਕਲ ਤੇ ਸਿਧਾਂਤਕ ਜਦੋਂ ਕਿ ਸਿਧਾਂਤਕ ਪੱਖ ਪੁਸਤਕਾਂ ਪੜ੍ਹ ਕੇ ਸਿਖਿਆ ਜਾ ਸਕਦਾ ਹੈ, ਗ੍ਰੰਥ ਪੜ੍ਹ ਕੇ ਜਾਣਿਆ ਜਾ ਸਕਦਾ ਹੈ ਪਰ ਪ੍ਰੈਕਟੀਕਲ ਲਈ ਤਾਂ ਇਕ ਸੰਪੂਰਣ ਗੁਰੂ ਦੀ ਲੋੜ ਹੈ ਗੁਰੂ ਦਾ ਅਰਥ ਹੈ ਹਨ੍ਹੇਰੇ ਦੂਰ ਕਰਨ ਵਾਲਾ, ਗੁਰੂ ਦੀ ਲੋੜ ਇਸ ਕਰਕੇ ਵੀ ਹੈ ਕਿਉਂਕਿ ਯੋਗਾ ਵਿਚ ਕਈ ਵੱਖ-ਵੱਖ ਤਰੀਕੇ ਹਨ ਪਰ ਗੋਲ ਇਕ ਹੀ ਹੈ, ਇਹ ਇਕ ਪਰਪੱਕ ਗੁਰੂ ਹੀ ਦੱਸ ਸਕਦਾ ਹੈ ਕਿ ਤੁਹਾਡੇ ਲਈ ਕਿਹੜਾ ਰਾਹ, ਕਿਹੜਾ ਤਰੀਕਾ ਠੀਕ ਰਹੇਗਾ। ਤੁਹਾਡੇ ਸੁਭਾਅ, ਮਾਨਸਿਕ ਸਥਿਤੀ ਆਦਿ ਨੂੰ ਦੇਖਦਿਆਂ ਇਹ ਗੁਰੂ ਹੀ ਦੱਸ ਸਕਦਾ ਹੈ ਕਿਹੜਾ ਤਰੀਕਾ ਤੁਹਾਡੇ ਲਈ ਠੀਕ ਹੈ। ਜਿਹੜਾ ਵੀ ਪੁਸਤਕਾਂ ਪੜ੍ਹ ਕੇ ਪ੍ਰੈਕਟੀਕਲ ਕਰਨ ਦੀ ਕੋਸ਼ਿਸ਼ ਕਰਦਾ ਹੈ ਉਹ ਪਰੇਸ਼ਾਨ ਹੀ ਹੋ ਜਾਂਦਾ ਹੈ ਕਿਉਂਕਿ ਕਿਸਮ ਕਿਸਮ ਦੇ ਤਰੀਕੇ ਹਨ, ਵੱਖ ਵੱਖ ਤਕਨੀਕਾਂ ਹਨ ਤੁਹਾਡੇ ਲਈ ਕਿਹੜੀ ਠੀਕ ਹੈ ਇਹ ਗੁਰੂ ਹੀ ਦੱਸ ਸਕਦਾ ਹੈ। ਸੋ ਥੋੜ੍ਹਾ ਇਹ ਕਰਕੇ ਥੋੜ੍ਹੀ ਉਹ ਕਰਕੇ ਕੁਝ ਬਣਨ ਵਾਲਾ ਨਹੀਂ ਉਸ ਦੀ ਸਾਰੀ ਕੋਸ਼ਿਸ਼ ਬੇਅਰਥ ਹੀ ਹੋਵੇਗੀ ਇਕ ਸੱਚਾ ਯੋਗੀ ਜਗਿਆਸੂ ਨੂੰ ਬੜੇ ਤਰੀਕੇ ਨਾਲ, ਸਿਲਸਿਲੇਵਾਰ ਵੱਖ ਵੱਖ ਪੌੜੀਆਂ ਤੋਂ ਉਤਮ, ਅੰਤਮ ਪੌੜੀ ਤਕ ਲੈ ਜਾਂਦਾ ਹੈ।

ਅੱਜਕਲ੍ਹ ਬਹੁਤ ਸਾਰੇ ਯੋਗੀ ਹਨ ਜਿਹੜੇ ਆਪਣੇ ਆਪ ਨੂੰ ਪੂਰੇ ਪੂਰੇ ਸਿੱਖ ਅਖਵਾਉਂਦੇ ਹਨ, ਇਹ ਬਹੁਤ ਹੀ ਔਖਾ ਹੈ ਕਿ ਚੰਗੇ ਗੁਰੂ ਦਾ ਕਿਵੇਂ ਪਤਾ ਲੱਗੇ। ਜਦੋਂ ਤੋਂ ਵੀ ਜਗਿਆਸੂ ਅਭਿਆਸ ਸ਼ੁਰੂ ਕਰਦਾ ਹੈ ਉਹ ਠੀਕ ਗਲਤ ਵਿਚ ਫਰਕ ਦੇਖਣ ਲਗ ਪੈਂਦਾ ਹੈ, ਚੰਗਾ ਕੀ ਹੈ ਕੀ ਨਹੀਂ, ਹੌਲੀ ਹੌਲੀ ਉਹ ਹਰ ਪੱਖ ਨੂੰ ਜਾਣ ਕੇ ਜਾਂਚਣ ਲਗ ਪੈਂਦਾ ਹੈ। ਉਪਨਿਸ਼ਦ ਜਿਹੜੇ ਕਿ ਪੁਰਾਤਨ ਗ੍ਰੰਥ ਹਨ ਉਨ੍ਹਾਂ ਵਿਚ ਲਿਖਿਆ ਹੈ ਜਦੋਂ ਸ਼ਿਸ਼, ਜਗਿਆਸੂ ਤਿਆਰ ਹੋ ਜਾਂਦਾ ਹੈ ਗੁਰੂ ਆਪਣੇ ਆਪ ਹੀ ਆ ਜਾਂਦਾ ਹੈ। ਭਾਵ ਹੈ ਕਿ ਜਦੋਂ ਜਗਿਆਸੂ ਦੇ ਅੰਦਰ ਇਕ ਤੀਬਰ ਇੱਛਾ ਜਾਗਦੀ ਹੈ, ਇੱਛਾ ਸਤਿ ਨੂੰ ਜਾਨਣ ਦੀ ਉਸ ਪ੍ਰਮਾਤਮਾ ਨੂੰ ਜਾਨਣ ਦੀ ਕਿਤੋਂ ਨਾ ਕਿਤੋਂ ਮਦਦ ਜ਼ਰੂਰ ਮਿਲਦੀ ਹੈ, ਹਾਂ ਇਹ ਜ਼ਰੂਰ ਹੈ ਛੇਤੀ ਮਿਲੇ, ਦੇਰ ਨਾਲ ਮਿਲੇ, ਇਹ ਕੁਝ ਨਹੀਂ ਕਿਹਾ ਜਾ ਸਕਦਾ। ਹਾਂ ਉਹ ਵਡਭਾਗੇ ਹਨ ਜਿਨ੍ਹਾਂ ਤੇ ਗੁਰੂ ਦੀ ਮਿਹਰ ਹੈ ਜਿਨ੍ਹਾਂ ਦਾ ਮਾਰਗ ਦਰਸ਼ਕ ਗੁਰੂ ਹੈ ਤੇ ਉਨ੍ਹਾਂ ਦੀ ਅਗਵਾਈ ਕਰ ਰਿਹਾ ਹੈ।

ਜਿਵੇਂ ਕਿ ਪਹਿਲਾ ਦੱਸਿਆ ਜਾ ਚੁੱਕਾ ਹੈ ਯੋਗ ਦੇ ਬਹੁਤ ਸਾਰੇ ਤਰੀਕੇ ਹਨ, ਨਿਸ਼ਾਨਾ ਸਾਰਿਆਂ ਦਾ ਇਕ ਹੀ ਹੈ ਤੇ ਉਹ ਹੈ ਆਤਮ ਸਿੱਧੀ। ਅਲੱਗ ਅਲੱਗ ਤਰੀਕੇ ਇਸ ਕਰਕੇ ਹਨ ਤਾਂ ਜੋ ਹਰ ਸੁਭਾਅ ਦੇ ਬੰਦੇ ਯੋਗਾ ਦਾ ਲਾਭ ਲੈ ਸਕਣ ਤੇ ਪ੍ਰਾਪਤੀਆਂ ਕਰ ਸਕਣ। ਸਾਡੇ ਵੱਖ-ਵੱਖ ਸੁਭਾਅ ਹਨ, ਵੱਖ-ਵੱਖ ਸਮਰਥਾ ਹੈ ਤੇ ਇਹ ਸਾਰੇ ਜਿਵੇਂ ਪਹੀਏ ਦੇ ਵੱਖ-ਵੱਖ ਸਪੋਕਸ ਹੋਣ ਤੇ ਇਹ ਸਾਰੇ ਇਕੋ ਥਾਂ ਤੇ ਜਾ ਕੇ ਮਿਲਦੇ ਹਨ ਤੇ ਉਹ ਹੈ ਆਤਮ ਸਾਧਨਾ ਆਤਮ ਸਿੱਧੀ। ਯੋਗਾ ਦੇ ਵੱਖ-ਵੱਖ ਸਾਧਨ ਕੋਈ ਅੰਨਿਨ ਨਹੀਂ ਹਨ ਇਹ ਤਾਂ ਸਿਰਫ ਇਹ ਹੈ ਕਿ ਵੱਖ-ਵੱਖ ਕਿਸਮ ਵਿਚ ਜ਼ੋਰ ਵੱਖ-ਵੱਖ ਪਾਸੇ ਦਿਤਾ ਗਿਆ ਹੈ ਤੁਹਾਡੇ ਸੁਭਾਅ ਤੇ ਸਮਰਥਾ ਦੇ ਅਨੁਸਾਰ। ਕੁਝ ਇਕ ਯੋਗਾ ਦੇ ਤਰੀਕੇ ਥੱਲੇ ਦਿਤੇ ਗਏ ਹਨ -

1. ਕਰਮਯੋਗ - ਭਾਵ ਕਰਮ ਕਰਨਾ ਇਸ ਮਾਰਗ ਤੇ ਦਸਿਆ ਗਿਆ ਹੈ ਜ਼ੋਰ ਦਿਤਾ ਗਿਆ ਹੈ ਕਿ ਤੁਸੀਂ ਆਪਣਾ ਕਰਤੱਵ ਆਪਣੀ ਡਿਊਟੀ ਜੁਗਤੀ ਨਾਲ ਕਰਨੀ ਹੈ, ਨਿਸੁਆਰਥ ਹੋ ਕੇ ਕਰਨੀ ਹੈ, ਕਰਮ ਦੇ ਫਲ ਮਨੁੱਖਤਾ ਨੂੰ ਪ੍ਰਮਾਤਮਾ ਨੂੰ ਸਮਰਪਣ ਕਰਨੇ ਹਨ। ਇਸ ਤਰ੍ਹਾਂ ਨਾਲ ਕਰਕੇ ਸੰਸਾਰ ਵਿਚ ਰਹਿਣਾ ਸੌਖਾ ਹੁੰਦਾ ਹੈ ਤੁਸੀਂ ਸਫਲ ਵੀ ਹੁੰਦੇ ਹੋ ਤੇ ਸੰਸਾਰ ਵਿਚ ਖੁੱਭਦੇ ਵੀ ਨਹੀਂ।

2. ਭਗਤੀ ਯੋਗ - ਸ਼ਰਧਾ ਇਹ ਮਾਰਗ ਪ੍ਰੇਮ ਦਾ ਮਾਰਗ ਹੈ ਸ਼ਰਧਾ ਦਾ ਮਾਰਗ ਹੈ, ਇਹ ਸਮਰਪਣ ਦਾ ਮਾਰਗ ਹੈ ਸਭ ਕੁਝ ਉਸ ਪ੍ਰਭੂ ਨੂੰ ਹੀ ਸਮਰਪਿਤ ਕਰਕੇ ਰਹਿਣਾ ਇਸ ਤਰ੍ਹਾਂ ਕਰਕੇ ਅੰਤਮ ਸਤਿ ਤਕ ਪਹੁੰਚਣਾ।

3. ਗਿਆਨ ਯੋਗ - ਗਿਆਨ ਪ੍ਰਾਪਤ ਕਰਨਾ, ਇਹ ਮਾਰਗ ਬਹੁਤ ਹੀ ਵਿਵੇਕ ਦਾ ਮਾਰਗ ਹੈ। ਗਿਆਨ ਉਸੇ ਨੂੰ ਹੀ ਪ੍ਰਾਪਤ ਹੁੰਦਾ ਹੈ ਜਿਹੜਾ ਸਤਿ ਤੇ ਅਸਿਤ ਨੂੰ ਸਦਾ ਹੀ ਦੇਖ ਕੇ ਉਸ ਦਾ ਭੇਦ ਜਾਣੇ, ਜਿਹੜਾ ਅਜਰ ਅਮਰ ਤੇ ਅਟੱਲ ਤੇ ਵਿਨਾਸ਼ ਦਾ ਭੇਦ ਜਾਣ ਲਵੇ, ਜਿਹੜਾ ਨਾਸ਼ਵਾਨ ਤੇ ਅਵਿਨਾਸ਼ ਦੇ ਭੇਦ ਨੂੰ ਸਮਝ ਜਾਏ। ਇਸ ਮਾਰਗ ਤੇ ਕੋਈ ਭਾਗਾਂ ਵਾਲਾ ਹੀ ਚਲਦਾ ਹੈ, ਉਹ ਹੀ ਚੱਲ ਸਕਦਾ ਹੈ ਜਿਹੜਾ ਪੌੜੀ ਦਰ ਪੌੜੀ ਚਿੰਤਨ ਕਰਦਾ ਹੈ, ਅਨੁਭਵ ਕਰਕੇ ਉਚੀਆਂ ਤੇ ਸੂਖਮ ਸਚਾਈ ਤਕ

ਪਹੁੰਚਦਾ ਹੈ।

4. ਕੁੰਡਲਨੀ ਯੋਗ - ਇਹ ਇਕ ਬਹੁਤ ਹੀ ਟੈਕਨੀਕਲ ਵਿਸ਼ਾ ਹੈ, ਇਸ ਲਈ ਤੁਹਾਨੂੰ ਇਕ ਸਮਰਥ ਗੁਰੂ ਦੀ ਲੋੜ ਹੈ ਪੱਥ ਪਰਦਰਸ਼ਕ ਦੀ ਲੋੜ ਹੈ। ਭਾਵੇਂ ਬਹੁਤ ਸਾਰੀਆਂ ਕਿਤਾਬਾਂ ਹਨ, ਬਹੁਤ ਸਾਰੀਆਂ ਹੱਥ ਲਿਖਤਾਂ ਹਨ, ਜਿਨ੍ਹਾਂ ਵਿਚ ਕੁੰਡਲਨੀ ਜਗਾਉਣ ਦੇ ਤਰੀਕੇ ਦਿਤੇ ਗਏ ਹਨ, ਕਿਹਾ ਜਾਂਦਾ ਹੈ ਕਿ ਇਸ ਸਰੀਰ ਰੂਪ ਨਗਰ ਵਿਚ ਕੁੰਡਲਨੀ ਜੋ ਕਿ ਇਕ ਮਹੱਤਵਪੂਰਣ ਪ੍ਰਾਣ ਸ਼ਕਤੀ ਹੈ ਉਹ ਸੁੱਤੀ ਪਈ ਹੈ। ਇਸ ਨੂੰ ਜਗਾਣ ਨਾਲ ਪ੍ਰਾਣ ਸ਼ਕਤੀ vital force ਜਾਗਰਣ ਹੁੰਦੀ ਹੈ।

5. ਮੰਤਰ ਯੋਗ - ਸਮਾਧੀ ਸਥਿਤ ਰਿਸ਼ੀਆਂ ਮੁਨੀਆਂ ਨੇ ਜੋ ਆਕਾਸ਼ ਬਾਣੀ ਸੁਣੀ ਜੋ ਕੁਝ ਵੀ ਸੁਣਿਆ ਉਹ ਉਨ੍ਹਾਂ ਨੇ ਆਪਣੇ ਸ਼ਿਸ਼ਾਂ ਨੂੰ ਦੱਸਿਆ ਤੇ ਉਨ੍ਹਾਂ ਤੇ ਧਿਆਨ ਲਗਾਉਣ ਲਈ ਕਿਹਾ। ਮੰਤਰ ਵੀ ਬਹੁਤ ਪ੍ਰਕਾਰ ਦੇ ਹਨ ਕੁਝ ਮੰਤਰ ਤੁਹਾਡਾ ਅੰਦਰ ਪਵਿੱਤਰ ਕਰਦੇ ਹਨ ਕੁਝ ਤੁਹਾਡਾ ਧਿਆਨ ਵਧਾਉਂਦੇ ਹਨ ਤੁਹਾਡੀ ਮੈਡੀਟੇਸ਼ਨ ਵਧੇਰੇ ਚੰਗੀ ਤਰ੍ਹਾਂ ਹੋ ਸਕਦੀ ਹੈ ਤੁਸੀਂ ਡੂੰਘੇ ਜਾ ਸਕਦੇ ਹੋ।

6. ਹਠ ਯੋਗ - ਹ—ਠ ਇਹ ਦੋਨੋਂ ਅੱਖਰ ਸ੍ਵਾਸਾਂ ਦੇ ਬਾਰੇ ਦੱਸਦੇ ਹਨ, ਸੱਜੀ ਨਾਸਿਕਾ ਤੇ ਖੱਬੀ ਨਾਸਿਕਾ ਦੇ ਸ੍ਵਾਸ। ਹੱਠ ਯੋਗ ਦਾ ਸਬੰਧ ਸ੍ਵਾਸਾਂ ਨਾਲ ਹੈ, ਸਰੀਰ ਨਾਲ ਹੈ, ਸ੍ਵਾਸਾਂ ਦੇ ਅਭਿਆਸ ਨਾਲ ਹੈ, ਸ੍ਵਾਸਾਂ ਨੂੰ ਦੇਖ ਕੇ, ਪਰਖ ਕੇ, ਤੁਹਾਨੂੰ ਅੰਦਰ ਦੇ ਸਰੀਰ ਦਾ ਪਤਾ ਲਗਦਾ ਹੈ ਅੰਦਰ ਦੀ ਸਥਿਤੀ ਦਾ ਪਤਾ ਲਗਦਾ ਹੈ। ਹਠ ਯੋਗ ਦੀ ਕਿਰਿਆਵਾਂ ਇਸ ਤਰ੍ਹਾਂ ਰੱਖੀਆਂ ਗਈਆਂ ਹਨ ਕਿ ਉਹ ਆਤਮ ਮਾਰਗ ਦੀਆਂ ਉਚੀਆਂ ਉਡਾਰੀਆਂ ਮਾਰਨ ਦਾ ਇਕ ਸਾਧਨ ਬਣ ਜਾਂਦੀਆਂ ਹਨ।

7. ਰਾਜ ਯੋਗ - ਇਹ ਰਾਜਸੀ ਪੱਥ ਮਾਰਗ ਬਹੁਤ ਹੀ ਵਿਗਿਆਨਕ ਸਾਧਨ ਹੈ ਇਸ ਨੂੰ ਪੰਤਾਜਲ ਨੇ ਨਿਯਮਬੱਧ ਕੀਤਾ। ਇਸ ਮਾਰਗ ਤੇ ਚੱਲ ਕੇ ਤੁਸੀਂ ਆਪਣੀਆਂ ਇਛਾਵਾਂ ਤੇ ਕਾਬੂ ਪਾ ਲੈਂਦੇ ਹੋ, ਆਪਣੀਆਂ ਭਾਵਨਾਵਾਂ ਆਪਣੇ ਸੰਵੇਗ ਆਪਣੇ ਵਿਚਾਰਾਂ ਤੇ ਕਾਬੂ ਪਾ ਲੈਂਦੇ ਹੋ ਇਸ ਤੋਂ ਉਪਰੰਤ ਜਿਹੜੇ ਕੋਈ ਸੂਖਮ ਵਿਚਾਰ ਅੰਦਰ ਦਬੇ ਪਏ ਹਨ ਜਿਹੜੇ ਸਾਡੇ ਅਚੇਤ ਮਨ ਵਿਚ ਹਨ ਉਨ੍ਹਾਂ ਤੇ ਵੀ ਕਾਬੂ ਪਾ ਲੈਂਦੇ ਹਨ। ਇਸ ਮਾਰਗ ਤੇ ਚੱਲ ਕੇ ਤੁਸੀਂ ਵਿਸ਼ਵ ਸ਼ਕਤੀ ਨਾਲ ਵਿਸ਼ਵ ਸਤਿ ਨਾਲ ਜੁੜ ਜਾਂਦੇ ਹੋ, ਇਸ ਦੀਆਂ ਅੱਠ ਪੌੜੀਆਂ ਚੜ੍ਹ ਕੇ ਅੰਤ ਵਿਚ ਸਤਿ ਨੂੰ ਜਾ ਮਿਲਦੇ ਹਨ। ਜਗਿਆਸੂ ਅੰਤ ਨੂੰ ਸਮਾਧੀ ਸਥਿਤ ਹੋ ਜਾਂਦਾ ਹੈ।

ਜਿਵੇਂ ਕਿ ਪਹਿਲੇ ਦਸਿਆ ਜਾ ਚੁਕਾ ਹੈ ਇਹ ਅੱਠ ਮਾਰਗ ਕੋਈ ਬਿਲਕੁਲ ਵੱਖ-ਵੱਖ ਨਹੀਂ ਹਨ, ਯੋਗ ਦਾ ਹਰ ਵਿਦਿਆਰਥੀ ਇਨ੍ਹਾਂ ਸਾਰਿਆਂ ਤੇ ਹੀ ਚਲਦਾ ਹੈ, ਸੰਪੂਰਣਤਾ ਤਾਂ ਉਦੋਂ ਹੀ ਆਉਂਦੀ ਹੈ ਜਦੋਂ ਕਥਨੀ, ਕਰਨੀ ਤੇ ਸੋਚ ਦਾ ਵਿਸਤਾਰ ਹੁੰਦਾ ਹੈ। ਇਕ ਪਾਸੇ ਦਾ ਵਿਸਤਾਰ ਤਾਂ ਅਧੂਰਾ ਹੈ ਤੇ ਠੀਕ ਵੀ ਨਹੀਂ। ਕਰਮ ਯੋਗ ਨਾਲ ਤੁਸੀਂ ਬਾਹਰ ਦੀਆਂ ਡਿਊਟੀਆਂ ਠੀਕ ਤਰ੍ਹਾਂ ਜੁਗਤੀ ਨਾਲ ਕਰਨਾ ਸਿਖਦੇ ਹੋ ਤਾਂ ਜੋ ਤੁਹਾਡੇ ਕਰਮ ਆਤਮ ਸਿੱਧੀ ਦੇ ਇਕ ਸਾਧਨ ਬਣਨ ਨਾ ਕਿ ਇਕ ਬਾਧਾ ਇਕ ਰੁਕਾਵਟ ਬਣ ਜਾਣ। ਭਗਤੀ ਯੋਗ ਨਿਸ਼ਚਾ, ਭਰੋਸਾ ਦਿੰਦਾ ਹੈ ਤੇ ਉਨ੍ਹਾਂ ਸਾਰਿਆਂ ਇਹੋ ਜਿਹੇ ਵਿਚਾਰਾਂ ਨੂੰ ਖਤਮ ਕਰਕੇ ਪੂਰਾ ਧਿਆਨ ਤੇ ਮੈਡੀਟੇਸ਼ਨ ਵਿਚ ਵਾਧਾ ਕਰਦੀ ਹੈ। ਭਗਤੀ ਯੋਗ ਮਨੁੱਖ ਨੂੰ ਸੁਹਿਰਦ ਬਣਾਉਂਦਾ ਹੈ ਤੇ ਦੇਣ ਲਈ ਉਦਮ ਪੈਦਾ ਕਰਦੀ ਹੈ ਇਸ ਤਰ੍ਹਾਂ ਨਾਲ ਦੂਸਰਿਆਂ ਨਾਲ ਸਬੰਧ ਵਧੇਰੇ ਭਾਈਚਾਰਕ ਹੁੰਦੇ ਹਨ ਮੇਲ ਮਿਲਾਪ ਵਿਚ ਵਾਧਾ ਹੁੰਦਾ ਹੈ। ਗਿਆਨ ਯੋਗ ਨਾਲ ਅਗਿਆਨ ਦਾ ਪੜਦਾ ਹਟਦਾ ਹੈ ਤੇ ਵਿਵੇਕ ਦਾ ਵਾਧਾ ਹੁੰਦਾ ਹੈ ਇੱਛਾ ਸ਼ਕਤੀ ਦਾ ਵਾਧਾ ਹੁੰਦਾ ਹੈ। ਗ੍ਰੰਥਾਂ ਨੂੰ ਪੜ੍ਹਨਾ ਉਨ੍ਹਾਂ ਅਧਿਆਨ ਕਰਨ ਨਾਲ ਕਿ ਸਮਰਥ ਗੁਰੂ ਦੀ ਸਹਾਇਤਾ ਨਾਲ ਆਤਮ ਸਿੱਧੀ ਦੀ ਪ੍ਰਾਪਤੀ ਹੁੰਦੀ ਹੈ। ਰਾਜ ਯੋਗ ਮਨ ਨੂੰ ਸਥਿਰ ਕਰਦਾ ਹੈ, ਇਕਾਗਰ ਕਰਦਾ ਹੈ। ਵੱਖ-ਵੱਖ ਮਾਰਗਾਂ ਦਾ ਭੇਦ ਤਾਂ ਕੇਵਲ ਸ਼ੁਰੂ ਵਿਚ ਹੈ ਤੇ ਇਕਾਗਰ ਹੋਣ ਦੇ ਤਰੀਕੇ ਵਿਚ ਹੈ ਪਰ ਅੰਤਮ ਤਿੰਨ ਪੌੜੀਆਂ ਤਾਂ ਇਕੋ ਹੀ ਹਨ। ਇਹ ਹਨ, ਧਿਆਨ ਲਗਾਉਣਾ, ਮੈਡੀਟੇਸ਼ਨ ਕਰਨੀ ਤੇ ਸਮਾਧੀ ਦੀ ਸਥਿਤੀ ਇਹ ਸਾਰੀਆਂ ਪੌੜੀਆਂ ਸੰਪੂਰਣਤਾ ਤਕ, ਗਿਆਨ ਤਕ ਤੇ ਅਨੰਦ ਤਕ ਲੈ ਜਾਂਦੀਆਂ ਹਨ।

ਜਿਹੜਾ ਯੋਗ ਪੰਤਾਜਲ ਨੇ ਆਪਣੇ ਯੋਗ ਸੂਤਰ ਵਿਚ ਦਸਿਆ ਹੈ ਉਹ ਰਾਜ ਯੋਗ ਹੈ ਰਾਜਸੀ ਮਾਰਗ। ਇਹ ਮਾਰਗ ਬਾਕੀ ਹੋਰ ਪਰੰਪਰਾਵਾਂ ਦੀ ਸਿਖਿਆ ਵੀ ਨਾਲ ਲੈ ਕੇ ਚਲਦਾ ਹੈ ਇਸ ਦੇ ਤਰੀਕੇ ਵੀ ਵੱਖ-ਵੱਖ ਹਨ ਜਿਸ ਕਰਕੇ ਇਸਨੂੰ ਵੱਖ-ਵੱਖ ਵਰਗਾਂ ਦੇ ਲੋਕ ਵੱਖ-ਵੱਖ ਸੁਭਾਅ ਦੇ ਤੇ ਵੱਖ-ਵੱਖ ਪਿਛੋਕੜ ਵਾਲੇ ਇਸ ਨੂੰ ਅਪਣਾਉਂਦੇ ਹਨ। ਰਾਜ ਯੋਗ ਦੀਆਂ ਤਿੰਨ ਆਕਾਰ ਹਨ ਜਾਂ ਕਹਿ ਸਕਦੇ ਹੋ ਤਿੰਨ ਵੱਖ-ਵੱਖ ਵਿਸਤਾਰ ਹਨ, ਸਰੀਰਕ, ਮਾਨਸਿਕ ਤੇ ਅਧਿਆਤਮਕ ਇਸ ਦਾ ਅਭਿਆਸ ਕਰਕੇ ਤੁਸੀਂ ਤਿੰਨਾਂ ਨੂੰ ਜਿੱਤ ਸਕਦੇ ਹੋ, ਤਿੰਨਾਂ ਉਤੇ ਹੀ ਕਾਬੂ ਪਾ ਸਕਦੇ ਹੋ ਤੇ ਇਸ ਤਰ੍ਹਾਂ ਕਰਨ ਨਾਲ ਆਤਮ ਸਿੱਧੀ ਤੇ ਪਹੁੰਚ ਸਕਦੇ ਹੋ। ਇਹ ਇਕ ਵਿਗਿਆਨਕ ਤੇ

ਕ੍ਰਮਬੱਧ ਤਰੀਕਾ ਹੈ ਇਹ ਕੋਈ ਅੰਧ ਵਿਸ਼ਵਾਸ਼ ਨਹੀਂ ਹੈ ਇਹ ਤਾਂ ਇਕ ਵਿਵੇਕੀ ਮਾਰਗ ਹੈ। ਬਹੁਤ ਸਾਰੇ ਅਭਿਆਸ ਦੱਸ ਗਏ ਹਨ ਉਨ੍ਹਾਂ ਦੇ ਲਾਭ ਵੀ ਨਾਲ ਦੱਸੇ ਗਏ ਹਨ ਇਸ ਤਰ੍ਹਾਂ ਰਾਜ ਯੋਗ ਵਿਗਿਆਨਕ ਢੰਗ ਨਾਲ ਸਿੱਧ ਕੀਤਾ ਜਾ ਸਕਦਾ ਹੈ। ਜਿਹੜਾ ਵੀ ਰਾਜ ਯੋਗ ਦਾ ਅਭਿਆਸ ਕਰੇਗਾ ਉਸ ਦੇ ਤਰੀਕਿਆਂ ਤੇ ਚਲੇਗਾ ਉਹ ਉਸ ਨੂੰ ਸਿੱਧ ਕਰ ਸਕਦਾ ਹੈ। ਇਨ੍ਹਾਂ ਹੀ ਕਾਰਣ ਕਰਕੇ ਅੱਜ ਦੇ ਸਮੇਂ ਰਾਜ ਯੋਗ ਸਭ ਤੋਂ ਵੱਧ ਲਾਭਦਾਇਕ ਹੈ ਕਿਉਂਕਿ ਅੱਜ ਦੇ ਸੰਦੇਹਵਾਦ ਹੀ ਆਪਣੇ ਆਪ ਵਿਚ ਇਕ ਮਜ਼ਹਬ ਬਣਿਆ ਹੋਇਆ ਹੈ।

ਰਾਜ ਯੋਗ ਤਕਰੀਬਨ ਅਸ਼ਟਾਂਗ ਯੋਗ ਹੀ ਹੈ ਜਾਂ ਕਹਿ ਲਵੋ ਅਸ਼ਟ ਮਾਰਗ ਹੈ। ਇਸ ਦੀਆਂ ਅੱਠ ਪੌੜੀਆਂ ਬੜੇ ਹੀ ਕ੍ਰਮਬੱਧ ਤਰੀਕੇ ਨਾਲ ਨਿਯਮ ਤੇ ਸਰੀਰ ਮਨ ਤੇ ਕਾਬੂ ਕਰਨਾ ਦਸਦੇ ਹਨ ਇਹ ਹੀ ਨਹੀਂ ਬੜੇ ਹੀ ਸੂਖਮ ਤਰੀਕੇ ਨਾਲ ਇੰਦਰੀਆਂ ਤੇ ਕਾਬੂ ਪਾਉਣਾ ਤੇ ਸੰਵੇਗਾਂ ਤੇ ਮਨੋਬਿਰਤੀਆਂ ਤੇ ਕਾਬੂ ਪਾਉਣਾ ਵੀ ਦਸਿਆ ਜਾਂਦਾ ਹੈ। ਅੱਠ ਪੌੜੀਆਂ ਜਿਹੜੀਆਂ ਦੱਸੀਆਂ ਜਾਂਦੀਆਂ ਹਨ ਉਹ ਹਨ

1. ਯਮ 2. ਨਿਯਮ 3. ਆਸਨ 4. ਪ੍ਰਾਣਾਯਾਮ 5. ਪ੍ਰਤੀਹਾਰ 6. ਧਾਰਨਾ 7. ਧਿਆਨ 8. ਸਮਾਧੀ ਇਨ੍ਹਾਂ ਦੀ ਇਕ ਇਕ ਦੀ ਵਿਆਖਿਆ ਕੀਤੀ ਜਾਵੇਗੀ।

ਪਹਿਲੇ ਚਾਰ ਯਮ, ਨਿਯਮ, ਆਸਨ ਤੇ ਪ੍ਰਾਣਾਯਾਮ ਇਹ ਹੱਠ ਯੋਗ ਮਾਰਗ ਦੇ ਮੁਢਲੇ ਤੇ ਸਹਾਇਕ ਤਰੀਕੇ ਹਨ ਇਹ ਪਿਛਲੇ ਚਾਰ ਤਰੀਕਿਆਂ ਦੇ ਸਹਾਇਕ ਹਨ ਤੇ ਆਪਣੇ ਆਪ ਵਿਚ ਮੋਢੀ ਹਨ। ਯਮ ਤੇ ਨਿਯਮ ਇਹ ਯੋਗ ਦੇ ਵਚਨ ਬੰਧਨ ਹਨ, ਪੰਜ ਯਮ ਜਾ ਕਹਿ ਲਵੋ ਪੰਜ ਬੰਧਨ ਇਹ ਅਹਿੰਸਾ, ਸਚਾਈ, ਚੋਰੀ ਨਹੀਂ ਕਰਨੀ, ਮੋਹ ਤੋਂ ਮੁਕਤ ਸੰਜਮ। ਇਨ੍ਹਾਂ ਦਾ ਅਭਿਆਸ ਕਰਨ ਨਾਲ ਵਿਵਹਾਰ ਵਿਚ ਬਦਲਾਅ ਆਉਂਦਾ ਹੈ ਤੇ ਤਰੁੱਟੀਆਂ ਸਾਰੀਆਂ ਖਤਮ ਹੁੰਦੀਆਂ ਹਨ ਤੇ ਗੁਣ ਪ੍ਰਗਟ ਹੁੰਦੇ ਹਨ। ਪੰਜ ਨਿਯਮ ਹਨ - ਸਫਾਈ ਦੋਨੋਂ ਤਰ੍ਹਾਂ ਅੰਦਰ ਬਾਹਰ ਦੀ ਸਬਰ ਸੰਤੋਖ ਜਿਸ ਦੇ ਅਭਿਆਸ ਨਾਲ ਸਰੀਰ ਤੇ ਇੰਦ੍ਰੀਆਂ ਦੀ ਪੂਰਨਤਾ ਹੁੰਦੀ ਹੈ। ਗ੍ਰੰਥਾਂ ਨੂੰ ਪੜ੍ਹਨਾ ਉਨ੍ਹਾਂ ਤੇ ਵਿਚਾਰ ਕਰਨਾ ਤੇ ਅੰਤ ਵਿਚ ਪੂਰਣ ਸਮਰਪਣ ਆਉਂਦਾ ਹੈ। ਨਿਯਮ ਨਾਲ ਆਦਤਾਂ ਦਾ ਸੁਧਾਰ ਹੁੰਦਾ ਹੈ ਤੇ ਅੰਤ ਵਿਚ ਵਿਵਹਾਰ ਤੇ ਕਾਬੂ ਪਾਇਆ ਜਾਂਦਾ ਹੈ ਕੋਈ ਵੀ ਕੰਮ ਕੋਈ ਵੀ ਕ੍ਰਿਆ ਜਦੋਂ ਬਾਰ-ਬਾਰ ਕੀਤੀ ਜਾਵੇ ਉਹ ਆਦਤ ਬਣ ਜਾਂਦੀ ਹੈ। ਸਮਾਂ ਪਾ ਕੇ ਇਹ ਆਦਤਾਂ ਦਾ ਸਮੂੰਹ ਫੇਰ ਵਿਅਕਤੀਤਵ ਬਣ ਜਾਂਦਾ ਹੈ ਤੁਹਾਡੀ ਸਖਸ਼ੀਅਤ ਬਣ ਜਾਂਦੀ ਹੈ। ਜਿਹੜੇ ਰਾਜ ਯੋਗ ਦੇ ਮਾਰਗ ਤੇ ਚੱਲਣਾ ਸ਼ੁਰੂ ਕਰਦੇ ਹਨ ਉਨ੍ਹਾਂ ਨੂੰ ਯਮ ਨਿਯਮ ਦੇ ਅਭਿਆਸ ਲਈ ਹੱਲਾਸ਼ੇਰੀ ਦੇਣੀ ਚਾਹੀਦੀ ਹੈ। ਇਹ ਜ਼ਰੂਰੀ ਨਹੀਂ ਕਿ ਜਗਿਆਸੂ ਯਮ ਨਿਯਮ ਵਿਚ ਚੰਗੀ ਤਰ੍ਹਾਂ ਪਰਪੱਕ ਹੋ ਜਾਵੇ ਪਰ ਇਹ ਜ਼ਰੂਰੀ ਹੈ ਕਿ ਉਹ ਉਨ੍ਹਾਂ ਦਾ ਅਭਿਆਸ ਕਰਦਾ ਰਹੇ, ਅਭਿਆਸ ਕਰਨ ਨਾਲ ਉਹ ਅੰਤ ਪਰਪੱਕ ਹੋ ਹੀ ਜਾਵੇਗਾ। ਜਦੋਂ ਪੱਛਮ ਵਿਚ ਹੱਠ ਯੋਗ ਕਰਾਇਆ ਜਾਂਦਾ ਹੈ ਤਾਂ ਕੇਵਲ ਆਸਨ ਤੇ ਸ੍ਵਾਸ ਅਭਿਆਸ ਹੀ ਕਰਾਇਆ ਜਾਂਦਾ ਹੈ। ਯਮ ਨਿਯਮ ਛੱਡ ਹੀ ਦਿਤੇ ਜਾਂਦੇ ਹਨ ਕਿਉਂ ਇਹ ਔਖੇ ਹਨ ਇਨ੍ਹਾਂ ਨੂੰ ਕਰਾਉਣ ਤੋਂ ਭਾਵ ਹੈ ਜੀਵਨ ਜੀਉਣ ਦਾ ਤਰੀਕਾ ਬਦਲਣਾ ਜੋ ਕਿ ਉਨ੍ਹਾਂ ਲੋਕਾਂ ਲਈ ਕਰਨਾ ਬਹੁਤ ਹੀ ਔਖਾ ਹੈ। ਇਨ੍ਹਾਂ ਕਾਰਣਾਂ ਕਰਕੇ ਹੱਠ ਯੋਗ ਇਹ ਸਰੀਰ ਨੂੰ ਠੀਕ ਰੱਖਣ ਦਾ ਸਰੀਰ ਨੂੰ ਸੋਹਣਾ ਬਣਾਉਣ ਦਾ ਢੰਗ ਹੀ ਬਣ ਕੇ ਰਹਿ ਗਿਆ ਹੈ। ਆਸਨ ਤੇ ਸ੍ਵਾਸ ਅਭਿਆਸ ਨਾਲ ਸਰੀਰਕ ਸੁਅਸਥਤਾ ਤੇ ਸਰੀਰਕ ਇਕਸਾਰਤਾ ਬਣਦੀ ਹੈ। ਪਰ ਇਨ੍ਹਾਂ ਦਾ ਪੂਰਾ ਪੂਰਾ ਲਾਭ ਤਾਂ ਉਸੇ ਨੂੰ ਹੀ ਪ੍ਰਾਪਤ ਹੁੰਦਾ ਹੈ ਜਿਸ ਦਾ ਮਨ ਹਰ ਵਿਕਾਰ ਤੋਂ ਉਪਰ ਹੈ ਕੋਈ ਚੀਜ਼ ਖਿਚਦੀ ਨਹੀਂ ਤੇ ਇਹ ਗੁਣ ਯਮ ਨਿਯਮ ਨਾਲ ਹੀ ਆਉਂਦੇ ਹਨ। ਯਮ ਨਿਯਮ ਨਾਲ ਹੀ ਮਨ ਸਮਾਚਿਤ ਰਹਿ ਸਕਦਾ ਹੈ।

ਰਾਜ ਯੋਗ ਦੀ ਤੀਸਰੀ ਪੌੜੀ ਹੈ ਆਸਨ, ਆਸਨ ਦੋ ਪ੍ਰਕਾਰ ਦੇ ਹਨ ਇਕ ਹੈ ਮੈਡੀਟੇਸ਼ਨ ਕਰਨ ਦੇ ਆਸਨ ਜਿਨ੍ਹਾਂ ਨਾਲ ਚੰਗੀ ਸਿਹਤ ਤੇ ਠੀਕ ਸਰੀਰ ਸੁਅਸਥ ਸਰੀਰ ਹੋਣਾ ਦੱਸਿਆ ਜਾਂਦਾ ਹੈ। ਜਦੋਂ ਲਗਾਤਾਰ ਮੈਡੀਟੇਸ਼ਨ ਕਰਦੇ ਰਹੋ ਉਸ ਨਾਲ ਮਨ ਦੀ ਸਥਿਤਰਤਾ ਆਉਂਦੀ ਹੈ ਮਨ ਤੇ ਸਰੀਰ ਦੀ ਇਕਸੁਰਤਾ ਤੇ ਇਕਾਗਰਤਾ ਆਉਂਦੀ ਹੈ। ਜੇ ਸਰੀਰ ਤੰਗ ਹੈ, ਬੇਆਰਾਮ ਹੈ, ਸਥਿਰ ਨਹੀਂ ਉਸ ਦਾ ਪ੍ਰਭਾਵ ਮਨ ਤੇ ਪੈਂਦਾ ਹੈ ਤੇ ਮਨ ਵੀ ਸਥਿਰ ਨਹੀਂ ਰਹਿੰਦਾ ਤੇ ਦੂਸਰੇ ਪਾਸੇ ਖਿਚਿਆ ਜਾਂਦਾ ਹੈ। ਅਭਿਆਸ ਨਾਲ ਇਹ ਪਤਾ ਲੱਗਾ ਹੈ ਕਿ ਮੈਡੀਟੇਸ਼ਨ ਕਰਨ ਸਮੇਂ ਸਰੀਰ ਦੇ ਬੈਠਣ ਦਾ ਢੰਗ ਆਰਾਮਦੇਹ ਹੋਣਾ ਚਾਹੀਦਾ ਹੈ, ਸਿਰ, ਰੀੜ੍ਹ ਦੀ ਹੱਡੀ ਪਿੱਠ ਬਿਲਕੁਲ ਸਿੱਧੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਸਰੀਰ ਬਿਲਕੁਲ ਸਥਿਰ ਰਹਿ ਸਕਦਾ ਹੈ ਤੇ ਸਰੀਰ ਤੇ ਮਨ ਵਿਚ ਬੇਆਰਾਮੀ ਨਹੀਂ ਹੁੰਦੀ। ਜਗਿਆਸੂ ਨੂੰ ਸੋਚ ਸਮਝ ਕੇ ਹੀ ਬੈਠਣ ਦਾ ਢੰਗ ਚੁਣਨਾ ਚਾਹੀਦਾ ਹੈ ਤੇ ਉਹ ਘੜੀ ਘੜੀ ਬਦਲਣਾ ਨਹੀਂ ਚਾਹੀਦਾ ਹੈ। ਦੂਸਰੀ ਤਰ੍ਹਾਂ ਦੇ ਆਸਨ ਵੱਖ-ਵੱਖ ਪੱਠਿਆਂ ਨੂੰ ਕਾਬੂ ਕਰਦੇ ਹਨ ਨਾੜੀਆਂ ਤੇ ਕਾਬੂ ਪਾਉਂਦੇ ਹਨ ਇਸ ਤਰ੍ਹਾਂ ਉਨ੍ਹਾਂ ਨਾਲ ਸਰੀਰ ਨੂੰ ਆਰਾਮ ਮਿਲਦਾ

ਹੈ। ਮਿਸਾਲ ਵਜੋਂ ਯੋਗੀਆਂ ਨੇ ਮਿਰਗੀ ਤਕ ਦੇ ਰੋਗ ਠੀਕ ਕੀਤੇ ਹਨ ਇਹ ਠੀਕ ਕਰਨ ਲਈ ਉਨ੍ਹਾਂ ਨੇ ਮਾਯੂਰ ਆਸਨ ਕਰਵਾਇਆ ਤੇ ਸਰੀਰ ਨੂੰ ਨਿਸਲ ਕਰਕੇ ਆਰਾਮ ਕਰਨ ਲਈ ਸ਼ਵਆਸਨ ਕੀਤਾ ਜਾਂਦਾ ਹੈ ਤੇ ਨਾਲ ਹੀ ਸ੍ਵਾਸ ਲੈਣ ਲਈ ਵੱਖ ਵੱਖ ਤਰੀਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਨਾਲ ਬਲੱਡ ਪਰੈਸ਼ਰ ਠੀਕ ਹੁੰਦਾ ਹੈ ਹਿਰਦੇ ਦੇ ਰੋਗ ਠੀਕ ਹੁੰਦੇ ਹਨ ਤੇ ਸਰੀਰ ਦੇ ਹੋਰ ਕਈ ਰੋਗ ਤੇ ਊਣਤਾਈਆਂ ਠੀਕ ਹੁੰਦੀਆਂ ਹਨ। ਖਾਸ ਖਾਸ ਆਸਨ ਤੇ ਜੋ ਰੋਗ ਉਨ੍ਹਾਂ ਨਾਲ ਠੀਕ ਹੁੰਦੇ ਹਨ ਉਹ ਵਖਰੇ ਜਗ੍ਹਾ ਤੇ ਦੱਸੇ ਜਾਣਗੇ।

ਰਾਜ ਦੀ ਚੌਥੀ ਪੌੜੀ ਤੇ ਪ੍ਰਾਣਾਯਾਮ ਜਾਂ ਕਹਿ ਲਓ ਕਿ ਪ੍ਰਾਣਾਂ ਨੂੰ ਕਾਬੂ ਕਰਨ ਦਾ ਵਾਈਟਲ ਸ਼ਕਤੀ ਨੂੰ ਜੋ ਸਰੀਰ ਨੂੰ ਚਲਾਉਂਦੀ ਹੈ ਤੇ ਮਨ ਤੇ ਕਾਬੂ ਕਰਨ ਦਾ ਤਰੀਕਾ। ਪ੍ਰਾਣਾਂ ਦਾ ਅਭਿਵਿਅੰਜਨ ਹੈ ਸ੍ਵਾਸ। ਪ੍ਰਾਣਾਯਾਮ ਨੂੰ ਸ੍ਵਾਸ ਵਿਗਿਆਨ ਵੀ ਕਿਹਾ ਜਾਂਦਾ ਹੈ, ਸ੍ਵਾਸਾਂ ਦੀ ਇਕਸੁਰਤਾ ਇਕਸਾਰਤਾ ਮਨ ਦੀ ਸਥਿਰਤਾ ਹੈ ਜੇ ਮਨ ਤੁਹਾਡਾ ਉਖੜਿਆ ਹੈ ਤਾਂ ਸ੍ਵਾਸ ਵੀ ਉਖੜੇ ਹੋਣਗੇ ਤੇ ਇਕ ਦੂਸਰੇ ਦੇ ਸਾਥੀ ਹਨ, ਪ੍ਰਭਾਵ ਪਾਉਂਦੇ ਹਨ। ਇਹ ਬੜੀ ਹੀ ਚੰਗੀ ਤਰ੍ਹਾਂ ਉਦੋਂ ਦੇਖਿਆ ਜਾ ਸਕਦਾ ਹੈ ਜੇ ਤੁਸੀਂ ਗੁੱਸੇ ਵਿਚ ਹੋਵੋ, ਕਿਸੇ ਗੱਲ ਤੋਂ ਤੁਸੀਂ ਉਤੇਜਿਤ ਹੋ ਇਨ੍ਹਾਂ ਸਾਰੀਆਂ ਹਾਲਾਤਾਂ ਵਿਚ ਸ੍ਵਾਸ ਛੇਤੀ ਚਲ ਰਹੇ ਹੋਣਗੇ, ਸ੍ਵਾਸ ਸਮ ਨਹੀਂ ਹੋਣਗੇ। ਇਸ ਕਰਕੇ ਜੇ ਰੋੜ ਸ੍ਵਾਸਾਂ ਦਾ ਅਭਿਆਸ ਕਰਦੇ ਰਹੋ ਪ੍ਰਾਣਾਯਾਮ ਕਰਦੇ ਰਹੋ, ਮਨ ਸ਼ਾਂਤ ਹੋਣ ਲਗ ਪੈਂਦਾ ਹੈ ਤੇ ਨਾਲ ਹੀ ਤੁਹਾਡੀਆਂ ਨਾੜੀਆਂ ਸ਼ੁੱਧ ਹੋ ਕੇ ਸ਼ਕਤੀਸ਼ਾਲ ਹੋ ਜਾਂਦੀਆਂ ਹਨ।

ਪੰਜਵੀਂ ਪੌੜੀ ਰਾਜ ਯੋਗ ਦੀ ਪ੍ਰਤੀਹਾਰ ਹੈ ਜਾਂ ਕਹਿ ਲਵੋ ਇੰਦਰੀਆਂ ਤੇ ਕਾਬੂ ਪਾਉਣਾ, ਮੋੜਨਾ। ਸਾਡਾ ਸਬੰਧ ਸੰਸਾਰ ਨਾਲ ਪੰਜ ਇੰਦਰੀਆਂ ਰਾਹੀਂ ਹੀ ਹੈ, ਸੁਣਨਾ, ਦੇਖਣਾ ਹੱਥ ਲਗਾ ਕੇ ਦੇਖਣਾ, ਖਾ ਕੇ ਦੇਖਣਾ, ਸੁੰਘਣਾ, ਇਨ੍ਹਾਂ ਇੰਦ੍ਰੀਆਂ ਦੀ ਹੀ ਭਟਕਣਾ ਹੈ। ਯੋਗ ਦੇ ਸ਼ਿਸ਼ ਨੂੰ ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਇੰਦ੍ਰੀਆਂ ਨੂੰ ਕਾਬੂ ਕਰਕੇ ਰੱਖੇ ਤੇ ਆਪਣੇ ਆਪ ਨੂੰ ਹਰ ਤਰ੍ਹਾਂ ਦੀ ਵਿਆਕੁਲਤਾ, ਵਿਘਨ ਤੋਂ ਦੂਰ ਰਹਿਣ ਨਵੇਕਲੇ ਰਹਿਣ, ਇਸ ਤਰ੍ਹਾਂ ਕਰਨ ਲਈ ਜਗਿਆਸੂ ਨੂੰ ਆਪਣੀਆਂ ਇੰਦ੍ਰੀਆਂ ਲਈ ਉਨ੍ਹਾਂ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ। ਇਹ ਮਾਨਸਿਕ ਪੱਧਰ ਤੇ ਹੀ ਕੀਤਾ ਜਾ ਸਕਦਾ ਹੈ ਕਿਉਂਕਿ ਇੰਦ੍ਰੀਆਂ ਤੇ ਕਾਬੂ ਉਨ੍ਹਾਂ ਨੂੰ ਅੰਤਰਮੁਖੀ ਕਰਨ ਲਈ ਤੁਹਾਨੂੰ ਇਕਾਗਰਤਾ ਦੀ ਲੋੜ ਹੈ।


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

**ਆਤਮ ਮਾਰਗ**

Monthly Magazine **ਮਾਸਿਕ ਪਤ੍ਰਿਕਾ**

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ....................

ਪਤਾ/Address ....................

....................

....................

....................Pin Code....................

Phone.................... E-mail :....................

ਮੈਂ....................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ....................ਮਿਤੀ....................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE**

ਦਸਖਤ....................

Gurdwara Ratwara Sahib, P.o. Mullanpur Garibdas, Distt. Ropar (Pb.) Pin - 140901

Phone : 0160-2255002, 0160-2255009, Email : atammarg1@yahoo.co.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 06, 13, 20, 27 ਅਗਸਤ।

**ਸੰਗਰਾਂਦ** – 16 ਅਗਸਤ, ਦਿਨ ਬੁੱਧਵਾਰ।

**ਪੂਰਨਮਾਸ਼ੀ** – 9 ਅਗਸਤ, ਦਿਨ ਬੁੱਧਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 26 ਅਗਸਤ 2006, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. Ropar (Pb)-140901 (India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ – ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ – ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ – ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ – ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ – ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ – 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |



RNI 61816/95

Postal Regd. No. CHD/0081/2006
PP/CHD-3/0003

# ਪੰਜਵੀਂ ਸਲਾਨਾ ਬਰਸੀ ਸਬੰਧੀ

## 28 ਤੋਂ 31 ਅਕਤੂਬਰ 2006

ਰਤਵਾੜਾ ਸਾਹਿਬ ਦੀ ਪਾਵਨ ਭੂਮੀ ਉਪਰ ਅੰਦਰਰਾਸਟਰੀ ਪ੍ਰਸਿਧਤਾ ਦੀ ਅਮਿਟ ਛਾਪ ਛੱਡਣ ਵਾਲੇ ਸਲਾਨਾ ਮਹਾਨ ਰੂਹਾਨੀ ਸਤਿਸੰਗ ਸਮਾਗਮ ਵਿਚ ਸ਼ਮੂਲਿਅਤ ਕਰਨ ਵਾਸਤੇ ਸੰਸਾਰ ਪ੍ਰਸਿੱਧ ਸਾਧੂ ਸੰਤ ਮਹਾਤਮਾ ਯੋਗੀ ਜਨਾਂ ਸਵਾਮੀਆਂ ਤੋਂ ਇਲਾਵਾ ਦੂਰ ਦਰਾਜ਼ ਵਿਦੇਸ਼ਾਂ ਦੇ ਪ੍ਰਵਾਸੀ ਪ੍ਰੇਮੀਆਂ ਨੂੰ ਉਚੇਚੇ ਤੌਰ ਤੇ ਬੇਨਤੀ ਹੈ ਕਿ ਹੁਣ ਤੋਂ ਹੀ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਫਲਾਈਟ ਜਹਾਜੀ ਟਿਕਟਾਂ ਅਗਾਉਂ ਹੀ ਬੁੱਕ ਕਰਵਾ ਕੇ ਸਮਾਗਮ ਪ੍ਰਬੰਧਕਾਂ ਨੂੰ ਸੂਚਿਤ ਕਰਨ ਦੀ ਕ੍ਰਿਪਾਲਤਾ ਕਰਨੀ ਜੀ ਤਾਂ ਜੋ ਪੂਰੀ ਤਰ੍ਹਾਂ ਨਾਲ ਰਿਹਾਇਸ਼ ਅਤੇ ਆਵਾਜਾਈ ਸਾਧਨਾਂ ਦਾ ਸੁਚੱਜਾ ਪ੍ਰਬੰਧ ਕੀਤਾ ਜਾ ਸਕੇ।

ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦਾ ਮਹਾਂ ਸਮਾਧੀ ਦਿਵਸ

ਮਹਾਂਪੁਰਸ਼ਾਂ ਦੇ ਨਿਕਟ ਵਰਤੀ ਤੱਖਰ ਬਰਦਰਜ਼ ਸਾਊਥਹਾਲ ਇੰਗਲੈਂਡ 'ਵਾਲਿਆਂ ਵੱਲੋਂ ਹਰ ਸਾਲ ਗੁਰੂ ਮਹਾਰਾਜ ਜੀ ਦੀ ਬਖਸ਼ੀ ਕਿਰਤ ਕਮਾਈ ਵਿਚੋਂ ਬੇਅੰਤ ਮਾਇਆ ਖਰਚ ਕੇ ਬਹੁਤ ਵੱਡੀ ਪੱਧਰ ਦੇ ਉਪਰ ਅੱਖਾਂ ਦੇ ਅਪਰੇਸ਼ਨ, ਲੈਂਜ਼, ਐਨਕਾਂ ਅਤੇ ਦਵਾਈਆਂ ਦਾ ਪੂਰਾ ਪੂਰਾ ਪ੍ਰਬੰਧ ਕੀਤਾ ਜਾਂਦਾ ਹੈ ਇਸ ਵਾਰੀ ਵੀ ਪਰਉਪਕਾਰੀ ਆਪਣੇ ਪਿਆਰੇ ਦੀ ਯਾਦ ਅੰਦਰ ਮਿਤੀ 28 ਅਕਤੂਬਰ ਨੂੰ [illegible] ਦੇ ਕੈਂਪ ਸਵੇਰੇ 9.00 ਵਜੇ ਰਤ[illegible] ਸਾਹਿਬ ਲਗਵਾਏ ਜਾਣਗੇ।